

ਗੁਰਦੀਪ ਸਿੰਘ ਅਣਖੀ ਨਾਲ ਮੁਲਾਕਾਤ ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਤਮਾਮ ਉਮਰ ਝਮੇਲੇ
ਪਰੇ ਨਹੀਂ ਹੁੰਦੇ
ਘਰਾਂ 'ਚ ਹੋ ਕੇ ਵੀ
ਲੋਕੀਂ ਘਰੇ ਨਹੀਂ ਹੁੰਦੇ।

- ਕਵਿੰਦਰ ਚਾਂਦ


Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 19 ਫਰਵਰੀ 2023 www.nawanzamana.in ਕੀਮਤ 5.00 ਰੁਪਏ


ਯਾਤਰਾ ਪ੍ਰਸੰਗ

# ਗੁਲਾਬੀ ਸ਼ਹਿਰ ਦੀ ਸੈਰ

## ਮੁਹੰਮਦ ਅੱਬਾਸ ਧਾਲੀਵਾਲ

ਆਪਣੇ ਵਿਦਿਆਰਥੀ ਜੀਵਨ 'ਚ ਮੈਨੂੰ ਯਾਦ ਹੈ ਦਸੰਬਰ 1995 ਦੀਆਂ ਆਖਰੀ ਤਾਰੀਖਾਂ ਵਿੱਚ ਅਸੀਂ ਮਨੋਵਿਗਿਆਨ ਦੇ ਵਿਦਿਆਰਥੀ ਮਾਲੇਰਕੋਟਲਾ ਦੇ ਸਰਕਾਰੀ ਕਾਲਜ 'ਚੋਂ ਇੱਕ ਪੰਜ ਦਿਨਾਂ ਟੂਰ 'ਤੇ ਗਏ ਸਾਂ ਤੇ ਇਸ ਦੌਰਾਨ ਸਭ ਤੋਂ ਪਹਿਲਾਂ ਅਸੀਂ ਭਾਰਤ ਦੇ ਗੁਲਾਬੀ ਸ਼ਹਿਰ ਰਾਜਸਥਾਨ ਦੀ ਰਾਜਧਾਨੀ ਜੈਪੁਰ ਪਹੁੰਚੇ ਸਾਂ ਅਤੇ ਸ਼ਹਿਰ 'ਚ ਵੱਖ-ਵੱਖ ਕਿਲ੍ਹੇ ਵੇਖੇ ਸਨ। ਜੈਪੁਰ ਦੀ ਸੈਰ ਕਰਨ ਤੋਂ ਬਾਅਦ ਫਤਹਿਪੁਰ ਸਿਕਰੀ, ਆਗਰੇ ਦਾ ਤਾਜ ਮਹਿਲ ਤੇ ਦਿੱਲੀ ਦੀਆਂ ਕਈ ਇਤਿਹਾਸਕ ਥਾਵਾਂ ਸਮੇਤ ਜਾਮਾ ਮਸਜਿਦ, ਲਾਲ ਕਿਲ੍ਹਾ ਤੇ ਕੁਤਬ ਮੀਨਾਰ ਦੇ ਦੀਦਾਰ ਕੀਤੇ ਸਨ।

ਆਪਣੀ ਉੱਚ ਦੀ ਪੜ੍ਹਾਈ ਕਰਨ ਉਪਰੰਤ ਫਿਰ ਕਦੇ ਜੈਪੁਰ ਜਾਣ ਦਾ ਸਬੱਬ ਨਹੀਂ ਬਣਿਆ, ਹਾਲਾਂਕਿ ਮੁੰਬਈ ਜਾਂਦਿਆਂ ਹੋਇਆਂ ਟ੍ਰੇਨ ਜੈਪੁਰ ਦੇ ਵਿਚ ਦੀ ਜ਼ਰੂਰ ਲੰਘੀ, ਪਰ ਦਿਲ ਵਿੱਚ ਜੈਪੁਰ ਨੂੰ ਦੁਬਾਰਾ ਤੋਂ ਵੇਖਣ ਦੀ ਇੱਕ ਤਾਂਘ ਹਮੇਸ਼ਾ ਬਣੀ ਰਹੀ।

ਵੈਸੇ ਅੱਜ ਦੀ ਭੱਜਦੌੜ ਵਾਲੀ ਜ਼ਿੰਦਗੀ 'ਚ ਬੰਦੇ ਲਈ ਆਪਣੇ ਵਾਸਤੇ ਵਿਸ਼ੇਸ਼ ਤੌਰ 'ਤੇ ਸੈਰ-ਓ-ਤਫਰੀਹ ਲਈ ਸਮਾਂ ਕੱਢਣਾ ਵੀ ਜਿਵੇਂ ਸ਼ੇਰ ਦੇ ਮੂੰਹੋਂ ਬੋਟੀ (ਮੀਟ ਦਾ ਟੁਕੜਾ) ਖੋਹਣ ਦੇ ਤੁਲ ਜਾਪਦੈ। ਜਿਵੇਂ ਕਿ ਮੈਂ ਪਹਿਲਾਂ ਆਖਿਆ ਕਿ ਪਿਛਲੇ ਕਈ ਸਾਲਾਂ ਤੋਂ ਮੈਂ ਜੈਪੁਰ ਘੁੰਮਣ ਦੀ ਇੱਕ ਖਾਹਿਸ਼ ਪਾਲੀ ਬੈਠਾਂ ਹਾਂ, ਪਰ ਅੱਜਕੱਲ੍ਹ ਘਰ ਦੀਆਂ ਕਬੀਲਦਾਰੀਆਂ ਦੀਆਂ ਤੰਦਾਂ ਇਸ ਕਦਰ ਉਲਝਣਮਈ ਹੋ ਗਈਆਂ ਹਨ ਕਿ ਬੰਦਾ ਚਾਹੁੰਦੇ ਹੋਏ ਵੀ ਆਪਣੀ ਸੈਰ ਓ ਤਫਰੀਹ ਲਈ ਸਮਾਂ ਨਹੀਂ ਕੱਢ ਪਾ ਰਿਹਾ।

ਵੈਸੇ ਸਬੱਬ ਨਾਲ ਜੇਕਰ ਬੰਦੇ ਨੂੰ ਕਦੇ ਫੁਰਸਤ ਨਾਲ ਫੁਰਸਤ ਮਿਲ ਵੀ ਜਾਏ ਤਾਂ ਰੇਲ ਗੱਡੀਆਂ 'ਚ ਬੁਕਿੰਗ ਦਾ ਇਸ ਕਦਰ ਰਸ਼ ਹੁੰਦਾ ਹੈ ਕਿ ਵੇਟਿੰਗ ਲਿਸਟ ਨੂੰ ਵੇਖ ਕੇ ਚੰਗੇ-ਭਲੇ ਬੰਦਾ ਦਾ ਚਿੱਤ ਘਾਊ-ਮਾਊਂ ਕਰਨ ਲੱਗਦਾ ਹੈ।

ਬਿਲ-ਆਖਿਰ ਕਾਫੀ ਜੱਦੋਜਹਿਦ ਬਾਅਦ ਮੈਂ (ਨੌਕਰੀਪੇਸ਼ਾ ਹੋਣ ਦੇ ਚਲਦਿਆਂ) ਸ਼ਨੀਵਾਰ ਤੇ ਐਤਵਾਰ ਦੀ ਛੁੱਟੀ ਦਾ ਲਾਹਾ ਲੈਂਦਿਆਂ, ਸ਼ੁੱਕਰਵਾਰ ਸ਼ਾਮੀਂ 3.55 ਤੇ ਹਿਸਾਰ ਤੋਂ ਜੈਪੁਰ ਲਈ ਗੱਡੀ ਦੀਆਂ ਦੋ ਸਲੀਪਰ ਸੀਟਾਂ ਬੁੱਕ ਕਰਵਾ ਹੀ ਲਈਆਂ, ਕਿਉਂਕਿ ਜੋ ਮਾਲੇਰਕੋਟਲਾ ਤੋਂ ਸਿੱਧੀ ਅਜਮੇਰ ਜਾਣ ਵਾਲੀ ਐਕਸਪ੍ਰੈੱਸ ਟ੍ਰੇਨ ਚੱਲਦੀ ਸੀ, ਉਹ ਪਿਛਲੇ ਲੰਮੇ ਸਮੇਂ ਤੋਂ ਕੈਂਸਲਡ ਚਲੀ ਆ ਰਹੀ ਹੈ। ਇਸ ਲਈ ਇੱਕ ਦੋਸਤ ਦੇ ਮਸ਼ਵਰੇ 'ਤੇ ਅਮਲ ਕਰਦਿਆਂ ਸੋਚਿਆ ਕਿ ਮਾਲੇਰਕੋਟਲਾ ਤੋਂ ਪੈਸੰਜਰ ਫੜ ਹਿਸਾਰ ਚਲਾ ਜਾਵਾਂਗਾ ਤੇ ਫਿਰ ਉਥੋਂ ਸਿੱਧੀ ਜੈਪੁਰ ਨੂੰ ਇੱਕ ਸਪੈਸ਼ਲ ਟ੍ਰੇਨ ਜੋ ਰਾਤੀਂ 12.45 'ਤੇ ਚੱਲਦੀ ਹੈ। ਉਹਨੂੰ ਫੜ ਜੈਪੁਰ ਜਾਵਾਂਗਾ। ਉਕਤ ਟ੍ਰੇਨ ਦਾ ਮਸ਼ਵਰਾ ਦੇਣ ਵਾਲੇ ਦੋਸਤ ਨੇ ਇਹ ਵੀ ਦੱਸਿਆ ਕਿ ਮੌਜੂਦਾ ਸਰਕਾਰ ਨੇ ਲਾਕ-ਡਾਊਨ ਦੇ ਦਿਨਾਂ ਵਿੱਚ ਕਾਫੀ ਗੱਡੀਆਂ ਬੰਦ ਕਰ ਦਿੱਤੀਆਂ ਹਨ ਤੇ ਜਿਨ੍ਹਾਂ 'ਚੋਂ ਬਹੁਤ ਸਾਰੀਆਂ ਹਾਲੇ ਤੱਕ ਚਾਲੂ ਨਹੀਂ ਹੋਈਆਂ। ਉਸ ਦੇ ਦੱਸਣ ਅਨੁਸਾਰ ਹਿਸਾਰ ਤੋਂ ਜੈਪੁਰ ਲਈ ਜੋ ਸਪੈਸ਼ਲ ਗੱਡੀ ਚੱਲਦੀ ਹੈ, ਉਹ ਵੀ ਕੋਈ ਐਕਸਪ੍ਰੈੱਸ ਟ੍ਰੇਨ ਨਹੀਂ ਸਗੋਂ ਇੱਕ ਪੈਸੰਜਰ ਗੱਡੀ ਹੀ ਹੈ, ਜਿਸ ਦਾ ਕੇਵਲ ਨਾਂਅ ਬਦਲ ਕੇ ਸਪੈਸ਼ਲ ਕਰ ਦਿੱਤਾ ਹੈ ਤੇ ਕਿਰਾਏ 'ਚ ਵੀ ਚੋਖਾ ਵਾਧਾ ਕੀਤਾ ਗਿਆ ਹੈ ।

ਉਧਰ ਮੇਰੇ ਅਚਾਨਕ ਪ੍ਰੋਗਰਾਮ ਬਣਾਉਣ 'ਤੇ ਇੱਕ ਵਾਰ ਤਾਂ ਮੈਡਮ (ਮੇਰੇ ਘਰ ਵਾਲੀ) ਸੋਚਾਂ ਵਿੱਚ ਪੈ ਗਈ। ਦਰਅਸਲ ਮੇਰੀ ਮੈਡਮ ਬਹੁਤ ਘੱਟ-ਵੱਧ ਹੀ ਬਾਹਰ ਨਿਕਲਦੀ ਹੈ। ਉਂਝ ਉਸ ਨੂੰ ਸਫਰ ਕਰਨ ਦਾ ਸ਼ੌਕ ਤਾਂ ਹੈ, ਪਰ ਦੂਰ-ਦਰਾਜ ਦੇ ਸਫਰ ਤੋਂ ਹਮੇਸ਼ਾ ਗੁਰੇਜ਼ ਕਰਦੀ ਹੈ ਜਾਂ ਇੰਝ ਕਹਿ ਲਵੋ "ਮੁੱਲਾਂ ਦੀ ਦੌੜ ਮਸੀਤ ਤੱਕ" ਤੇ ਮੇਰੀ ਮੈਡਮ ਦੀ ਦੌੜ "ਪੇਕਿਆਂ ਤੱਕ" ਪਤਾ ਨਹੀਂ ਇੱਕ ਅਣਪਛਾਤਾ ਜਿਹਾ ਡਰ ਹੈ ਓਸ ਦੇ ਮਨ ਅੰਦਰ, ਦਰਅਸਲ ਮੈਂ ਓਸੇ ਡਰ ਨੂੰ ਕੱਢਣ ਦੇ ਮਾਰੇ ਨੇ ਹੀ ਇਹ ਪ੍ਰੋਗਰਾਮ ਉਸ ਨੂੰ ਬਿਨਾਂ ਦੱਸੇ ਇੱਕ ਦਮ ਬਣਾਇਆ ਸੀ। ਵੈਸੇ ਵੀ ਗ੍ਰਿਹਸਥੀ ਵਿਚ ਲੀਨ ਰਹਿਣ ਵਾਲੀਆਂ ਜ਼ਨਾਨੀਆਂ ਘਰੋਂ ਬਾਹਰ ਨਿਕਲਣ ਲੱਗਿਆਂ ਕਾਫੀ ਸੋਚਦੀਆਂ ਹਨ, ਉਨ੍ਹਾਂ ਨੂੰ ਫਿਕਰ ਹੁੰਦੀ ਹੈ ਕਿ ਜੇ ਉਹ ਘਰੋਂ ਬਾਹਰ ਗਈਆਂ ਤਾਂ ਘਰ 'ਚ ਸਫਾਈ ਨਹੀਂ ਹੋਏਗੀ, ਘਰ ਗਰਦ ਓ ਗੁਬਾਰ ਨਾਲ ਭਰ ਜਾਏਗਾ ਤੇ ਧੋਣ ਵਾਲੇ ਕੱਪੜੇ ਇਕੱਠੇ ਹੋ ਜਾਣਗੇ। ਇਸ ਤਰ੍ਹਾਂ ਦੇ ਸੌ ਕਿਸਮ ਦੇ ਸ਼ੰਕੇ ਔਰਤਾਂ ਦੇ ਮਨ ਅੰਦਰ ਘਰ ਕਰ ਜਾਂਦੇ ਨੇ। ਵੈਸੇ ਮੈਂ ਮੈਡਮ ਨੂੰ ਕਈ ਵਾਰ ਕਿਹਾ ਹੈ ਕਿ ਤੇਰਾ ਹੱਥ ਵਟਾਉਣ ਲਈ ਕੋਈ ਮੁਲਾਜ਼ਮ (ਨੌਕਰਾਣੀ) ਰੱਖ ਲੈਂਦੇ ਹਾਂ, ਪਰ ਉਹ ਕਦੇ ਵੀ ਇਸ ਗੱਲ ਲਈ ਰਾਜ਼ੀ ਨਹੀਂ ਹੁੰਦੀ। ਇਸ ਸੰਬੰਧੀ ਉਸ ਦਾ ਇਹੋ ਕਹਿਣਾ ਹੁੰਦਾ ਹੈ ਕਿ ਉਸ ਨੂੰ ਕਿਸੇ ਦੇ ਕੀਤੇ ਕੰਮ 'ਤੇ ਵਿਸ਼ਵਾਸ ਨਹੀਂ। ਦਰਅਸਲ ਉਸ ਨੂੰ ਆਪਣੇ ਹੱਥੀਂ ਕੰਮ ਕਰਕੇ ਹੀ ਤਸੱਲੀ ਹੁੰਦੀ ਹੈ। ਖੈਰ ਕਾਫੀ ਮੁਸ਼ੱਕਤ ਬਾਅਦ ਮੈਂ ਉਸ ਨੂੰ ਸਫਰ 'ਤੇ ਜਾਣ ਲਈ ਰਾਜ਼ੀ ਕਰਨ 'ਚ ਕਾਮਯਾਬ ਹੋ ਗਿਆ।

ਸ਼ਾਮੀਂ 6.25 ਦਾ ਟਾਈਮ ਸੀ। ਗੱਡੀ ਦਾ ਇਸ ਘੰਟੇ ਡੇਢ ਘੰਟੇ 'ਚ ਹੀ ਦੋਵਾਂ ਦੇ ਕੱਪੜੇ ਆਦਿ ਬੈਗ 'ਚ ਰੱਖੇ। ਉਂਝ ਮੈਂ ਪਹਿਲਾਂ-ਪਹਿਲ ਬਹੁਤ ਵਾਰ ਸਰਕਾਰੀ ਤੇ ਗੈਰ-ਸਰਕਾਰੀ ਤੌਰ 'ਤੇ ਟੂਰ 'ਤੇ ਜਾਂਦਾ ਰਿਹਾ ਹਾਂ। ਸੋ ਮੇਰੀ ਘਰ ਵਾਲੀ ਲਈ ਜੋ ਪੈਕਿੰਗ ਕਰਨੀ ਮੁਸ਼ਕਲ ਸੀ, ਮੈਂ ਉਹ ਮਹਿਜ਼ ਪੰਜ-ਸੱਤ ਮਿੰਟਾਂ 'ਚ ਬੈਗ ਟਿਚਨ ਕਰਕੇ ਰੱਖ ਦਿੱਤਾ।

ਉਧਰ ਅਮਰੂਦ ਤੇ ਸੰਤਰੇ ਜੋ ਮੈਂ ਸਟੇਸ਼ਨ ਤੋਂ ਆਉਂਦੇ ਵਕਤ ਲੈ ਆਇਆ ਸੀ, ਉਹ ਵੀ ਇੱਕ ਲਿਫਾਫੇ 'ਚ ਪਾਏ ਤੇ ਨਾਲ ਇੱਕ ਪਲੇਟ, ਕਰਦ ਤੇ ਨਮਕ ਦੀ ਡੱਬੀ ਰੱਖ ਲਈ। ਸਫਰ 'ਚ ਸਟੇਸ਼ਨਾਂ ਤੋਂ ਤਲੀਆਂ ਚੀਜ਼ਾਂ ਖਾਣ ਤੋਂ ਚੰਗਾ ਹੈ ਰਸਤੇ 'ਚ ਫਰੂਟ ਖਾ ਲਓ, ਇਹ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਇਸ ਦੌਰਾਨ ਮਗਰਿਬ ਦੀ ਨਮਾਜ਼ (ਸੂਰਜ ਛਿਪਣ ਵੇਲੇ ਦੀ ਨਮਾਜ਼) ਦਾ ਸਮਾਂ ਹੋ ਗਿਆ। ਮੈਂ ਪੁੱਤਰ ਅਨਸ ਅਤੇ ਮੇਰੀ ਮੈਡਮ ਨੇ ਬਾ-ਜਮਾਅਤ ਘਰੇ ਹੀ ਨਮਾਜ਼ ਅਦਾ ਕੀਤੀ। ਇਸ ਉਪਰੰਤ ਅਨਸ ਨੂੰ ਕਿਹਾ ਕਿ ਉਹ ਸੜਕ ਤੋਂ ਈ-ਰਿਕਸ਼ਾ ਲੈ ਆਵੇ। ਇਸ ਉਪਰੰਤ ਉਹ ਕੁੱਝ ਹੀ ਮਿੰਟਾਂ 'ਚ ਰਿਕਸ਼ਾ ਲੈ ਆਇਆ। ਅਸੀਂ ਉਸ 'ਤੇ ਸਵਾਰ ਹੋ ਸਟੇਸ਼ਨ ਵੱਲ ਚਾਲੇ ਪਾ ਦਿੱਤੇ। ਸ਼ਹਿਰ 'ਚ ਲੱਗਭੱਗ ਸਭ ਮੇਨ ਸੜਕਾਂ ਦੀ ਪਿਛਲੇ ਕਈ ਸਾਲਾਂ ਕੀੜੀ ਦੀ ਚਾਲ ਨਾਲ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਲਿਹਾਜ਼ਾ ਆਟੋ ਵਾਲੇ ਨੇ ਰਿਕਸ਼ਾ ਗਲੀਆਂ 'ਚੋਂ ਦੀ ਕੱਢਦੇ ਹੋਇਆਂ ਰੇਲਵੇ ਟ੍ਰੈਕ ਦੇ ਨਾਲ ਲੱਗਦੀ ਸੜਕ 'ਤੇ ਪਾ ਲਿਆ। ਉਧਰੋਂ ਗੱਡੀ ਦੇ ਆਉਣ ਦੀਆਂ ਕੂਕਾਂ (ਹਾਰਨ ਦੀਆਂ ਆਵਾਜ਼ਾਂ) ਦੀ ਆਵਾਜ਼ ਆਉਣ ਲੱਗੀ।

ਮੈਂ ਆਟੋ ਚਾਲਕ ਨੂੰ ਹੱਲਾਸ਼ੇਰੀ ਦਿੰਦਿਆਂ ਹਿੰਮਤ ਨਾਲ ਸਟੇਸ਼ਨ ਵੱਲ ਜਾਣ ਲਈ ਕਿਹਾ। ਜਿਵੇਂ ਹੀ ਗੱਡੀ ਸਟੇਸ਼ਨ 'ਤੇ ਆ ਕੇ ਖੜ੍ਹੀ ਇਧਰੋਂ ਸਾਡਾ ਰਿਕਸ਼ਾ ਵੀ ਸਟੇਸ਼ਨ 'ਤੇ ਪਹੁੰਚ ਗਿਆ। ਮੈਂ ਰਿਕਸ਼ਾ ਵਾਲੇ ਨੂੰ ਚਾਲੀ ਰੁਪਏ ਦਿੱਤੇ ਤੇ ਫੌਰਨ ਆਪਣੇ ਬੈਗ ਲੈ ਕੇ ਉਤਰਿਆ ਤੇ ਟਿਕਟ ਖਿੜਕੀ ਵੱਲ ਲਪਕਿਆ, ਪੰਜ ਸੌ ਦਾ ਨੋਟ ਟਿਕਟ ਕੱਟਣ ਆਲੀ ਮੈਡਮ ਦੇ ਮੂਹਰੇ ਧਰਦਿਆਂ ਦੋ ਟਿਕਟਾਂ ਹਿਸਾਰ ਦੀਆਂ ਮੰਗੀਆਂ ਤੇ ਟਿਕਟ ਹਾਸਲ ਕਰ ਤੇ ਬਕਾਇਆ ਜੇਬ 'ਚ ਪਾ ਮੈਂ ਆਪਣੀ ਮੈਡਮ ਨਾਲ ਸਟੇਸ਼ਨ ਅੰਦਰ ਦਾਖਲ ਹੋਇਆ।

ਸਾਹਮਣੇ ਹੀ ਇੱਕ ਨੰਬਰ ਪਲੇਟਫਾਰਮ 'ਤੇ ਸਾਡੇ ਆਲੀ ਟ੍ਰੇਨ ਚੱਲਣ ਲਈ ਤਿਆਰ ਖੜ੍ਹੀ ਸੀ। ਅਸੀਂ ਦੋਵੇਂ ਇਕ ਡੱਬੇ ਵਿਚ ਜਾ ਚੜ੍ਹੇ। ਡੱਬੇ 'ਚ ਕੋਈ ਬਹੁਤੀ ਭੀੜ ਨਹੀਂ ਸੀ। ਮੈਂ ਕੁੱਝ ਯੁਵਕਾਂ ਨਾਲ ਜਾ ਬੈਠਿਆ, ਜੋ ਆਪਣੇ ਪਾਸ ਕੱਪੜਿਆਂ ਵਾਲੇ ਲਿਫਾਫਿਆਂ ਦਾ ਢੇਰ ਲਾਈ ਬੈਠੇ ਸਨ। ਮੈਂ ਉਨ੍ਹਾਂ ਨੂੰ ਹੱਸਦਿਆਂ ਆਖਿਆ, "ਲਗਦਾ ਹੈ ਲੁਧਿਆਣਿਓਂ ਸ਼ਾਪਿੰਗ ਕਰਕੇ ਆਏ ਹੋ!" ਉਨ੍ਹਾ ਕਿਹਾ, "ਹਾਂ ਜੀ! ਪਰਸੋਂ ਅਸੀਂ ਬਾਰਾਤ ਚੜ੍ਹਨਾ ਹੈ, ਪੈਂਟਾਂ, ਸ਼ਲਟਾਂ ਤੇ ਕੋਟ ਪੈਂਟ ਖਰੀਦ ਕੇ ਲਿਆਏ ਹਾਂ।"

ਮੈਂ ਪੁੱਛਿਆ ਤੁਸੀਂ ਕਿੱਥੇ ਜਾਣਾ ਹੈ, ਉਨ੍ਹਾਂ ਕਿਹਾ, "ਅਸੀਂ ਸੁਨਾਮ ਉਤਰਾਂਗੇ ਜੀ।"

ਇਸ ਦੌਰਾਨ ਗੱਡੀ ਚੱਲੀ ਤੇ ਥੋੜ੍ਹੀ ਦੇਰ ਬਾਅਦ ਧੂਰੀ ਸਟੇਸ਼ਨ 'ਤੇ ਜਾ ਖੜ੍ਹੀ, ਉਥੇ ਕਾਫੀ ਸਵਾਰੀਆਂ ਉੱਤਰੀਆਂ ਤੇ ਇਸ ਤੋਂ ਬਾਅਦ ਬਹੁਤ ਸਾਰੇ ਸਟੇਸ਼ਨ ਆਏ ਤੇ ਗੱਡੀ ਲੱਗਭੱਗ ਹਰ ਛੋਟੇ-ਵੱਡੇ ਸਟੇਸ਼ਨ 'ਤੇ ਰੁਕਦੀ ਗਈ।





ਇਸ ਦੌਰਾਨ ਇਸ਼ਾ (ਰਾਤ ਦੀ ਨਮਾਜ਼) ਦਾ ਸਮਾਂ ਹੋ ਗਿਆ। ਅਸੀਂ ਦੋਹਾਂ ਮੀਆਂ-ਬੀਵੀ ਨੇ ਇਸ਼ਾਰੇ ਨਾਲ ਸੀਟ 'ਤੇ ਬੈਠਿਆਂ-ਬੈਠਿਆਂ ਹੀ ਆਪਣੀ ਇਸ਼ਾ ਦੀ ਨਮਾਜ਼ ਅਦਾ ਕੀਤੀ ਤੇ ਗੱਡੀ ਆਪਣੀ ਮਸਤੀ 'ਚ ਚਲਦੀ ਰਹੀ। ਜਿਵੇਂ ਹੀ ਸਪੀਡ ਫੜਦੀ, ਤਦੇ ਹੀ ਕੋਈ ਸਟੇਸ਼ਨ ਆ ਜਾਂਦਾ ਤੇ ਉਹ ਰੁਕ ਜਾਂਦੀ। ਇਸ ਦੌਰਾਨ ਮੈਂ ਨਾਲ ਲਿਆਂਦੇ ਹੋਏ ਅਮਰੂਦਾਂ ਦੇ ਕਰਦ ਨਾਲ ਪੀਸ ਕੀਤੇ ਤੇ ਨਾਲ ਦੀਆਂ ਸਵਾਰੀਆਂ ਨੂੰ ਖਾਣ ਲਈ ਪੁੱਛਿਆ, ਪਰ ਕਿਸੇ ਨੂੰ ਜ਼ਿਆਦਾ ਮਜਬੂਰ ਨਹੀਂ ਕੀਤਾ ਮਖਿਆ ਅਗਲਾ ਕੁੱਝ ਗਲਤ ਮਤਲਬ ਨਾ ਕੱਢ ਲਏ, ਕਿਉਂਕਿ ਅੱਜਕੱਲ੍ਹ ਟ੍ਰੇਨਾਂ 'ਚ ਨਸ਼ੇ ਵਾਲੀਆਂ ਚੀਜ਼ਾਂ ਖਿਲਾ ਕੇ ਲੁੱਟਾਂ-ਖੋਹਾਂ ਕਰਨ ਵਾਲੀਆਂ ਬਹੁਤ ਸਾਰੀਆਂ ਵਾਰਦਾਤਾਂ ਅਕਸਰ ਸੁਣਨ ਨੂੰ ਮਿਲ ਜਾਂਦੀਆਂ ਹਨ, ਇਸ ਲਈ ਵੀ ਖਾਣ ਲਈ ਬਹੁਤਾ ਕਿਸੇ ਨੂੰ ਜ਼ੋਰ ਨਹੀਂ ਦਿੱਤਾ।

ਆਖਰਕਾਰ ਗੱਡੀ ਰਾਤੀਂ 10.10 'ਤੇ ਹਿਸਾਰ ਜੰਕਸ਼ਨ 'ਤੇ ਆ ਕੇ ਰੁਕ ਗਈ। ਇੱਥੇ ਇਹ ਪੂਰੀ ਤਰ੍ਹਾਂ ਖਾਲੀ ਹੋ ਵਿਹਲੀ ਹੋ ਇੱਕ ਲਾਈਨ 'ਤੇ ਇਸ ਤਰ੍ਹਾਂ ਆ ਖੜ੍ਹੀ, ਜਿਵੇਂ ਦਿਨ ਭਰ ਥੱਕੀ-ਟੁੱਟੀ ਨੇ ਆਪਣੀ ਥਕਾਵਟ ਉਤਾਰਨੀ ਹੋਏ।

ਉਧਰ ਜੈਪੁਰ ਜਾਣ ਵਾਲੀ ਟ੍ਰੇਨ ਵੀ ਦੂਜੇ ਪਾਸੇ ਸਾਹਮਣੇ ਖੜ੍ਹੀ ਸੀ। ਮੈਂ ਅਤੇ ਮੇਰੀ ਪਤਨੀ ਉਸ 'ਚ ਜਾ ਚੜ੍ਹੇ। ਮੋਬਾਈਲ ਦੀ ਟਾਰਚ ਜਲਾ ਅਸੀਂ ਦੋਵਾਂ ਨੇ ਆਪਣੀ ਸੀਟ ਲੱਭੀ। ਬੈਗ ਸੀਟ 'ਤੇ ਧਰ ਤੇ ਪਤਨੀ ਨੂੰ ਉਸ ਦੇ ਨੇੜੇ ਬਿਠਾ ਮੈਂ ਪਾਣੀ ਦੀ ਬੋਤਲ ਤੇ ਚਾਹ ਲੈਣ ਲਈ ਡੱਬੇ 'ਚੋਂ ਹੇਠਾਂ ਆ ਗਿਆ ।

ਜਦੋਂ ਦੋਵੇਂ ਚੀਜ਼ਾਂ ਲੈ ਕੇ ਮੈਂ ਡੱਬੇ ਵੱਲ ਵਧਿਆ ਤਾਂ ਮੇਰੀ ਮੈਡਮ ਪਹਿਲਾਂ ਹੀ ਡੱਬੇ ਦੇ ਦਰਵਾਜ਼ੇ ਮੂਹਰੇ ਖੜ੍ਹੀ ਸੀ। ਉਸ ਨੇ ਪਾਣੀ ਬੋਤਲ ਮੇਰੇ ਹੱਥੋਂ ਫੜੀ ਤੇ ਮੇਰਾ ਇੱਕ ਹੱਥ ਵਿਹਲਾ ਕੀਤਾ। ਮੈਂ ਡੱਬੇ ਦੇ ਦਰਵਾਜ਼ੇ ਨਾਲ ਲੱਗੇ ਸਟੀਲ ਪਾਈਪ ਨੂੰ ਫੜ ਪੌੜੀਆਂ ਚੜ੍ਹ ਅੰਦਰ ਜਾ ਵੜਿਆ ਤੇ ਦੋਵਾਂ ਨੇ ਮੁੜ ਆਪਣੀਆਂ ਸੀਟਾਂ ਆ ਮੱਲੀਆਂ ਤੇ ਘਰੋਂ ਨਾਲ ਲਿਆਂਦੇ ਬ੍ਰੈਡ ਦਾ ਪੈਕਟ ਤੇ ਆਮਲੇਟ ਲਿਫਾਫੇ ਕੱਢੇ ਤੇ ਚਾਹ ਦੀਆਂ ਚੁਸਕੀਆਂ ਲੈਣ ਦੇ ਨਾਲ-ਨਾਲ ਉਹਨਾਂ ਨੂੰ ਖਾਂਦੇ ਰਹੇ। ਇਸ ਦੌਰਾਨ ਦੋ ਨੌਜਵਾਨ ਤੇ ਇੱਕ ਉਨ੍ਹਾਂ ਦੀ ਮਾਤਾ ਵੀ ਸਾਡੀ ਸੀਟ ਲਾਗੇ ਆ ਗਏ। ਮੈਂ ਉਨ੍ਹਾਂ ਨੂੰ ਪੁੱਛਿਆ ਤੁਸੀਂ ਪੰਜਾਬੀ ਹੋ। ਉਨ੍ਹਾਂ ਕਿਹਾ ਹਾਂ ਜੀ। ਅਸੀਂ ਨਾਭੇ ਤੋਂ ਹਾਂ। ਸਫਰ ਵਿਚ ਕੋਈ ਆਪਣੇ ਇਲਾਕੇ ਦਾ ਬੰਦਾ ਮਿਲ ਜਾਏ ਤਾਂ ਇੱਕ ਕਿਸਮ ਦਾ ਹੌਸਲਾ ਜਿਹਾ ਮਿਲ ਜਾਂਦਾ ਹੈ।

ਪੌਣੇ ਇੱਕ ਵਜੇ ਗੱਡੀ ਚੱਲ ਪਈ ਤੇ ਅਸੀਂ ਆਪਣੀਆਂ ਸੀਟਾਂ 'ਤੇ ਉੱਪਰ ਕੱਪੜਾ ਲੈ ਸੌਣ ਦੀ ਨਾਕਾਮ ਕੋਸ਼ਿਸ਼ ਕਰਨ ਲੱਗੇ। ਵੈਸੇ ਗੱਡੀ 'ਚ ਕਦੀ-ਕਦਾਈਂ ਸਫਰ ਕਰਨ ਵਾਲਿਆਂ ਨੂੰ ਨੀਂਦ ਘੱਟ ਹੀ ਆਉਂਦੀ ਹੈ, ਬਸ ਢੂਹੀ ਸਿੱਧੀ ਹੋ ਜਾਂਦੀ ਹੈ।

ਇਸ ਦੌਰਾਨ ਬਹੁਤ ਸਾਰੇ ਅਨਜਾਣ ਨਾਵਾਂ ਵਾਲੇ ਸਟੇਸ਼ਨਾਂ ਤੋਂ ਹੋ ਕੇ ਰੁਕਦੀ ਹੋਈ ਗੱਡੀ ਆਖਿਰ ਜੈਪੁਰ ਦੇ ਸਟੇਸ਼ਨ ਅੱਪੜ ਗਈ।

ਗੱਡੀ 'ਚੋਂ ਉਤਰਨ ਉਪਰੰਤ ਸਭ ਤੋਂ ਪਹਿਲਾਂ ਆਟੋ ਕਰ ਅਸੀਂ ਇੱਕ ਹੋਟਲ ਦਾ ਰੁਖ ਕੀਤਾ ਤੇ ਪਰੂਫ ਵਜੋਂ ਆਧਾਰ ਕਾਰਡ ਦੀਆਂ ਫੋਟੋ ਕਾਪੀਆਂ ਜਮ੍ਹਾ ਕਰਵਾ ਇੱਕ ਕਮਰਾ ਬੁੱਕ ਕੀਤਾ। ਕਮਰੇ 'ਚ ਫਰੈਸ਼ ਹੋਣ ਉਪਰੰਤ ਕੁੱਝ ਘੰਟੇ ਆਰਾਮ ਕੀਤਾ ਤੇ ਦੁਪਹਿਰ ਤੋਂ ਬਾਅਦ ਹੋਟਲੋਂ ਬਾਹਰ ਆ ਕੇ ਇੱਕ ਈ ਰਿਕਸ਼ਾ ਕਰ ਸਭ ਤੋਂ ਪਹਿਲਾਂ ਹਵਾ ਮਹਿਲ ਦਾ ਰੁਖ ਕੀਤਾ। ਟਿਕਟ ਖਿੜਕੀ ਤੋਂ ਪੰਜਾਹ-ਪੰਜਾਹ ਦੋ ਟਿਕਟ ਲੈ ਹਵਾ ਮਹਿਲ ਦੇ ਦੁਆਰ ਅੰਦਰ ਪ੍ਰਵੇਸ਼ ਕੀਤਾ। ਹਵਾ ਮਹਿਲ ਉਪਰੋਥਲੀ ਪੰਜ ਮੰਜ਼ਲਾਂ ਚੜ੍ਹ ਸਾਰਾ ਘੁੰਮ-ਫਿਰ ਕੇ ਚੰਗੀ ਤਰ੍ਹਾਂ ਵੇਖਿਆ। ਇੱਥੇ ਹਵਾ ਮਹਿਲ ਦੇ ਇਤਿਹਾਸ 'ਤੇ ਰੋਸ਼ਨੀ ਪਾਉਣਾ ਜ਼ਰੂਰੀ ਸਮਝਦਾ ਹਾਂ।

ਕਹਿੰਦੇ ਹਨ ਦਰਅਸਲ ਹਵਾ ਮਹਿਲ ਦੀ ਉੱਚੀ ਓਟ ਵਾਲੀ ਦੀਵਾਰ ਇਸ ਲਈ ਬਣਾਈ ਗਈ ਸੀ ਕਿ ਸ਼ਾਹੀ ਘਰਾਣੇ ਦੀਆਂ ਔਰਤਾਂ ਪਰਦਾ ਪ੍ਰਥਾ ਦੀ ਪਾਲਣਾ ਕਰਦੇ ਹੋਏ ਗਲੀਆਂ ਵਿੱਚ ਚੱਲਦੇ ਤਿਉਹਾਰਾਂ ਤੇ ਰੋਜ਼ਾਨਾ ਗਤੀਵਿਧੀਆਂ ਨੂੰ ਬਾਹਰੋਂ ਅਣਡਿੱਠ ਹੋ ਕੇ ਵੇਖ ਕੇ ਆਨੰਦ ਮਾਣ ਸਕਣ।

ਜੈਪੁਰ ਦੀਆਂ ਦੂਜੀਆਂ ਪੁਰਾਣੀਆਂ ਇਮਾਰਤਾਂ ਵਾਂਗੂ ਹਵਾ ਮਹਿਲ ਵੀ ਲਾਲ ਤੇ ਗੁਲਾਬੀ ਪੱਥਰ ਨਾਲ ਬਣਾਇਆ ਗਿਆ ਹੈ। ਇਸ ਨੂੰ 1798 ਵਿੱਚ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਨੇ ਬਣਵਾਇਆ ਸੀ, ਜਿਸ ਦਾ ਨਕਸ਼ਾ ਲਾਲ ਚੰਦ ਉਸਤਾਦ ਨੇ ਹਿੰਦੂਆਂ ਦੇ ਭਗਵਾਨ ਕ੍ਰਿਸ਼ਨ ਦੇ ਮੁਕਟ ਦੀ ਤਰ੍ਹਾਂ ਬਣਾਇਆ ਸੀ।

ਹਵਾ ਮਹਿਲ ਦੀ ਵਿਲੱਖਣ ਪੰਜ-ਮੰਜ਼ਿਲਾ ਇਮਾਰਤ ਜੋ ਕਿ ਉੱਪਰ ਤੋਂ ਸਿਰਫ ਡੇਢ ਫੁੱਟ ਚੌੜੀ ਅਤੇ ਬਾਹਰ ਤੋਂ ਦੇਖਣ 'ਤੇ ਮਧੂਮੱਖੀ ਦੇ ਛੱਤੇ ਦੇ ਵਾਂਗੂ ਜਾਪਦੀ ਹੈ, ਇਸ ਵਿੱਚ 953 ਖੂਬਸੂਰਤ ਤੇ ਆਕਰਸ਼ਕ ਛੋਟੀਆਂ-ਛੋਟੀਆਂ ਜਾਲੀਦਾਰ ਖਿੜਕੀਆਂ ਮੌਜੂਦ ਹਨ। ਇਹਨਾਂ ਜਟਿਲ ਸੰਰਚਨਾ ਵਾਲੇ ਜਾਲੀਦਾਰ ਝਰੋਖਿਆਂ 'ਚੋਂ ਦੀ ਠੰਢੀ ਹਵਾ ਮਹਿਲ ਦੇ ਅੰਦਰ ਆਉਂਦੀ ਹੈ, ਜਿਸ ਦੇ ਨਤੀਜੇ ਵਜੋਂ ਤੇਜ਼ ਗਰਮੀ ਵਿੱਚ ਵੀ ਮਹਿਲ ਸਦਾ ਠੰਢਾ ਰਹਿੰਦਾ ਹੈ।

ਇਹ ਮਹਿਲ ਜੈਪੁਰ ਦੇ ਵਪਾਰਕ ਕੇਂਦਰ ਦੇ ਮੁੱਖ ਮਾਰਗ ਬੜੀ ਚੋਪਟ ਤੇ ਜੋਹਰੀ ਬਾਜ਼ਾਰ ਨੇੜੇ ਸਥਿਤ ਹੈ। ਦਰਅਸਲ ਹਵਾ ਮਹਿਲ ਨੇੜੇ ਮੌਜੂਦ ਸਿਟੀ ਪੈਲੇਸ ਦਾ ਹੀ ਇੱਕ ਹਿੱਸਾ ਕਿਹਾ ਜਾ ਸਕਦਾ ਹੈ ਇਹ ਮਹਿਲਾ ਸਦਨ ਤੱਕ ਫੈਲਿਆ ਹੋਇਆ ਹੈ।

ਹਵਾ ਮਹਿਲ ਪੰਜ-ਮੰਜ਼ਲਾ ਨੋਕਦਾਰ ਸਤੰਭ ਦੀ ਬਣਾਵਟ ਵਿੱਚ ਪੁਰਾਤਨ ਇਮਾਰਤ ਹੈ, ਜਿਸ ਦੀ ਉਚਾਈ 50 ਫੁੱਟ ਹੈ। ਇੱਥੇ ਵਰਨਣਯੋਗ ਹੈ ਕਿ ਮਹਿਲ ਦੀਆਂ ਸਭ ਤੋਂ ਉੱਪਰਲੀਆਂ ਤਿੰਨ ਮੰਜ਼ਲਾਂ ਦੀ ਚੌੜਾਈ ਇੱਕ ਕਮਰੇ ਦੇ ਕਰੀਬ ਹੈ ਤੇ ਨੀਚੇ ਦੀਆਂ ਦੋ ਮੰਜ਼ਲਾਂ ਦੇ ਸਾਹਮਣੇ ਖੁੱਲ੍ਹਾ ਵਿਹੜਾ ਵੇਖਿਆ ਜਾ ਸਕਦਾ ਹੈ। ਇਸ ਦੀ ਹਰ ਖਿੜਕੀ 'ਤੇ ਬਲੁਆ ਪੱਥਰ ਦੀ ਬੇਹੱਦ ਖੂਬਸੂਰਤ ਜਾਲੀਆਂ, ਕੰਗੂਰੇ ਤੇ ਗੁੰਬਦ ਬਣੇ ਹੋਏ ਹਨ। ਹਵਾ ਮਹਿਲ ਦੀ ਇਮਾਰਤ ਦੇ ਪਿੱਛੇ ਲੋੜ ਅਧਾਰਤ ਕਮਰੇ ਹਨ, ਜਿਹਨਾਂ ਦਾ ਨਿਰਮਾਣ ਥੰਮ੍ਹਾਂ ਤੇ ਵਰਾਂਡਿਆਂ ਦੇ ਨਾਲ ਕੀਤਾ ਗਿਆ ਹੈ ਤੇ ਇਹ ਭਵਨ ਦੇ ਉੱਪਰੀ ਹਿੱਸੇ ਤੱਕ ਐਵੇਂ ਹੀ ਹੈ।

ਬਾਕੀ ਸ਼ਹਿਰ ਦੀ ਤਰਜ਼ 'ਤੇ ਹਵਾ ਮਹਿਲ ਵੀ ਲਾਲ ਤੇ ਗੁਲਾਬੀ ਬਲੁਆ ਪੱਥਰਾਂ ਨਾਲ ਬਣਿਆ ਹੋਇਆ ਹੈ। ਜੇਕਰ ਇਹ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਮਹਿਲ ਜੈਪੁਰ ਨੂੰ ਦਿੱਤੀ ਗਈ ਗੁਲਾਬੀ ਨਗਰ ਦੀ ਉਪਾਧੀ ਦੇ ਲਈ ਪੂਰਨ ਦ੍ਰਿਸ਼ਟਾਂਤ ਹੈ। ਹਵਾ ਮਹਿਲ ਸੱਭਿਆਚਾਰਕ ਅਤੇ ਵਾਸਤੂਕਲਾ ਵਿਰਾਸਤ ਹਿੰਦੂ ਰਾਜਪੂਤ ਸ਼ਿਲਪ ਕਲਾ ਤੇ ਮੁਗਲ ਸ਼ੈਲੀ ਦਾ ਇੱਕ ਅਨੋਖਾ ਸੰਗਮ ਹੈ।

ਜਦੋਂ ਅਸੀਂ ਇਸ ਦਾ ਨਜ਼ਾਰਾ ਕਰ ਰਹੇ ਸਾਂ ਤਾਂ ਅਸੀਂ ਇਸ ਦੌਰਾਨ ਬਹੁਤ ਸਾਰੇ ਦੇਸੀ-ਵਿਦੇਸ਼ੀ ਸੈਲਾਨੀਆਂ ਨਾਲ ਮੁਲਾਕਾਤ ਕੀਤੀ ਤੇ ਸੈਲਫੀਆਂ ਵੀ ਲਈਆਂ। ਇੱਕ ਵਿਦੇਸ਼ੀ ਜੋੜੀ ਸਾਨੂੰ ਮਿਲੀ। ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਤੁਸੀਂ ਕਿੱਥੋਂ ਆਏ ਹੋ ਤਾਂ ਲੜਕੀ ਨੇ ਆਖਿਆ, ਮੈਂ ਜਰਮਨੀ ਤੋਂ ਹਾਂ ਤੇ ਉਸ ਦੇ ਸਾਥੀ ਮੁੰਡੇ ਨੇ ਆਖਿਆ ਕਿ ਮੈਂ ਆਈਸ ਲੈਂਡ ਤੋਂ ਆਇਆ ਹਾਂ।

ਇਸ ਵਾਰ ਜੈਪੁਰ 'ਚ ਇੱਕ ਨਵਾਂ ਖਜ਼ਾਨਾ ਮਹਿਲ ਵੀ ਵੇਖਿਆ, ਜੋ ਕਿ ਪਿੱਛੇ ਜਿਹੇ ਹੀ ਇੰਸ਼ੈਂਟਿਵ ਆਫ ਐਂਟਰਟੇਨਮੈਂਟ 7 ਕ੍ਰੀਏਟਿਵ ਵੈਂਚਰ ਪ੍ਰਾਈਵੇਟ ਲਿਮਟਿਡ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਆਪਣੇ ਆਪ 'ਚ ਇੱਕ ਵੱਖਰੀ ਕਿਸਮ ਦਾ ਮਿਊਜ਼ੀਅਮ ਹੈ, ਜਿਸ ਵਿੱਚ ਪੱਥਰ ਦੇ ਇਤਿਹਾਸ ਤੇ ਇੱਕ ਦਸਤਾਵੇਜ਼ੀ ਫਿਲਮ ਦੀ ਪੇਸ਼ਕਾਰੀ ਕੀਤੀ ਗਈ ਤੇ ਇਸ ਤੋਂ ਬਾਅਦ ਇੱਕ ਲੜਕੀ ਗਾਈਡ ਨੇ ਮਿਊਜ਼ੀਅਮ ਦੀ ਸੈਰ ਕਰਵਾਉਂਦਿਆਂ ਹੋਇਆਂ ਸਾਨੂੰ ਕਿਸਮ-ਕਿਸਮ ਦੇ ਘੜੇ ਤੇ ਅਣਘੜੇ ਬੇਸ਼ਕੀਮਤੀ ਪੱਥਰ ਵਿਖਾਏ, ਜਿਨ੍ਹਾਂ 'ਚੋਂ ਬਹੁਤੇ ਪੱਥਰ ਬਾਹਰਲੇ ਮੁਲਕਾਂ ਜਿਵੇਂ ਕਿ ਬ੍ਰਾਜ਼ੀਲ, ਅਫਰੀਕਾ ਤੇ ਹੋਰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਮੰਗਵਾਏ ਗਏ ਸਨ। ਇਸ ਤੋਂ ਇਲਾਵਾ ਇਕ ਛੋਟੇ ਜਿਹੇ ਕਮਰੇ ਨੂੰ ਸ਼ੀਸ਼ ਮਹਿਲ ਦੀ ਸ਼ਕਲ ਦਿੱਤੀ ਗਈ ਹੈ। ਇਸ ਤੋਂ ਅੱਗੇ ਵੱਖ-ਵੱਖ ਤਰ੍ਹਾਂ ਦੇ ਗਹਿਣਿਆਂ ਦੀ ਨੁਮਾਇਸ਼ ਕੀਤੀ ਮਿਲਦੀ ਹੈ। ਯਕੀਨਨ ਵੇਖਣ ਵਾਲੇ ਲਈ ਇਹ ਸਭ ਕੁੱਝ ਕਿਸੇ ਅਦਭੁੱਤ ਨਜ਼ਾਰੇ ਤੋਂ ਘੱਟ ਨਹੀਂ ਸੀ।

ਜਲ ਮਹਿਲ ਰਾਜਸਥਾਨ ਦੀ ਰਾਜਧਾਨੀ ਜੈਪੁਰ ਦੇ ਮਾਨਸਾਗਰ ਝੀਲ ਦੇ ਮੱਧ ਵਿੱਚ ਸਥਿਤ ਇੱਕ ਬੇਹੱਦ ਮਸ਼ਹੂਰ ਤਾਰੀਖੀ ਮਹਿਲ ਹੈ। ਅਰਾਵਲੀ ਪਹਾੜੀਆਂ ਦੀ ਗੋਦ ਵਿੱਚ ਬਣਾਇਆ ਗਿਆ। ਇੱਥੇ ਦੱਸਦੇ ਚੱਲੀਏ ਕਿ ਜਲ ਮਹੱਲ ਨੂੰ ਰੋਮਾਂਟਿਕ ਮਹਿਲ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਜੈ ਸਿੰਘ ਵੱਲੋਂ ਨਿਰਮਾਣ ਕਰਵਾਏ ਇਸ ਮਹਿਲ ਵਿੱਚ ਪੁਰਾਤਨ ਮਹਿਲਾ ਵਾਂਗ ਹੀ, ਮਹਰਬੋ, ਬੁਰਜਾਂ, ਛੱਤਰੀਆਂ ਅਤੇ ਪੌੜੀਆਂ ਆਦਿ ਮੌਜੂਦ ਹਨ। ਮਹਿਲ ਵਰਗਾਕਾਰ ਆਕਾਰ ਵਿੱਚ ਉਸਾਰਿਆ ਗਿਆ ਹੈ। ਇਹ ਮਹਿਲ ਪ੍ਰਵਾਸੀ ਪੰਛੀਆਂ ਲਈ ਵੀ ਖਿੱਚ ਦਾ ਕੇਂਦਰ ਹੈ। ਇੱਥੇ ਕਾਬਿਲ ਜ਼ਿਕਰ ਹੈ ਕਿ ਇਸ ਮਹਿਲ ਦੀ ਨਰਸਰੀ ਵਿੱਚ ਇੱਕ ਲੱਖ ਤੋਂ ਵੀ ਵੱਧ ਪੌਦੇ ਹਨ ਅਤੇ ਰਾਜਸਥਾਨ ਦੇ ਸਭ ਤੋਂ ਉੱਚੇ ਪੌਦੇ ਵੀ ਇੱਥੇ ਲੱਗੇ ਹੋਏ ਮਿਲਦੇ ਹਨ।

ਇਸ ਦਾ ਨਿਰਮਾਣ ਜੈਪੁਰ-ਆਮੇਰ ਮਾਰਗ ਉੱਤੇ ਮਾਨਸਾਗਰ ਝੀਲ ਵਿਖੇ ਰਾਜਾ ਸਵਾਈ ਜੈ ਸਿੰਘ ਦੂਜਾ ਨੇ ਅਸਵਮੇਗ ਜੱਗ ਤੋਂ ਬਾਅਦ ਆਪਣੀਆਂ ਰਾਣੀਆਂ ਅਤੇ ਪੰਡਿਤ ਨਾਲ ਇਸ਼ਨਾਨ ਕਰਨ ਲਈ ਕਰਵਾਇਆ ਸੀ। ਇਸ ਮਹਿਲ ਦੇ ਨਿਰਮਾਣ ਤੋਂ ਪਹਿਲਾਂ ਜੈ ਸਿੰਘ ਨੇ ਜੈਪੁਰ ਦੀ ਜਲ ਪੂਰਤੀ ਲਈ ਗਰਭਵਤੀ ਨਦੀ ਉੱਤੇ ਬੰਨ੍ਹ ਬਣਵਾਇਆ ਅਤੇ ਮਾਨਸਾਗਰ ਝੀਲ ਦੀ ਤਾਮੀਰ ਕਾਰਵਾਈ।

ਇਹ ਸਭ ਕੁੱਝ ਕਰੀਬ 300 ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਦੇ ਨਿਰਮਾਣ ਲਈ ਰਾਜਪੂਤ ਸ਼ੈਲੀ ਨਾਲ ਤਿਆਰ ਕੀਤੀਆਂ ਗਈਆਂ ਕਿਸ਼ਤੀਆਂ ਦੀ ਮਦਦ ਲਈ ਗਈ ਸੀ। ਕਿਹਾ ਜਾਂਦਾ ਹੈ ਕਿ ਰਾਜਾ ਜੈ ਸਿੰਘ ਇਸ ਮਹਿਲ ਵਿੱਚ ਆਪਣੀਆਂ ਰਾਣੀਆਂ ਨਾਲ ਫੁਰਸਤ ਦੇ ਖਾਸ ਪਲ ਗੁਜ਼ਾਰਿਆ ਕਰਦੇ ਸਨ। ਉਨ੍ਹਾਂ ਸਮਿਆਂ ਵਿੱਚ ਮਹਿਲ ਵਿੱਚ ਵੱਖ-ਵੱਖ ਤਰ੍ਹਾਂ ਦੇ ਰਾਜ ਉਤਸਵ ਵੀ ਕਰਵਾਏ ਜਾਂਦੇ ਸਨ।

ਉੱਪਰ ਵਾਲੀ ਮੰਜ਼ਲ ਦੇ ਚਾਰੇ ਕਿਨਾਰਿਆਂ ਉੱਤੇ ਸੰਗਮਰਮਰ ਦੀ ਉਸਾਰੀ ਕੀਤੀ ਗਈ ਹੈ।

ਗਰਮ ਰੇਗਿਸਤਾਨ ਵਿੱਚ ਉਸਾਰੇ ਗਏ ਇਸ ਜਲ ਮਹਿਲ ਵਿੱਚ ਗਰਮੀ ਨਹੀਂ ਲੱਗਦੀ, ਕਿਉਂਕਿ ਇਸ ਦੇ ਕਈ ਤਲ ਪਾਣੀ ਦੇ ਅੰਦਰ ਬਣਾਏ ਗਏ ਹਨ। ਇਸ ਮਹਿਲ ਤੋਂ ਪਹਾੜਾਂ ਅਤੇ ਝੀਲਾਂ ਦਾ ਖੂਬਸੂਰਤ ਨਜ਼ਾਰਾ ਵੀ ਕੀਤਾ ਜਾ ਸਕਦਾ ਹੈ।

ਇਸ ਮਹਿਲ ਨੂੰ ਅਸੀਂ ਰਾਤ ਨੂੰ ਜਦੋਂ ਵੇਖਿਆ ਤਾਂ ਇਹ ਇੱਕ ਸੱਚਮੁੱਚ ਅਦਭੁੱਤ ਨਜ਼ਾਰਾ ਸੀ। ਇਸ ਨੂੰ ਵੇਖਣ ਉਪਰੰਤ ਉੱਥੇ ਹੀ ਅਸੀਂ ਅਦਰਕ ਵਾਲੀ ਚਾਹ ਦੀਆਂ ਚੁਸਕੀਆਂ ਦਾ ਆਨੰਦ ਮਾਣਿਆ, ਬਾਅਦ 'ਚ ਈ-ਰਿਕਸ਼ਾ ਵਾਲੇ ਆਪਣੀ ਰਿਕਸ਼ਾ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


# ਕਿਰਤੀ ਅਖਬਾਰ ਨੇ ਆਜ਼ਾਦੀ ਸੰਗਰਾਮ ਸਿਖਰਾਂ 'ਤੇ ਪਹੁੰਚਾਇਆ

## ਪ੍ਰਿਥੀਪਾਲ ਸਿੰਘ ਮਾੜੀਮੇਘਾ

ਹਿੰਦੁਸਤਾਨ ਦੀ ਆਜ਼ਾਦੀ ਦੇ ਅੰਦੋਲਨ 'ਚ ਗਦਰੀ ਦੇਸ਼ ਭਗਤਾਂ ਵੱਲੋਂ ਸ਼ੁਰੂ ਕੀਤੀ 'ਕਿਰਤੀ ਅਖਬਾਰ' ਦਾ ਬੜਾ ਮਹੱਤਵਪੂਰਨ ਰੋਲ ਹੈ। ਇਹ ਅਖਬਾਰ ਉਦੋਂ ਸ਼ੁਰੂ ਹੋਈ ਜਦੋਂ ਦੇਸ਼ ਦੀ ਜਨਤਾ ਘੂਕ ਸੁੱਤੀ ਪਈ ਸੀ। ਜਦੋਂ ਕਿਰਤੀ ਨੇ ਅੰਗਰੇਜ਼ ਹਾਕਮਾਂ ਦੀ ਲੁੱਟ ਤੇ ਕੁੱਟ ਵਾਲੀ ਨੀਤੀ ਜੱਗ ਜ਼ਾਹਰ ਕੀਤੀ ਤੇ ਹਿੰਦੀਆਂ ਦੇ ਹਿਰਦੇ ਵਲੂੰਧਰੇ ਗਏ। ਲੋਕਾਂ ਦੀ ਜ਼ਮੀਰ ਜਾਗ ਪਈ ਤੇ ਲੋਕ ਹਿੰਦ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਕੁੱਦ ਪਏ। ਕੁੱਦਣ ਵਾਲੇ ਮੁੱਖ ਤੌਰ 'ਤੇ ਪੰਜਾਬੀ ਤੇ ਕਿਸਾਨ ਸਨ।

'ਕਿਰਤੀ' ਦੀ ਸ਼ੁਰੂਆਤ 19 ਫਰਵਰੀ 1926 ਨੂੰ ਗੁਰੂਆਂ ਦੀ ਪਵਿੱਤਰ ਧਰਤੀ ਅੰਮ੍ਰਿਤਸਰ ਤੋਂ ਹੋਈ। ਇਸ ਦੇ ਬਾਨੀ ਸੰਪਾਦਕ ਸਨ ਭਾਈ ਸੰਤੋਖ ਸਿੰਘ ਧਰਦਿਉ। ਭਾਈ ਜੀ ਇੰਨੇ ਜ਼ਿਆਦਾ ਗੂੜ੍ਹ ਗਿਆਨੀ ਸਨ ਕਿ ਜਦੋਂ ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੜ੍ਹਦੇ ਸਨ ਤੇ ਉਨ੍ਹਾਂ ਦੇ ਹਮ ਜਮਾਤੀਆਂ ਨੇ ਉਨ੍ਹਾਂ ਦਾ ਨਾਂਅ ਡਿਕਸ਼ਨਰੀ ਰੱਖਿਆ ਹੋਇਆ ਸੀ।

ਉਹ ਉਚੇਰੀ ਪੜ੍ਹਾਈ ਲੈਣ ਲਈ ਅਮਰੀਕਾ ਚਲੇ ਗਏ। ਅਮਰੀਕਾ ਦੇ ਮੂਲ ਵਾਸੀ ਹਿੰਦੀ ਕਿਰਤੀਆਂ ਨੂੰ ਬੜੇ ਤਾਹਨੇ-ਮਿਹਣੇ ਮਾਰਦੇ ਸਨ ਕਿ ਤੁਸੀਂ 30 ਕਰੋੜ ਭੇਡਾਂ ਜੇ, ਤੁਸੀਂ ਅੰਗਰੇਜ਼ਾਂ ਦੇ ਗੁਲਾਮ ਜੇ, ਤੁਹਾਡਾ ਆਪਣਾ ਕੋਈ ਝੰਡਾ ਨਹੀਂ ਹੈ। ਇਹ ਤਾਹਨੇ-ਮਿਹਣੇ ਸੁਣ ਕੇ ਉਹ ਗਦਰ ਪਾਰਟੀ ਨਾਲ ਜੁੜ ਕੇ ਦੇਸ਼ ਦੇ ਆਜ਼ਾਦੀ ਦੇ ਸੰਗਰਾਮ ਵਿੱਚ ਕੁੱਦ ਪਏ। ਉਹ ਲਾਲਾ ਹਰਦਿਆਲ ਤੋਂ ਬਾਅਦ ਪਾਰਟੀ ਦੇ ਜਨਰਲ ਸਕੱਤਰ ਬਣੇ।

ਗਦਰ ਪਾਰਟੀ ਦੀ ਗਦਰ ਕਰਨ ਦੀ ਪਹਿਲੀ ਕੋਸ਼ਿਸ਼ ਅਸਫਲ ਹੋ ਗਈ ਤੇ ਭਾਈ ਸੰਤੋਖ ਸਿੰਘ ਬਚਦੇ-ਬਚਾਉਂਦੇ ਮੁੜ ਅਮਰੀਕਾ ਪਹੁੰਚ ਗਏ ਤੇ ਉਨ੍ਹਾਂ ਨੇ ਪਾਰਟੀ ਦੇ ਸਾਨਫਰਾਂਸਿਸਕੋ ਹੈੱਡਕੁਆਰਟਰ ਨੂੰ ਸੰਭਾਲ ਲਿਆ। ਜਦੋਂ ਉਹ ਹਿੰਦੁਸਤਾਨ ਆਏ ਸਨ ਤੇ ਮਗਰੋਂ ਪਾਰਟੀ ਹੈੱਡਕੁਆਰਟਰ ਤੇ ਅੰਗਰੇਜ਼ਾਂ ਦੇ ਬੂਟ-ਚਾਟ ਨੇ ਕਬਜ਼ਾ ਕਰ ਲਿਆ ਸੀ। ਆਉਂਦੇ ਸਾਰ ਭਾਈ ਸੰਤੋਖ ਸਿੰਘ ਨੇ ਉਸ ਟਾਊਟ ਨੂੰ ਦਫਤਰੋਂ ਬਾਹਰ ਕੱਢਿਆ ਤੇ ਪਾਰਟੀ ਨੂੰ ਮੁੜ ਜਥੇਬੰਦ ਕੀਤਾ। ਅਮਰੀਕਾ ਵਿਖੇ ਉਨ੍ਹਾਂ ਨੂੰ ਸਾਨਫਰਾਂਸਿਸਕੋ ਕੇਸ ਵਿੱਚ 19 ਮਹੀਨੇ ਕੈਦ ਦੀ ਸਜ਼ਾ ਹੋਈ।

ਸਜ਼ਾ ਭੁਗਤਣ ਤੋਂ ਬਾਅਦ ਭਾਈ ਸੰਤੋਖ ਸਿੰਘ ਪਾਰਟੀ ਵਿੱਚ ਫਿਰ ਸਰਗਰਮ ਹੋ ਗਏ ਤੇ ਪਾਰਟੀ ਫੈਸਲੇ ਅਨੁਸਾਰ ਉਹ ਤੇ ਰਾਏਪੁਰ ਡੱਬਾ 23 ਸਤੰਬਰ 1922 ਨੂੰ ਰੂਸ ਦੇ ਕਿਰਤੀਆਂ ਦੇ ਰਾਜ ਪ੍ਰਬੰਧ ਨੂੰ ਜਾਚਣ ਤੇ ਵਾਚਣ ਪਹੁੰਚ ਗਏ। ਰੂਸ ਵਿੱਚ ਮਹਾਨ ਕ੍ਰਾਂਤੀਕਾਰੀ ਵੀ ਆਈ ਲੈਨਿਨ ਨੇ ਜ਼ਾਰ ਦੀ ਹਕੂਮਤ ਖਤਮ ਕਰਕੇ ਕਿਰਤੀਆਂ ਦਾ ਰਾਜ ਪ੍ਰਬੰਧ ਕਾਇਮ ਕਰ ਦਿੱਤਾ ਸੀ। ਇਸ ਪ੍ਰਬੰਧ ਦਾ ਦੁਨੀਆ 'ਤੇ ਬੜਾ ਗਹਿਰਾ ਅਸਰ ਪਿਆ ਤੇ ਦੁਨੀਆ ਭਰ ਵਿੱਚ ਕਿਰਤੀ ਉਤਾਵਲੇ ਹੋ ਗਏ ਕਿ ਪੂੰਜੀਵਾਦੀ ਪ੍ਰਬੰਧ ਖਤਮ ਕਰਕੇ ਕਿਰਤੀਆਂ ਦੀਆਂ ਹਕੂਮਤਾਂ ਕਾਇਮ ਕੀਤੀਆਂ ਜਾਣ। ਹੋਇਆ ਵੀ ਇੰਝ ਹੀ ਕਿ ਕੁਝ ਅਰਸੇ ਬਾਅਦ ਹੀ ਦੁਨੀਆ ਦੇ ਤੀਜੇ ਹਿੱਸੇ 'ਤੇ ਕਿਰਤੀਆਂ ਨੇ ਰਾਜ ਪ੍ਰਬੰਧ ਕਾਇਮ ਕਰ ਲਏ। ਰੂਸ ਵਿੱਚ ਹੀ ਉਨ੍ਹਾਂ ਨੇ 5 ਦਸੰਬਰ 1922 ਨੂੰ ਦੁਨੀਆ ਪੱਧਰ ਦੀਆਂ ਕਮਿਊਨਿਸਟ ਪਾਰਟੀਆਂ ਦੀ ਵਿਸ਼ੇਸ਼ ਮੀਟਿੰਗ ਵਿੱਚ ਹਿੱਸਾ ਲਿਆ, ਜੋ ਵੀ ਆਈ ਲੈਨਿਨ ਦੀ ਅਗਵਾਈ ਹੇਠ ਹੋਈ ਸੀ।

ਜਦੋਂ ਉਹ ਵਾਪਸ ਹਿੰਦੁਸਤਾਨ ਆਏ ਤਾਂ ਉਨ੍ਹਾਂ ਹਿੰਦ ਦੇ ਕਿਰਤੀ ਕਿਸਾਨਾਂ ਨੂੰ ਆਜ਼ਾਦੀ ਦੇ ਸੰਗਰਾਮ ਨਾਲ ਜੋੜਨ ਲਈ 'ਕਿਰਤੀ' ਅਖਬਾਰ ਗੁਰੂਆਂ ਦੀ ਧਰਤੀ ਅੰਮ੍ਰਿਤਸਰ ਤੋਂ ਸ਼ੁਰੂ ਕੀਤੀ। ਜਿਸ ਦੇ ਪਹਿਲੇ ਪੇਜ 'ਤੇ ਲਿਖਿਆ ਹੁੰਦਾ ਸੀ, '੧ਓ ਸਤਿਗੁਰੂ ਪ੍ਰਸਾਦਿ।। ਆਪਣੇ ਹੱਥੀਂ ਆਪਣੇ ਆਪ ਹੀ ਕਾਜ ਸਵਾਰੀਏ।।' ਅਖਬਾਰ ਦੇ ਧੂੰਏਂ ਧਾਰ ਪ੍ਰਚਾਰ ਸਦਕਾ 'ਕਿਰਤੀ ਕਿਸਾਨ ਪਾਰਟੀ' ਹੋਂਦ ਵਿੱਚ ਆ ਗਈ।

ਅਖਬਾਰ ਦੇ ਪਹਿਲੇ ਅੰਕ ਵਿੱਚ ਗਿਆਨੀ ਹੀਰਾ ਸਿੰਘ ਦਰਦ ਲਿਖਦੇ ਹਨ ਕਿ, "ਕਿਰਤੀ ਦਾ ਜਨਮ ਸੁਣ ਕੇ ਮੇਰੇ ਦਿਲ ਵਿੱਚ ਅਥਾਹ ਖੁਸ਼ੀ ਦੇ ਹੁਲਾਰੇ ਉਠ ਰਹੇ ਹਨ। ਇਹ ਅਖਬਾਰ ਕਾਲੇ ਚਿੱਟੇ ਰੰਗ ਦਾ ਭਿੰਨ-ਭੇਦ ਮਿਟਾ ਕੇ ਸਭ ਨੂੰ ਭਰਾ-ਭਰਾ ਬਣਾਉਣ ਵਾਲਾ ਕਾਰਜ ਕਰੇਗੀ। ਅੱਜਕੱਲ੍ਹ ਦੁਨੀਆ ਵਿੱਚ ਮਾਇਆਧਾਰੀਆਂ ਦਾ ਰਾਜ ਹੈ, ਉਹ ਗਰੀਬ ਕਿਰਤੀਆਂ ਦੇ ਗਾੜ੍ਹੇ ਲਹੂ ਦੀ ਕਮਾਈ ਉਪਰ ਮੌਜਾਂ ਮਾਨਣੀਆਂ ਹੀ ਆਪਣਾ ਆਦਰਸ਼ ਸਮਝਦੇ ਹਨ ਅਤੇ ਪਸ਼ੂ ਬਲ ਨਾਲ ਉਹ ਕਿਰਤੀਆਂ ਨੂੰ ਨੂੜ ਕੇ ਸਦਾ ਗੁਲਾਮ ਰੱਖਣ ਦੇ ਕਾਨੂੰਨ ਬਣਾਉਂਦੇ ਰਹਿੰਦੇ ਹਨ। ਹੋਰ ਕਈ ਦੇਸ਼ਾਂ ਵਿੱਚ ਕਿਰਤੀ ਵੀਰਾਂ ਨੇ ਹੋਸ਼ ਸੰਭਾਲ ਲਈ ਹੈ ਅਤੇ ਜ਼ੋਰ ਨਾਲ ਰਾਜ ਕਰਨ ਵਾਲੇ ਮਾਇਆਧਾਰੀਆਂ ਪਾਸੋਂ ਤਾਕਤ ਖੋਹ ਕੇ ਨਿਆਂ ਅਤੇ ਏਕਮਈ ਦੇ ਅਸੂਲਾਂ ਉਤੇ ਰਾਜ ਪ੍ਰਬੰਧ ਕਾਇਮ ਕਰਨ ਵਾਲੇ ਪਾਸੇ ਵਧ ਰਹੇ ਹਨ, ਪਰ ਹਿੰਦੁਸਤਾਨ ਵਿੱਚ ਕਿਰਤੀ ਭਰਾ ਅਜੇ ਘੂਕ ਸੁੱਤੇ ਪਏ ਹਨ। ਇਸ ਲਈ ਬਹਾਦਰ ਪੰਜਾਬ ਵਾਸੀ ਕਿਰਤੀਆਂ ਦੇ ਦੁਖੜੇ ਰੋਣ ਲਈ ਅਤੇ ਇਨ੍ਹਾਂ ਨੂੰ ਆਪਣੇ ਅਧਿਕਾਰਾਂ ਸੰਬੰਧੀ ਸੁਚੇਤ ਕਰਨ ਲਈ 'ਕਿਰਤੀ' ਨੇ ਜਨਮ ਲਿਆ ਹੈ। ਵਾਹਿਗੁਰੂ ਕਿਰਤੀ ਨੂੰ ਆਪਣੇ ਆਦਰਸ਼ ਵਿੱਚ ਪੂਰਾ ਕਾਮਯਾਬ ਕਰੇ ਤੇ ਕਿਰਤੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰੇ।"

ਕਿਰਤੀ ਅਖਬਾਰ ਦੇ ਵਕਤ ਹੀ ਅੰਮ੍ਰਿਤਸਰ ਤੋਂ ਇੱਕ ਪਰਚਾ 'ਬੱਬਰ ਸ਼ੇਰ' ਨਿਕਲਦਾ ਸੀ। ਉਸ ਦਾ ਸੰਪਾਦਕ ਲਿਖਦਾ ਹੈ ਕਿ, "ਏਹ ਅਤਿਅੰਤ ਪ੍ਰਸੰਸਾ ਦੀ ਗੱਲ ਹੈ ਕਿ ਸਮਕਾਲੀ 'ਕਿਰਤੀ' ਦੇ ਪਹਿਲੇ ਪਰਚੇ ਵਿੱਚ ਕਈ ਐਸੇ ਲੇਖ ਹਨ ਜਿਸ ਵਿੱਚ ਅਮਰੀਕਾ ਦੀ ਸਰਕਾਰ ਕੀ ਹੈ ਅਤੇ ਉਥੋਂ ਦੇ ਲੋਕਾਂ ਦੇ ਹਾਲਾਤ ਕੀ ਹਨ ਅਤੇ ਗਰੀਬਾਂ ਦੀ ਉਨਤੀ ਦੇ ਵਸੀਲੇ ਕੀ ਹਨ, ਬੜੇ ਵਿਸਥਾਰ-ਪੂਰਵਕ ਦੱਸੇ ਗਏ ਹਨ। ਕਿਰਤੀ ਦਾ ਅਰਥ ਹੀ 'ਦਸਾਂ ਨਹੁੰਆਂ' ਦੀ ਕਮਾਈ ਕਰਨ ਵਾਲਾ ਹੈ। ਇਸ ਲਈ ਕਿਰਤੀ ਵਿੱਚ ਹੱਥਾਂ ਨਾਲ ਕੰਮ ਕਰਕੇ ਪੇਟ ਭਰਨ ਵਾਲਿਆਂ ਨੂੰ ਉਭਾਰਨ ਲਈ ਹਮੇਸ਼ਾ ਯਤਨ ਕੀਤੇ ਜਾਇਆ ਕਰਨਗੇ । ਅਸੀਂ ਸੱਚੇ ਦਿਲੋਂ ਚਾਹੁੰਦੇ ਹਾਂ ਕਿ ਇਸ ਪ੍ਰਕਾਰ ਦਾ ਲਾਭਦਾਇਕ ਰਸਾਲਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਕੇ ਆਪਣੇ ਮੁਲਕ ਨੂੰ ਜਲਦੀ ਤੋਂ ਜਲਦੀ ਸੁਤੰਤਰ ਕਰਨ ਵਿੱਚ ਸਹਾਈ ਹੋ ਸਕੇ। ਇਸ ਪ੍ਰਕਾਰ ਦੇ ਯਤਨ ਹੀ ਮੁਲਕੀ ਆਜ਼ਾਦੀ ਦੇ ਵਸੀਲੇ ਹੋਇਆ ਕਰਦੇ ਹਨ।"

'ਕਿਰਤੀ' ਅਖਬਾਰ ਨੇ ਥੋੜ੍ਹੇ ਅਰਸੇ ਵਿੱਚ ਹੀ ਹੋਣਹਾਰ ਕਾਲਮਨਵੀਸ ਪੈਦਾ ਕਰ ਦਿੱਤੇ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ




ਉੱਘੇ ਇਨਕਲਾਬੀ ਫਿਰੋਜ਼ਦੀਨ ਸਰਫ, ਗਿਆਨੀ ਗੁਰਮੁੱਖ ਸਿੰਘ ਮੁਸਾਫਿਰ, ਮਲਕ ਮੀਆਂ ਮੇਹਰਦੀਨ ਜੀ ਮੇਹਰ ਤੇ ਚਿਸਤੀ ਗੁਲਾਮ ਫਰੀਦ ਹਕੀਮ ਮਾੜੀ ਕੰਬੋਕੀ, ਗਿਆਨੀ ਹੀਰਾ ਸਿੰਘ

ਦਰਦ, ਵਿਧਾਤਾ ਸਿੰਘ ਤੀਰ, ਅਰਜਨ ਸਿੰਘ ਗੜਗੱਜ ਆਦਿ। ਕਾਮਰੇਡ ਸੋਹਣ ਸਿੰਘ ਜੋਸ਼ ਦੇ ਵਕਤ 'ਕਿਰਤੀ' ਦੇ ਐਡੀਟੋਰੀਅਲ ਬੋਰਡ ਵਿੱਚ ਸ਼ਹੀਦ ਭਗਤ ਸਿੰਘ ਵੀ ਸੀ, ਜਿਨ੍ਹਾਂ ਦੀਆਂ ਲਿਖਤਾਂ ਕਿਰਤੀ ਵਿੱਚ ਲੜੀਵਾਰ ਛਪੀਆਂ ਸਨ।

ਕਿਰਤੀ ਦੇ ਪ੍ਰਭਾਵ ਅਧੀਨ ਕਿਸਾਨ ਵਧੇਰੇ ਜਾਗਰੂਕ ਤੇ ਜਥੇਬੰਦ ਹੋਏ ਤੇ ਉਨ੍ਹਾਂ ਨੇ ਨਿਸ਼ਚਿੰਤ ਹੋ ਕੇ ਅੰਗਰੇਜ਼ ਹਾਕਮਾਂ ਵਿਰੁੱਧ ਘੋਲ ਆਰੰਭ ਦਿੱਤਾ। ਕਿਸਾਨ ਜ਼ਿਆਦਾ ਇਸ ਕਰਕੇ ਘੋਲ ਵਿੱਚ ਪਏ ਕਿ ਅੰਗਰੇਜ਼ਾਂ ਨੇ ਪਹਿਲਾਂ ਕਿਸਾਨਾਂ ਨੂੰ ਜ਼ਮੀਨਾਂ ਦੇ ਕੇ ਉਨ੍ਹਾਂ ਤੋਂ ਆਬਾਦ ਕਰਵਾਈਆਂ ਤੇ ਫਿਰ ਜ਼ਮੀਨਾਂ ਹੜੱਪਣ ਲਈ ਮਾਮਲੇ ਇੰਨੇ ਜ਼ਿਆਦਾ ਵਧਾ ਦਿੱਤੇ ਕਿ ਜੋ ਉਹ ਤਾਰ ਹੀ ਨਾ ਸਕਣ। ਅੰਗਰੇਜ਼ਾਂ ਦੀ ਨੀਤੀ ਇਹ ਸੀ ਕਿ ਦੁਖੀ ਹੋਏ ਕਿਸਾਨ ਜ਼ਮੀਨ ਛੱਡ ਜਾਣ ਤੇ ਖੇਤੀਬਾੜੀ ਦਾ ਕਾਰਜ ਸਾਡੀਆਂ ਕੰਪਨੀਆਂ ਕਰਨ, ਪਰ ਕਿਸਾਨਾਂ ਨੇ ਅੰਗਰੇਜ਼ਾਂ ਦੀ ਇਸ ਬਦਨੀਤੀ ਵਿਰੁੱਧ ਸੰਘਰਸ਼ ਆਰੰਭ ਦਿੱਤਾ, ਜਿਸ ਦੀ ਅਗਵਾਈ ਉਸ ਵਕਤ ਗਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਨੇ ਕੀਤੀ। ਉਹ ਇਲਾਕਾ ਮੁੱਖ ਤੌਰ 'ਤੇ 'ਬਾਰ' ਦਾ ਸੀ। ਇਸ ਸੰਘਰਸ਼ ਵਿੱਚ 50000 ਦੇ ਕਰੀਬ ਕਿਸਾਨ ਮੁਜ਼ਾਰਿਆਂ ਨੇ ਹੜਤਾਲ ਕੀਤੀ ਤੇ ਸੰਘਰਸ਼ ਅੱਗੇ ਝੁਕਦਿਆਂ ਅੰਗਰੇਜ਼ਾਂ ਨੂੰ ਕਿਸਾਨ ਉਜਾੜੂ ਕਾਨੂੰਨ ਵਾਪਸ ਲੈਣੇ ਪਏ ਤੇ ਕਿਸਾਨ ਲਹਿਰ ਦੀ ਜਿੱਤ ਹੋਈ। ਇਸ ਜਿੱਤ ਨੇ ਅੰਗਰੇਜ਼ਾਂ ਦੇ ਰਾਹ ਵਿੱਚ ਕਿੱਲ ਗੱਡ ਦਿੱਤੇ। ਇਸ ਘੋਲ ਤੋਂ ਬਾਅਦ ਰਿਆਸਤੀ ਪਰਜਾ ਮੰਡਲ ਲਹਿਰ ਉਤਪੰਨ ਹੋਈ ਜਿਸ ਨੇ ਅੰਗਰੇਜ਼ਾਂ ਦੀਆਂ ਚੂਲਾਂ ਹਿਲਾ ਦਿੱਤੀਆਂ। ਇਨ੍ਹਾਂ ਲਹਿਰਾਂ ਦੀ ਜਨਮਦਾਤੀ ਕਿਰਤੀ ਅਖਬਾਰ ਸੀ।

ਇਨ੍ਹਾਂ ਲਹਿਰਾਂ ਦਾ ਗਾੜ੍ਹਾ ਅਸਰ ਇਹ ਹੋਇਆ ਕਿ 1936-37 ਵਿੱਚ ਗਦਰੀ ਬਾਬਿਆਂ ਨੇ ਦੇਸ਼ ਭਗਤ ਚੋਣ ਬੋਰਡ ਬਣਾ ਕੇ ਕਮਿਊਨਿਸਟ ਤੇ ਕਿਰਤੀ ਪਾਰਟੀ ਨੇ ਇਕੱਠਿਆਂ ਚੋਣਾਂ ਲੜੀਆਂ। ਬਾਬਾ ਰੂੜ ਸਿੰਘ ਚੂਹੜ ਚੱਕ, ਬੀਬੀ ਰਘਬੀਰ ਕੌਰ, ਕਾਮਰੇਡ ਸੋਹਣ ਸਿੰਘ ਜੋਸ਼, ਕਾਬਲ ਸਿੰਘ, ਮਾਸਟਰ ਹਰੀ ਸਿੰਘ, ਹਰਜਾਪ ਸਿੰਘ ਤੇ ਤੇਜਾ ਸਿੰਘ ਸੁਤੰਤਰ ਐੱਮ ਐੱਲ ਏ ਚੁਣੇ ਗਏ।

ਇਨ੍ਹਾਂ ਲਹਿਰਾਂ ਦੀ ਜਿੱਤ ਨੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਛੱਡਣ ਵਾਸਤੇ ਮਜਬੂਰ ਕਰ ਦਿੱਤਾ ਤੇ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਇਹ ਹੈ ਕਿਰਤੀ ਦੀ ਦੇਸ਼ ਦੇ ਆਵਾਮ ਨੂੰ ਦੇਣ।


ਮੋਬਾ. 98760-78731

# ਲੋਕਤੰਤਰ ਦੀ ਸਿਉਂਕ ਨਿਆਂ ਪਾਲਿਕਾ ਤੱਕ ਜਾ ਪਹੁੰਚੀ ਹੈ ਤਾਂ ਸਫਾਈ ਵੀ ਓਸੇ ਨੂੰ ਕਰਨੀ ਪਵੇਗੀ

ਪਿਛਲੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਆਇਆ ਸੀ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੇ ਧੰਦੇ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦਾ, ਪਰ ਓਥੇ ਹਾਲਾਤ ਏਦਾਂ ਦੇ ਹੋ ਗਏ ਕਿ ਇੱਕ ਸਾਬਕਾ ਡੀ ਐੱਸ ਪੀ ਵੱਲੋਂ ਆਖੇ ਗਏ ਕੁਝ ਸ਼ਬਦਾਂ ਕਾਰਨ ਜੱਜ ਸਾਹਿਬਾਨ ਨੇ ਮਾਣਹਾਨੀ ਦਾ ਕੇਸ ਇਸ ਨਾਲੋਂ ਵੱਡਾ ਬਣਾ ਲਿਆ। ਪੰਜਾਬ ਪੁਲਸ ਦੇ ਉਸ ਸਾਬਕਾ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਨੂੰ ਮੈਂ ਕਦੀ ਮਿਲਿਆ ਨਹੀਂ, ਕਦੇ ਫੋਨ ਉੱਤੇ ਉਸ ਨਾਲ ਗੱਲ ਹੋਈ ਹੋਵੇ ਤਾਂ ਯਾਦ ਨਹੀਂ, ਪਰ ਉਹ ਜਿਹੜੇ ਮੁੱਦੇ ਲਗਾਤਾਰ ਚੁੱਕ ਰਿਹਾ ਹੈ, ਉਨ੍ਹਾਂ ਬਾਰੇ ਸਾਰਿਆਂ ਨੂੰ ਪਤਾ ਹੈ। ਇਹ ਕਹਿਣ ਵਿੱਚ ਕੋਈ ਹਰਜ਼ ਨਹੀਂ ਕਿ ਉਸ ਦੀ ਬੋਲ-ਬਾਣੀ ਚੰਗੀ ਨਹੀਂ, ਪਰ ਇਸ ਨੁਕਸ ਨੂੰ ਲਾਂਭੇ ਰੱਖ ਕੇ ਵੇਖੀਏ ਤਾਂ ਉਸ ਵੱਲੋਂ ਚੁੱਕੇ ਜਾਂਦੇ ਸਵਾਲ ਆਪਣੇ ਆਪ ਵਿੱਚ ਵੱਡਾ ਮੁੱਦਾ ਜਾਪਦੇ ਹਨ, ਜਿਨ੍ਹਾਂ ਬਾਰੇ ਸਮਾਜ ਚਿੰਤਤ ਹੈ। ਨਸ਼ੇ ਦੇ ਮੁੱਦੇ ਬਾਰੇ ਬਹਿਸ ਦਾ ਮੁੱਦਾ ਵੀ ਉਨ੍ਹਾਂ ਮੁੱਦਿਆਂ ਵਿੱਚ ਸ਼ਾਮਲ ਹੈ, ਪਰ ਇਸ ਦੀ ਸੁਣਵਾਈ ਮੌਕੇ ਚਰਚਾ ਇਸ ਗੱਲ ਦੀ ਚੱਲ ਪਈ ਕਿ ਨਿਆਂ ਪਾਲਿਕਾ ਵਿੱਚ ਸ਼ਾਮਲ ਜੱਜ ਸਾਹਿਬਾਨ ਆਪਣੇ ਬਾਰੇ ਨੁਕਤਾਚੀਨੀ ਦੀ ਕੋਈ ਸੁਰ ਸੁਣਨ ਲਈ ਤਿਆਰ ਨਹੀਂ ਅਤੇ ਜਿਸ ਕਿਸੇ ਨੇ ਕਦੇ ਏਦਾਂ ਦੀ ਆਵਾਜ਼ ਚੁੱਕੀ ਹੈ, ਉਸ ਦੇ ਖਿਲਾਫ ਮਾਣ-ਹਾਨੀ ਦਾ ਝੰਡਾ ਚੁੱਕ ਲੈਂਦੇ ਹਨ।

ਅਸੀਂ ਫਿਰ ਇਹ ਗੱਲ ਕਹਿ ਦੇਈਏ ਕਿ ਸੰਬੰਧਤ ਬੰਦੇ ਦੀ ਬੋਲ-ਬਾਣੀ ਠੀਕ ਨਹੀਂ, ਪਰ ਏਦਾਂ ਦੀ ਬੋਲੀ ਕਈ ਵਾਰ ਜੱਜ ਵੀ ਬੋਲਦੇ ਹਨ, ਜਿਸ ਬਾਰੇ ਦੱਸਿਆ ਜਾ ਸਕਦਾ ਹੈ। ਆਰ ਕੇ ਗਰਗ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹੁੰਦੇ ਸਨ, ਉਹ ਇੱਕ ਵਾਰ ਕਿਸੇ ਕੇਸ ਵਿੱਚ ਸੋਲਨ, ਹਿਮਾਚਲ ਪ੍ਰਦੇਸ਼ ਦੀ ਇੱਕ ਅਦਾਲਤ ਵਿੱਚ ਗਏ ਤਾਂ ਓਥੇ ਜੱਜ ਨੂੰ ਸਿਰਫ ਏਨਾ ਕਿਹਾ ਸੀ ਕਿ ਆਰਡਰ ਜਾਰੀ ਕਰਨ ਤੋਂ ਪਹਿਲਾਂ ਸੰਬੰਧਤ ਵਿਅਕਤੀ ਦਾ ਪੱਖ ਸੁਣ ਲਿਆ ਜਾਵੇ ਤਾਂ ਵੱਧ ਠੀਕ ਹੋਵੇਗਾ। ਏਨੀ ਗੱਲ ਤੋਂ ਭੜਕ ਕੇ ਜੱਜ ਨੇ ਉਨ੍ਹਾ ਲਈ 'ਸਕੌਂਡਰਲ' (ਬਦਮਾਸ਼) ਸ਼ਬਦ ਵਰਤ ਲਿਆ ਸੀ। ਇਸ ਦੇ ਬਾਅਦ ਗਰਗ ਨੇ ਜੋ ਕੁਝ ਕੀਤਾ ਸੀ, ਰਿਕਾਰਡ ਉੱਤੇ ਹੈ। ਆਰ ਕੇ ਗਰਗ ਦੇ ਖਿਲਾਫ ਏਸੇ ਕਾਰਨ ਮਾਣ-ਹਾਨੀ ਦਾ ਕੇਸ ਸ਼ੁਰੂ ਕੀਤਾ ਗਿਆ ਸੀ ਤੇ ਕਈ ਵਕੀਲ ਗਰਗ ਦੇ ਪੱਖ ਵਿੱਚ ਅਦਾਲਤ ਵਿੱਚ ਜਾ ਖੜੋਤੇ ਸਨ। ਅਦਾਲਤਾਂ ਵਿੱਚ ਏਦਾਂ ਦੇ ਪਲ ਕਈ ਵਾਰੀ ਆਏ ਹਨ, ਜਦੋਂ ਜੱਜਾਂ ਦਾ ਵਿਹਾਰ ਆਮ ਲੋਕਾਂ ਨੂੰ ਚੁਭਿਆ ਹੈ, ਪਰ ਜੱਜ ਦਾ ਵਿਹਾਰ ਅਣਗੌਲੇ ਕਰ ਕੇ ਉਸ ਦਾ ਵਿਰੋਧ ਕਰਨ ਵਾਲਿਆਂ ਵਿਰੁੱਧ ਮਾਣ-ਹਾਨੀ ਦਾ ਕੇਸ ਬਣ ਜਾਂਦਾ ਰਿਹਾ ਹੈ। ਏਦਾਂ ਦੇ ਵਿਹਾਰ ਨੂੰ ਲੋਕਤੰਤਰ ਦੇ ਅਨੁਕੂਲ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਦਾ ਆਮ ਲੋਕਾਂ ਵਿੱਚ ਚੰਗਾ ਅਸਰ ਨਹੀਂ ਪੈ ਰਿਹਾ।

ਪਿਛਲੀ ਉਨੱਤੀ ਜਨਵਰੀ ਦੇ ਦਿਨ ਪਠਾਨਕੋਟ ਵਿੱਚ ਇੱਕ ਪੱਤਰਕਾਰੀ ਸੈਮੀਨਾਰ ਵਿੱਚ ਅਸੀਂ ਇਹ ਕਿਹਾ ਸੀ ਕਿ ਨਿਆਂ ਪਾਲਿਕਾ ਕਈ ਵਾਰੀ ਮੀਡੀਏ ਬਾਰੇ ਟਿੱਪਣੀਆਂ ਕਰਦੀ ਹੈ ਤਾਂ ਅਸੀਂ ਇਤਰਾਜ਼ ਨਹੀਂ ਕਰਦੇ, ਪਰ ਨਿਆਂ ਪਾਲਿਕਾ ਖੁਦ ਵੀ ਦੋਸ਼ਾਂ ਤੋਂ ਮੁਕਤ ਨਹੀਂ। ਲੋਕਤੰਤਰ ਦਾ ਚੌਥਾ ਪਾਵਾ ਹੋਣ ਕਾਰਨ ਸਾਨੂੰ ਲੋਕਤੰਤਰ ਦੇ ਦੂਸਰੇ ਤਿੰਨ ਪਾਵਿਆਂ ਨੂੰ ਲੱਗੀ ਸਿਉਂਕ ਬਾਰੇ ਬੋਲਣਾ ਪਵੇਗਾ ਤੇ ਅਸੀਂ ਬੋਲਾਂਗੇ ਵੀ। ਇਹ ਸਾਡਾ ਫਰਜ਼ ਵੀ ਹੈ ਤੇ ਹੱਕ ਵੀ। ਜੇ ਨਿਆਂ ਪਾਲਿਕਾ ਨੂੰ ਇਤਰਾਜ਼ ਹੈ ਕਿ ਉਸ ਦੇ ਖਿਲਾਫ ਗੱਲਾਂ ਚੱਲਦੀਆਂ ਹਨ ਤਾਂ ਉਸ ਨੂੰ ਗੱਲਾਂ ਹੋਣ ਦੇ ਕਾਰਨ ਦੂਰ ਕਰਨੇ ਚਾਹੀਦੇ ਹਨ, ਕਿਸੇ ਹੁਕਮ ਨਾਲ ਲੋਕ ਇਹ ਗੱਲਾਂ ਕਰਨ ਤੋਂ ਨਹੀਂ ਹਟ ਸਕਦੇ। ਕਾਰਨ ਏਨੇ ਹਨ ਕਿ ਗਿਣਾਉਣੇ ਮੁਸ਼ਕਲ ਹਨ।

ਉਹ ਵਕਤ ਵੀ ਸਾਨੂੰ ਯਾਦ ਹੈ, ਜਦੋਂ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਦੇ ਖਿਲਾਫ ਮਹਾਂਦੋਸ਼ ਦਾ ਮਤਾ ਪਾਰਲੀਮੈਂਟ ਵਿੱਚ ਪੇਸ਼ ਹੋਇਆ ਸੀ ਤੇ ਪਾਸ ਇਸ ਲਈ ਨਹੀਂ ਸੀ ਹੋਇਆ ਕਿ ਮੌਕੇ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਇਸ਼ਾਰੇ ਨਾਲ ਵੋਟਿੰਗ ਵੰਡੀ ਗਈ ਸੀ। ਇੱਕ ਹੋਰ ਏਹੋ ਜਿਹੇ ਜੱਜ ਜਸਟਿਸ ਸੁਮਿਤਰਾ ਸੇਨ ਦੇ ਖਿਲਾਫ ਏਹੋ ਜਿਹਾ ਮਤਾ ਇੱਕ ਵਾਰੀ ਪਾਰਲੀਮੈਂਟ ਦੇ ਉੱਪਰਲੇ ਸਦਨ ਵਿੱਚ ਪੇਸ਼ ਹੋਇਆ ਅਤੇ ਜਦੋਂ ਓਥੋਂ ਪਾਸ ਹੋ ਗਿਆ ਤਾਂ ਦੂਸਰੇ ਸਦਨ ਵਿੱਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਜਸਟਿਸ ਸੁਮਿਤਰਾ ਸੇਨ ਅਸਤੀਫਾ ਦੇ ਗਿਆ ਸੀ। ਕਈ ਹੋਰ ਜੱਜਾਂ ਬਾਰੇ ਏਹੋ ਜਿਹੇ ਮਤੇ ਪੇਸ਼ ਹੋਣ ਤੱਕ ਪਹੁੰਚਦੇ ਅਸੀਂ ਵੇਖੇ ਹੋਏ ਹਨ। ਇਹੋ ਨਹੀਂ, ਕਈ ਵਾਰ ਵੱਡੀਆਂ ਅਦਾਲਤਾਂ ਵਿੱਚ 'ਅੰਕਲ ਜੱਜ' ਦਾ ਰੌਲਾ ਪੈਂਦਾ ਵੀ ਸਾਨੂੰ ਸੁਣਨ ਨੂੰ ਮਿਲਿਆ ਹੈ। 'ਅੰਕਲ ਜੱਜ' ਦਾ ਟੋਟਕਾ ਉਨ੍ਹਾਂ ਜੱਜਾਂ ਬਾਰੇ ਚੱਲਦਾ ਹੈ, ਜਿਨ੍ਹਾਂ ਦਾ ਕੋਈ ਪੁੱਤਰ, ਭਤੀਜਾ, ਧੀ, ਨੂੰਹ, ਜਵਾਈ ਜਾਂ ਘਰ ਦਾ ਕੋਈ ਹੋਰ ਵਕੀਲ ਉਨ੍ਹਾਂ ਦੀ ਆਪਣੀ ਅਦਾਲਤ ਵਿੱਚ ਵਕਾਲਤ ਕਰਦਾ ਹੈ। ਜਿਸ ਕਿਸੇ ਦੀ ਜ਼ਮਾਨਤ ਨਹੀਂ ਹੁੰਦੀ ਜਾਂ ਕੋਈ ਹੋਰ ਕੇਸ ਫਸ ਗਿਆ ਹੈ, ਉਹ ਜੱਜ ਸਾਹਿਬ ਦੇ ਪਰਵਾਰ ਦੇ ਕਿਸੇ ਮੈਂਬਰ ਵਕੀਲ ਨੂੰ ਮੁਖਤਾਰਨਾਮਾ ਦੇ ਦੇਵੇ ਤਾਂ ਲੋਕ ਇਸ ਨੂੰ ਅੱਧਾ ਕੰਮ ਹੋ ਗਿਆ ਮੰਨਣ ਲੱਗਦੇ ਹਨ। ਕਈ ਵਾਰੀ ਰੌਲਾ ਪੈਣ ਦੇ ਬਾਵਜੂਦ ਇਸ ਸ਼ਿਕਵੇ ਦਾ ਇਲਾਜ ਨਹੀਂ ਕੀਤਾ ਜਾ ਸਕਿਆ। ਓਦੋਂ ਪਰੇ ਦੀ ਗੱਲ ਇਹ ਹੈ ਕਿ ਕੋਈ ਜੱਜ ਬਦਲੀ ਕਾਰਨ ਕਿਸੇ ਹੋਰ ਸ਼ਹਿਰ ਜਾਂ ਕਿਸੇ ਹੋਰ ਰਾਜ ਵਿੱਚ ਚਲਾ ਜਾਵੇ ਤਾਂ ਓਥੇ ਪਹੁੰਚ ਕੇ ਉਸ ਕੋਲ ਲੱਗੇ ਕੇਸ ਲਈ ਸੰਬੰਧਤ ਧਿਰਾਂ ਕਈ ਵਾਰ ਉਸ ਜੱਜ ਦੀ ਪਿਛਲੀ ਹਾਈ ਕੋਰਟ ਜਾਂ ਪਿਛਲੇ ਸ਼ਹਿਰ ਤੋਂ ਵਕੀਲ ਕਰਨ ਪੁੱਜ ਜਾਂਦੀਆਂ ਹਨ। ਇਸ ਕਾਰਨ ਕੁਝ ਵਕੀਲਾਂ ਅਤੇ ਕੁਝ ਖਾਸ ਜੱਜਾਂ ਵਿਚਾਲੇ ਗਿੱਟ-ਮਿੱਟ ਚੱਲਣ ਦੀ ਚਰਚਾ ਚੱਲਦੀ ਹੈ। ਇੱਕ ਮੁੱਖ ਮੰਤਰੀ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਲੋਕਪਾਲ ਦੀ ਰਿਪੋਰਟ ਉੱਤੇ ਦਰਜ ਹੋਇਆ ਸੀ ਅਤੇ ਉਸ ਦਾ ਬਚਣਾ ਔਖਾ ਸੀ। ਮੁੱਖ ਮੰਤਰੀ ਨੇ ਹਾਈ ਕੋਰਟ ਦੇ ਸੰਬੰਧਤ ਜੱਜ ਦੀ ਪਿਛਲੀ ਨਿਯੁਕਤੀ ਵਾਲੀ ਹਾਈ ਕੋਰਟ ਤੋਂ ਇੱਕ ਵਕੀਲ ਕਰ ਲਿਆ। ਇਸ ਨਾਲ ਸਾਰੇ ਕੇਸ ਦਾ ਰੁਖ ਪਲਟ ਗਿਆ ਤੇ ਜੱਜ ਸਾਹਿਬ ਦੀ ਬੋਲੀ ਬਦਲਣ ਮਗਰੋਂ ਮੁੱਖ ਮੰਤਰੀ ਛੁੱਟ ਗਿਆ ਸੀ।

ਜੱਜਾਂ ਨੂੰ ਵੀ ਅਸੀਂ ਕਈ ਵਾਰ ਇੱਕ ਜਾਂ ਦੂਜੇ ਸੁਫਨੇ ਪਿੱਛੇ ਭੱਜਦੇ ਵੇਖਿਆ ਹੈ, ਕਿਉਂਕਿ ਜੱਜ ਵੀ ਇਨਸਾਨ ਹਨ ਅਤੇ ਹੋਰਨਾਂ ਵਾਂਗ ਉਨ੍ਹਾਂ ਦਾ ਵੀ ਆਪਣੇ ਪਰਵਾਰਾਂ ਲਈ 'ਕੁਝ' ਕਰਨ

## ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਨੂੰ ਜੀਅ ਕਰ ਸਕਦਾ ਹੈ। ਇਸ ਦੀ ਇੱਕ ਮਿਸਾਲ ਅੱਜਕੱਲ੍ਹ ਉਨ੍ਹਾਂ ਜੱਜਾਂ ਬਾਰੇ ਚਰਚਾ ਦਾ ਵਿਸ਼ਾ ਹੈ, ਜਿਨ੍ਹਾਂ ਨੇ ਅਯੁੱਧਿਆ ਕੇਸ ਬਾਰੇ ਫੈਸਲਾ ਦਿੱਤਾ ਸੀ। ਉਨ੍ਹਾਂ ਵਿੱਚੋਂ ਇੱਕ ਜੱਜ ਨੂੰ ਰਿਟਾਇਰਮੈਂਟ ਤੋਂ ਥੋੜ੍ਹੇ ਦਿਨ ਬਾਅਦ ਪਾਰਲੀਮੈਂਟ ਦੇ ਉਤਲੇ ਹਾਊਸ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਜਦੋਂ ਇਸ ਨਾਮਜ਼ਦਗੀ ਦੀ ਨੁਕਤਾਚੀਨੀ ਹੋਈ ਤਾਂ ਜੱਜ ਨੇ ਕਿਹਾ ਸੀ ਕਿ ਮੈਂਬਰੀ ਇਸ ਕਰ ਕੇ ਲਈ ਹੈ ਕਿ ਨਿਆਂ ਪਾਲਿਕਾ ਦੇ ਸੁਧਾਰ ਲਈ ਪਾਰਲੀਮੈਂਟ ਵਿੱਚ ਆਵਾਜ਼ ਉਠਾਉਣੀ ਹੈ। ਉਸ ਨੂੰ ਇਹ ਮੈਂਬਰੀ ਲਈ ਨੂੰ ਤਿੰਨ ਸਾਲ ਹੋਣ ਲੱਗੇ ਹਨ, ਪਰ ਅੱਜ ਤੱਕ ਓਥੇ ਕੋਈ ਸਵਾਲ ਉਸ ਨੇ ਨਹੀਂ ਪੁੱਛਿਆ। ਉਸ ਦੀ ਮੈਂਬਰੀ ਨੂੰ ਲੋਕ ਅਯੁੱਧਿਆ ਕੇਸ ਦੇ ਫੈਸਲੇ ਦਾ ਬੋਨਸ ਕਹਿੰਦੇ ਹਨ ਤਾਂ ਬੁਰਾ ਮਨਾਇਆ ਜਾਂਦਾ ਹੈ। ਭਾਜਪਾ ਦੇ ਆਗੂ ਅਰੁਣ ਜੇਤਲੀ ਨੇ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੌਰਾਨ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਰਿਟਾਇਰ ਹੋਣ ਪਿੱਛੋਂ ਜਦੋਂ ਜੱਜਾਂ ਨੂੰ ਕੋਈ ਏਦਾਂ ਦੀ ਪਦਵੀ ਦਿੱਤੀ ਜਾਵੇ ਤਾਂ ਲੋਕ ਉਸ ਜੱਜ ਵੱਲੋਂ ਕੀਤੇ ਪਹਿਲੇ ਫੈਸਲਿਆਂ ਨੂੰ ਉਸ ਪਦਵੀ ਦੇ ਅਗੇਤੇ ਵਾਅਦੇ ਨਾਲ ਜੋੜਨ ਲੱਗਦੇ ਹਨ। ਇਹ ਕੁਝ ਅੱਜ ਵਾਲੀ ਕੇਂਦਰ ਸਰਕਾਰ ਦੌਰਾਨ ਵੀ ਹੁੰਦਾ ਹੈ। ਸਾਨੂੰ ਯਾਦ ਹੈ ਕਿ ਭਾਰਤੀ ਸੁਪਰੀਮ ਕੋਰਟ ਦੇ ਇਤਿਹਾਸ ਵਿੱਚ ਇੱਕ ਵਾਰੀ ਪੰਜ ਸੀਨੀਅਰ ਜੱਜਾਂ ਨੇ ਆਪਣੇ ਚੀਫ ਜਸਟਿਸ ਦੇ ਵਿਹਾਰ ਦੇ ਖਿਲਾਫ ਪ੍ਰੈੱਸ ਕਾਨਫਰੰਸ ਕਰ ਕੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਸਨ। ਜਿਹੜਾ ਜੱਜ ਉਨ੍ਹਾਂ ਪੰਜ ਜੱਜਾਂ ਵੱਲੋਂ ਸਭ ਤੋਂ ਵੱਧ ਸਵਾਲ ਉਠਾਉਂਦਾ ਤੇ ਇਸ ਨੂੰ ਨਿਆਂ ਪਾਲਿਕਾ ਦੇ ਇਖਲਾਕ ਦਾ ਮੁੱਦਾ ਬਣਾਉਂਦਾ ਸੀ, ਉਹ ਬਾਅਦ ਵਿੱਚ ਅਯੁੱਧਿਆ ਕੇਸ ਦਾ ਫੈਸਲਾ ਦੇਣ ਵਾਲੇ ਬੈਂਚ ਵਿੱਚ ਸ਼ਾਮਲ ਸੀ ਅਤੇ ਰਿਟਾਇਰ ਹੋਣ ਪਿੱਛੋਂ ਪਾਰਲੀਮੈਂਟ ਦੀ ਮੈਂਬਰੀ ਲੈਣ ਵਾਲਾ ਵੀ ਉਹੋ ਜੱਜ ਸੀ। ਉਸ ਖਾਸ ਬੈਂਚ ਵਿੱਚ ਉਸ ਨਾਲ ਬੈਠੇ ਜੱਜਾਂ ਵਿੱਚੋਂ ਕਿਸੇ ਨੂੰ ਸੇਵਾ-ਮੁਕਤ ਹੁੰਦੇ ਸਾਰ ਕੋਈ ਵੱਡੀ ਚੇਅਰਮੈਨੀ ਮਿਲ ਗਈ ਅਤੇ ਕਿਸੇ ਨੂੰ ਕਿਸੇ ਰਾਜ ਦਾ ਗਵਰਨਰ ਲਾ ਦਿੱਤਾ ਗਿਆ ਸੀ। ਅਰੁਣ ਜੇਤਲੀ ਦੇ ਸ਼ਬਦ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ ਵੀ ਸਹੀ ਸਨ ਅਤੇ ਉਹ ਅੱਜ ਦੀ ਨਰਿੰਦਰ ਮੋਦੀ ਸਰਕਾਰ ਦੇ ਵਕਤ ਵੀ ਸਹੀ ਹਨ। ਨਿਆਂ ਪਾਲਿਕਾ ਇਸ ਖੇਡ ਬਾਰੇ ਚੁੱਪ ਹੈ।

ਕਿਹਾ ਜਾਂਦਾ ਹੈ ਕਿ ਸੁਪਰੀਮ ਕੋਰਟ ਦੇ ਜੱਜ ਸੰਵਿਧਾਨ ਦੇ ਬੜੇ ਵੱਡੇ ਜਾਣਕਾਰ ਹੁੰਦੇ ਹਨ ਤੇ ਉਨ੍ਹਾਂ ਨੂੰ ਕਿਸੇ ਵੀ ਵੱਡੇ ਅਹੁਦੇ ਉੱਤੇ ਲਾਉਣ ਨਾਲ ਗਲਤੀਆਂ ਤੋਂ ਬਚਿਆ ਜਾ ਸਕਦਾ ਹੈ, ਪਰ ਇਹ ਠੀਕ ਨਹੀਂ। ਸੁਪਰੀਮ ਕੋਰਟ ਦੀ ਜੱਜ ਜਸਟਿਸ ਫਾਤਿਮਾ ਬੀਬੀ ਨੂੰ ਤਾਮਿਲਨਾਡੂ ਦੀ ਗਵਰਨਰ ਲਾਇਆ ਗਿਆ ਸੀ। ਓਥੇ ਵਿਧਾਨ ਸਭਾ ਚੋਣਾਂ ਮੌਕੇ ਜਦੋਂ ਇੱਕ ਕੇਸ ਵਿੱਚ ਦੋਸ਼ੀ ਠਹਿਰਾਈ ਗਈ ਬੀਬੀ ਜੈਲਲਿਤਾ ਨੇ ਕਾਗਜ਼ ਭਰੇ ਸਨ ਤਾਂ ਰਿਟਰਨਿੰਗ ਅਫਸਰ ਨੇ ਰੱਦ ਕਰ ਕੇ ਕਿਹਾ ਸੀ ਕਿ ਦੋਸ਼ੀ ਸਾਬਤ ਹੋ ਚੁੱਕਾ ਵਿਅਕਤੀ ਚੋਣ ਲੜਨ ਦਾ ਹੱਕਦਾਰ ਨਹੀਂ। ਜੈਲਲਿਤਾ ਦੀ ਪਾਰਟੀ ਜਿੱਤ ਗਈ ਅਤੇ ਉਸ ਪਾਰਟੀ ਨੇ ਉਸ ਨੂੰ ਆਪਣੀ ਲੀਡਰ ਚੁਣ ਲਿਆ। ਗਵਰਨਰ ਜਸਟਿਸ ਫਾਤਿਮਾ ਬੀਬੀ ਨੇ ਉਸ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ। ਸੁਪਰੀਮ ਕੋਰਟ ਨੇ ਓਦੋਂ ਇਹ ਫੈਸਲਾ ਦਿੱਤਾ ਸੀ ਕਿ ਜੈਲਲਿਤਾ ਚੋਣ ਲੜ ਸਕਣ ਦੇ ਕਾਬਲ ਨਹੀਂ ਤੇ ਓਸੇ ਤਰ੍ਹਾਂ ਉਹ ਮੁੱਖ ਮੰਤਰੀ ਬਣਨ ਦੀ ਵੀ ਹੱਕਦਾਰ ਨਹੀਂ ਤੇ ਸਾਬਕਾ ਜੱਜ ਜਸਟਿਸ ਫਾਤਿਮਾ ਬੀਬੀ ਨੇ ਉਸ ਨੂੰ ਸਹੁੰ ਚੁਕਾ ਕੇ ਗਲਤ ਕੰਮ ਕੀਤਾ ਹੈ। ਓਸੇ ਘੜੀ ਜੈਲਲਿਤਾ ਨੂੰ ਕੁਰਸੀ ਛੱਡਣੀ ਪਈ ਤੇ ਜਸਟਿਸ ਫਾਤਿਮਾ ਬੀਬੀ ਆਪਣਾ ਅਸਤੀਫਾ ਦੇ ਕੇ ਘਰ ਨੂੰ ਤੁਰ ਗਈ ਸੀ। ਉਸ ਦੀ ਜੱਜ ਵਾਲੀ ਸਿਆਣਪ ਓਥੇ ਕੰਮ ਕਿਉਂ ਨਹੀਂ ਸੀ ਆਈ!

ਅੱਜਕੱਲ੍ਹ ਪੰਜਾਬ ਵਿੱਚ ਸਾਬਕਾ ਜੱਜ ਨਿਰਮਲ ਯਾਦਵ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਇੱਕ ਕੇਸ ਚੱਲਦਾ ਹੈ। ਹਾਈ ਕੋਰਟ ਦੀ ਜੱਜ ਹੁੰਦੇ ਸਮੇਂ ਉਸ ਨੂੰ ਕਿਸੇ ਨੇ ਨੋਟਾਂ ਦਾ ਭਰਿਆ ਬੈਗ ਭੇਜਿਆ ਸੀ, ਪਰ ਜਸਟਿਸ ਨਿਰਮਲ ਦੇ ਘਰ ਜਾਣ ਦੀ ਥਾਂ ਗਲਤੀ ਨਾਲ ਉਸ ਨਾਲ ਨਾਂਅ ਮਿਲਦਾ ਹੋਣ ਕਾਰਨ ਉਹੀ ਬੈਗ ਜਸਟਿਸ ਨਿਰਮਲਜੀਤ ਕੌਰ ਦੇ ਦਰਵਾਜ਼ੇ ਉੱਤੇ ਖੜੇ ਸੰਤਰੀ ਕੋਲ ਪਹੁੰਚ ਗਿਆ। ਜਸਟਿਸ ਨਿਰਮਲਜੀਤ ਕੌਰ ਨੇ ਪੁਲਸ ਸੱਦ ਕੇ ਇਸ ਦੀ ਜਾਂਚ ਕਰਨ ਨੂੰ ਕਹਿ ਦਿੱਤਾ। ਰੌਲਾ ਪੈ ਗਿਆ ਤਾਂ ਜਸਟਿਸ ਨਿਰਮਲ ਯਾਦਵ ਤੋਂ ਅਦਾਲਤ ਦਾ ਕੰਮ ਇੱਕ ਵਾਰ ਛੁਡਾ ਲਿਆ ਗਿਆ, ਪਰ ਪਿੱਛੋਂ ਕਿਸੇ ਹੋਰ ਹਾਈ ਕੋਰਟ ਵਿੱਚ ਉਸ ਨੂੰ ਭੇਜ ਦਿੱਤਾ ਗਿਆ ਅਤੇ ਰਿਟਾਇਰਮੈਂਟ ਤੱਕ ਉਹ ਦੂਜੇ ਲੋਕਾਂ ਨਾਲ ਸੰਬੰਧਤ ਕੇਸਾਂ ਦੇ ਫੈਸਲੇ ਕਰਦੀ ਰਹੀ ਸੀ। ਅੱਜਕੱਲ੍ਹ ਉਸ ਦੇ ਖਿਲਾਫ ਕੇਸ ਦੀ ਸੁਣਵਾਈ ਚੱਲਦੀ ਪਈ ਹੈ। ਅੰਤਮ ਫੈਸਲੇ ਦੇ ਵਕਤ ਉਹ ਨਿਰਦੋਸ਼ ਵੀ ਕਰਾਰ ਦਿੱਤੀ ਜਾ ਸਕਦੀ ਹੈ, ਹਾਲਾਂਕਿ ਇਸ ਦੀ ਆਸ ਘੱਟ ਹੈ, ਪਰ ਜੇ ਉਸ ਨੂੰ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਤਾਂ ਜਿਹੜੇ ਫੈਸਲੇ ਹਾਈ ਕੋਰਟ ਦੀ ਜੱਜ ਵਜੋਂ ਨਿਰਮਲ ਯਾਦਵ ਕਰਦੀ ਰਹੀ ਹੈ, ਉਨ੍ਹਾਂ ਸਭ ਕੇਸਾਂ ਬਾਰੇ ਇਹ ਗੱਲ ਕਹੀ ਜਾਣ ਲੱਗ ਜਾਵੇਗੀ ਕਿ ਇਹ ਫੈਸਲਾ ਫਲਾਣੀ ਜੱਜ ਨੇ ਕੀਤਾ ਹੋਣ ਕਾਰਨ ਸ਼ੱਕੀ ਹੈ। ਭਾਰਤੀ ਨਿਆਂ ਪਾਲਿਕਾ ਇਸ ਗੱਲ ਦਾ ਕੋਈ ਜਵਾਬ ਨਹੀਂ ਦੇਵੇਗੀ ਕਿ ਇੱਕ ਦਾਗੀ ਮੰਨੀ ਜਾਂਦੀ ਜੱਜ ਨੂੰ ਉਸ ਦੇ ਆਪਣੇ ਖਿਲਾਫ ਕੇਸ ਦੇ ਫੈਸਲੇ ਵਿੱਚ ਨਿਰਦੋਸ਼ ਸਾਬਤ ਹੋਣ ਤੱਕ ਅਦਾਲਤੀ ਕੁਰਸੀ ਉੱਤੇ ਕਿਉਂ ਬਿਠਾਈ ਰੱਖਿਆ ਸੀ!

ਅਸੀਂ ਇਹੋ ਜਿਹੇ ਕਈ ਕੇਸ ਦੱਸ ਸਕਦੇ ਹਾਂ, ਸਣੇ ਹਾਈ ਕੋਰਟ ਦੇ ਇੱਕ ਜੱਜ ਵੱਲੋਂ ਫੈਸਲਾ ਲਿਖਵਾਉਣ ਲਈ ਆਪਣੇ ਘਰ ਮੰਗਵਾਈ ਫਾਈਲ ਉਸੇ ਕੇਸ ਦੀ ਇੱਕ ਧਿਰ ਦੇ ਵਕੀਲ ਦੇ ਘਰ ਪੁੱਜਣ ਦੇ। ਚਰਚਾ ਸੀ ਕਿ ਉਸ ਵਕੀਲ ਦੇ ਰਾਹੀਂ ਸੌਦਾ ਵੱਜਣ ਪਿੱਛੋਂ ਜੱਜ ਨੇ ਉਹ ਫਾਈਲ ਉਸੇ ਨੂੰ ਦੇ ਦਿੱਤੀ, ਤਾਂ ਕਿ ਮਰਜ਼ੀ ਦਾ ਫੈਸਲਾ ਲਿਖ ਲਵੇ। ਦਿੱਲੀ ਨਾਲ ਲੱਗਦੇ ਕਸਬੇ ਵਿੱਚ ਉਸ ਵਕੀਲ ਦੇ ਘਰ ਇੱਕ ਕੇਂਦਰੀ ਜਾਂਚ ਏਜੰਸੀ ਦਾ ਛਾਪਾ ਪੈ ਗਿਆ ਤੇ ਵਕੀਲ ਨੂੰ ਫੜਨ ਵਾਸਤੇ ਗਈ ਹੋਈ ਜਾਂਚ ਟੀਮ ਦੇ ਜਾਲ ਵਿੱਚ ਉਹ ਜੱਜ ਵੀ ਫਸ ਗਿਆ ਸੀ। ਫਿਰ ਉਹ ਇਹ ਕਹਿ ਕੇ ਅਗੇਤੀ ਸੇਵਾ-ਮੁਕਤੀ ਲੈ ਗਿਆ ਸੀ ਕਿ ਉਸ ਦੀ ਪਤਨੀ ਦੀ ਸਿਹਤ ਠੀਕ ਨਹੀਂ ਰਹਿੰਦੀ। ਪੰਜਾਬ ਜਾਂ ਹਰਿਆਣਾ ਅਤੇ ਭਾਰਤ ਦੇ ਹੋਰ ਕਿਸ ਰਾਜ ਵਿੱਚ ਕਿੰਨੇ ਜੱਜਾਂ ਨੂੰ ਗਲਤ ਵਿਹਾਰ ਦੇ ਦੋਸ਼ਾਂ ਹੇਠ ਨੌਕਰੀ ਤੋਂ ਅਸਤੀਫਾ ਦੇਣਾ ਪੈ ਚੁੱਕਾ ਹੈ ਤੇ ਉਨ੍ਹਾਂ ਦੇ ਖਿਲਾਫ ਗਲਤ ਵਿਹਾਰ ਦਾ ਅਸਲ ਵਿੱਚ ਮੁੱਦਾ ਕੀ ਸੀ, ਉਹ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ, ਸਾਰਿਆਂ ਨੂੰ ਪਤਾ ਹੈ।

ਭਾਰਤੀ ਲੋਕਤੰਤਰ ਨੂੰ ਗਹੁ ਨਾਲ ਵੇਖੀਏ ਤਾਂ ਸਾਰੇ ਅੰਗਾਂ ਨੂੰ ਇਸ ਵੇਲੇ ਸਿਉਂਕ ਲੱਗ ਚੁੱਕੀ ਹੈ ਤੇ ਇਸ ਸਿਉਂਕ ਦੀ ਮਾਰ ਵਿਧਾਨ-ਪਾਲਿਕਾ (ਪਾਰਲੀਮੈਂਟ, ਵਿਧਾਨ ਸਭਾਵਾਂ), ਕਾਰਜ-ਪਾਲਿਕਾ (ਸ਼ਾਸਨ ਚਲਾਉਣ ਵਾਲੇ ਅਧਿਕਾਰੀਆਂ) ਅਤੇ ਨਿਆਂ-ਪਾਲਿਕਾ ਹੀ ਨਹੀਂ, ਮੀਡੀਏ ਤੱਕ ਵੀ ਪਹੁੰਚੀ ਹੋਈ ਹੈ। ਅਸੀਂ ਲੋਕ ਆਪਣੇ ਖੇਤਰ ਦੇ ਹਰ ਮਾੜੇ ਅਨਸਰ ਦੇ ਖਿਲਾਫ ਬੋਲਣ ਨੂੰ ਸਦਾ ਤਿਆਰ ਹਾਂ, ਕਿਉਂਕਿ ਦੇਸ਼ ਦੇ ਲੋਕਤੰਤਰ ਲਈ ਜਿੰਨਾ ਗਲਤ ਦੂਸਰੇ ਤਿੰਨ ਅੰਗਾਂ ਦੇ ਦਾਗੀ ਹੋਣ ਨੂੰ ਸਮਝਦੇ ਹਾਂ, ਓਨਾ ਹੀ ਮੀਡੀਏ ਦਾ ਦਾਗੀ ਹੋਣਾ ਵੀ ਗਲਤ ਮੰਨਦੇ ਹਾਂ। ਨਿਆਂ ਪਾਲਿਕਾ ਵਾਲਿਆਂ ਨੂੰ ਵੀ ਇਸ ਪੱਖ ਤੋਂ ਕਦੇ-ਕਦਾਈਂ ਆਪਣੇ ਨਿਆਂਇਕ ਪਿੜ ਵਿੱਚ ਆਣ ਵੜੇ ਗਲਤ ਅਨਸਰਾਂ ਜਾਂ ਪਹਿਲਾਂ ਸਾਫ ਹੋਣ ਦੇ ਬਾਵਜੂਦ ਬਾਕੀਆਂ ਵੱਲ ਵੇਖ ਕੇ ਵਿਗੜ ਚੁੱਕੇ ਤੱਤਾਂ ਬਾਰੇ ਝਾਤੀ ਮਾਰਨੀ ਅਤੇ ਸਫਾਈ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਿਆਂ ਪਾਲਿਕਾ ਹਾਲੇ ਤੱਕ ਆਪਣਾ ਪਿੜ ਸਾਫ ਨਹੀਂ ਰੱਖ ਸਕੀ। ਜੇ ਨਿਆਂ ਪਾਲਿਕਾ ਬਾਕੀਆਂ ਬਾਰੇ ਫਤਵੇ ਜਾਰੀ ਕਰਦੀ ਰਹੇ ਤੇ ਆਪਣੇ ਵਿਹੜੇ ਵਿੱਚ 'ਅੰਕਲ ਜੱਜ' ਤੋਂ ਸ਼ੁਰੂ ਕਰ ਕੇ ਕਈ ਤਰ੍ਹਾਂ ਦੇ ਮਾੜੇ ਵਰਤਾਰਿਆਂ ਬਾਰੇ ਚੁੱਪ ਵੱਟਣ ਨੂੰ ਠੀਕ ਮੰਨਦੀ ਰਹੇ ਤਾਂ ਫਿਰ ਇਹ ਗੱਲਾਂ ਆਮ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਨਗੀਆਂ ਅਤੇ ਏਸੇ ਲਈ ਬਣ ਰਹੀਆਂ ਹਨ।

# ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਗਮ 2023

**ਸੁਕੀਰਤ**

2019 ਤੋਂ ਸ਼ੁਰੂ ਕਰਕੇ ਹਰ ਸਾਲ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਯਾਦ ਵਿਚ ਪੱਤਰਕਾਰੀ ਵਿਚ ਸ਼ਲਾਘਾਯੋਗ ਹਿਸਾ ਪਾਉਣ ਵਾਲੇ ਪੱਤਰਕਾਰ ਨੂੰ 51,000 ਰੁਪਏ ਦਾ, ਅਤੇ ਉਰਮਿਲਾ ਆਨੰਦ ਦੀ ਯਾਦ ਵਿਚ ਸਾਲ ਵਿਚ ਛਪੀਆਂ ਸਾਰੀਆਂ ਕਹਾਣੀਆਂ ਵਿੱਚੋਂ ਬਿਹਤਰੀਨ ਚੁਣੀ ਗਈ ਕਹਾਣੀ ਦੇ ਲੇਖਕ ਨੂੰ 21,000 ਰੁਪਏ ਦਾ ਪੁਰਸਕਾਰ ਦਿੱਤਾ ਜਾਂਦਾ ਹੈ। ਹੁਣ ਤੱਕ ਇਸ ਲੜੀ ਤਹਿਤ ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਸ਼ਿਵਿੰਦਰ ਸਿੰਘ ਨੂੰ (2019), ਪ੍ਰਭਜੀਤ ਸਿੰਘ ਨੂੰ (2020) , ਸਵਰਾਜਬੀਰ ਨੂੰ (2021) ਅਤੇ ਜਤਿੰਦਰ ਕੌਰ ਤੁੜ ਨੂੰ (2022) ਵਿਚ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਨਾਲ ਸਨਮਾਨਿਆ ਜਾ ਚੁੱਕਾ ਹੈ। ਏਸੇ ਤਰ੍ਹਾਂ ਉਰਮਿਲਾ ਆਨੰਦ ਸਿਮਰਤੀ ਪੁਰਸਕਾਰ ਨਾਲ 2019 ਦੀ ਬਿਹਤਰੀਨ ਕਹਾਣੀ ਲਈ ਬਲਵਿੰਦਰ ਗਰੇਵਾਲ ਨੂੰ ਉਨ੍ਹਾਂ ਦੀ ਕਹਾਣੀ 'ਡਬੋਲੀਆ' ਲਈ, 2020 ਵਿਚ ਬਿੰਦਰ ਬਸਰਾ ਨੂੰ ਕਹਾਣੀ 'ਕਲ੍ਹ ਵੀ ਆਉਣੈ' ਲਈ, 2021 ਵਿਚ ਹਰਪ੍ਰੀਤ ਸੇਖਾ ਨੂੰ ਕਹਾਣੀ 'ਉਹ ਰਾਤ' ਲਈ ਅਤੇ 2022 ਵਿਚ ਅਲੀ ਉਸਮਾਨ ਬਾਜਵਾ ਨੂੰ 'ਤਪਦੀ ਛਾਂ' ਲਈ ਸਨਮਾਨਿਆ ਗਿਆ।

ਇਨ੍ਹਾਂ ਪੁਰਸਕਾਰਾਂ ਲਈ ਮਾਇਕ ਵਸੀਲੇ ਪੈਦਾ ਕਰਨੇ ਏਡਾ ਔਖਾ ਕੰਮ ਨਹੀਂ, ਜੇਡਾ ਔਖਾ ਨਿਰਪੱਖ ਹੋ ਕੇ ਸਹੀ ਹੱਕਦਾਰ ਦੀ ਚੋਣ ਕਰ ਸਕਣਾ ਹੈ। ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਸਾਡੀ ਕੋਸ਼ਿਸ਼ ਰਹੀ ਹੈ ਕਿ ਉਨ੍ਹਾਂ ਪੱਤਰਕਾਰਾਂ ਨੂੰ ਸਨਮਾਨਿਆ ਜਾਵੇ, ਜੋ ਕਾਲਮਨਵੀਸ ਜਾਂ ਸੰਪਾਦਕ ਨਹੀਂ, ਬਲਕਿ ਖਬਰਾਂ ਲੱਭਣ ਅਤੇ ਨਸ਼ਰ ਕਰਨ ਲਈ ਸਰਗਰਮ ਹੋ ਕੇ ਕਿਸੇ ਇਲਾਕੇ ਜਾਂ ਸੰਦਰਭ ਵਿਸ਼ੇਸ਼ ਤਹਿਤ ਕੰਮ ਕਰਦੇ ਹਨ। ਪੱਤਰਕਾਰੀ ਦੇ ਖੇਤਰ ਦੇ ਇਹ ਉਹ ਜਾਂਬਾਜ਼ ਸਿਪਾਹੀ ਹੀ ਹਨ, ਜੋ ਆਪਣੀ ਮਿਹਨਤ ਅਤੇ ਤਿੱਖੀ ਨਜ਼ਰ ਤੇ ਪੜਚੋਲ ਰਾਹੀਂ ਸਾਡਾ ਧਿਆਨ ਉਨ੍ਹਾਂ ਗੱਲਾਂ ਵੱਲ ਦੁਆਉਂਦੇ ਹਨ ਜੋ ਜਾਂ ਤਾਂ ਅਣਗੌਲੀਆਂ ਹੀ ਰਹਿ ਜਾਂਦੀਆਂ ਹਨ, ਜਾਂ ਜਿਨ੍ਹਾਂ ਨੂੰ ਢਕਣ-ਦਫ਼ਨਾਉਣ ਦੇ ਉਪਰਾਲੇ ਲਗਾਤਾਰ ਕੀਤੇ ਜਾਂਦੇ ਹਨ। ਇਸ ਵਾਰ ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਨਾਲ ਸਰਗਰਮ ਰਿਪੋਰਟਰ ਅਤੇ ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਨੂੰ ਸਨਮਾਨਿਆ ਜਾਵੇਗਾ, ਜੋ ਪਿਛਲੇ 12 ਵਰ੍ਹਿਆਂ ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਵੇਰਵੇ ਹਾਸਲ ਕਰਕੇ ਲੋਕ ਪੱਖੀ ਰਿਪੋਰਟਿੰਗ ਦਾ ਵਡਮੁੱਲਾ ਕਾਰਜ ਕਰ ਰਹੇ ਹਨ।

ਏਸੇ ਤਰ੍ਹਾਂ, ਜਦੋਂ ਅਸੀਂ ਉਰਮਿਲਾ ਜੀ ਦੀ ਯਾਦ ਵਿਚ ਸਾਲ ਦੀ ਬਿਹਤਰੀਨ ਕਹਾਣੀ ਨੂੰ ਪੁਰਸਕਾਰਨ ਦਾ ਫੈਸਲਾ ਲਿਆ, ਸਾਡੇ ਸਾਹਮਣੇ ਇਕੋ-ਇਕ ਟੀਚਾ ਸੀ ਕਿ ਇਸ ਪੁਰਸਕਾਰ ਉਤੇ ਕਿਸੇ





ਕਿਸਮ ਦਾ ਪੱਖਪਾਤੀ ਪਰਛਾਵਾਂ ਬਿਲਕੁਲ ਨਾ ਹੋਵੇ, ਏਥੋਂ ਤੱਕ ਕਿ ਸਾਡੀ ਆਪਣੀ ਨਿੱਜੀ ਰਾਏ ਦਾ ਵੀ ਨਹੀਂ। ਲੰਮੇ ਰਾਏ-ਮਸ਼ਵਰੇ ਅਤੇ ਕਈ ਸਲਾਹਾਂ-ਬਹਿਸਾਂ ਤੋਂ ਮਗਰੋਂ ਉਰਮਿਲਾ ਆਨੰਦ ਯਾਦਗਾਰੀ ਪੁਰਸਕਾਰ ਲਈ ਸਾਲ ਵਿਚ ਛਪੀਆਂ ਸਭ ਤੋਂ ਵਧੀਆ ਕਹਾਣੀਆਂ ਦੀ ਨਿਸ਼ਾਨਦੇਹੀ ਕਰਨ ਲਈ ਅਸੀਂ ਜਿਹੜੀ ਵਿਧੀ ਅਸੀਂ ਅਪਣਾਈ ਹੋਈ ਹੈ, ਉਸ ਦਾ ਵੇਰਵਾ ਇਉਂ ਹੈ: ਹਰ ਵਰ੍ਹੇ ਦੇ ਮੁੱਢਲੇ ਦਿਨਾਂ ਵਿਚ ਪੰਜਾਬੀ ਦੇ ਸਤ ਅਦੀਬਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਾਲ ਭਰ ਵਿਚ ਛਪਣ ਵਾਲੀਆਂ ਸਾਰੀਆਂ ਕਹਾਣੀਆਂ ਇਸ ਨਜ਼ਰ ਨਾਲ ਪੜ੍ਹਨ ਕਿ ਸਾਲ ਦੇ ਅੰਤ ਵਿਚ ਆਪਣੀਆਂ ਚੋਣਵੀਆਂ ਕਹਾਣੀਆਂ ਦੀ ਸਿਫ਼ਾਰਸ਼ ਸਾਨੂੰ ਭੇਜ ਸਕਣ। ਪਹਿਲੇ ਚਾਰ ਸਾਲ ਅਸੀਂ ਇਸ ਪਰਖ ਕਮੇਟੀ ਦੇ ਹਰ ਮੈਂਬਰ ਕੋਲੋਂ ਸਿਰਫ ਦੋ-ਦੋ ਕਹਾਣੀਆਂ ਮੰਗਦੇ ਰਹੇ, ਪਰ ਇਸ ਸਾਲ ਤੋਂ ਮੁੱਢਲੇ ਚੋਣ ਘੇਰੇ ਨੂੰ ਵਿਸ਼ਾਲ ਕਰਨ ਲਈ ਸਭਨਾਂ ਨੂੰ ਆਪੋ-ਆਪਣੀ ਪਸੰਦ ਦੀਆਂ ਪੰਜ-ਪੰਜ ਕਹਾਣੀਆਂ ਭੇਜਣ ਲਈ ਕਿਹਾ ਗਿਆ। ਇਨ੍ਹਾਂ ਸੱਤ ਨਾਂਵਾਂ ਵਿਚ ਪੰਜਾਬੀ ਦੇ ਪਰਸਿਧ ਕਹਾਣੀਕਾਰ, ਆਲੋਚਕ ਅਤੇ ਸੰਪਾਦਕ ਸ਼ਾਮਲ ਹੁੰਦੇ ਹਨ, ਪਰ ਇਨ੍ਹਾਂ ਸੱਤਾਂ 'ਚੋਂ ਕਿਸੇ ਨੂੰ ਵੀ ਨਹੀਂ ਦੱਸਿਆ ਜਾਂਦਾ ਕਿ ਬਾਕੀ ਦੇ ਛੇ ਕੌਣ ਹਨ। ਪੰਜਾਬੀ ਅਦਬ ਨਾਲ ਵੱਖੋ ਵੱਖ ਖੇਤਰਾਂ ਰਾਹੀਂ ਜੁੜੇ ਇਨ੍ਹਾਂ ਚੋਣਕਾਰਾਂ ਰਾਹੀਂ ਕਰਾਈ ਗਈ ਇਹ ਸਮੂਹਕ ਚੋਣ ਇਸ ਗੱਲ ਦਾ ਵੀ ਉਪਰਾਲਾ ਹੈ ਕਿ ਪੁਰਸਕਾਰ ਲਈ ਸੁਯੋਗ ਕੋਈ ਵੀ ਕਹਾਣੀ ਕਿਤੇ ਨਜ਼ਰੋਂ ਉਕ ਨਾ ਜਾਵੇ। ਸਾਲ ਭਰ ਦੇ ਪਰਚਿਆਂ ਵਿਚ ਛਪਣ ਵਾਲੀ ਹਰ ਕਹਾਣੀ ਨੂੰ ਪੜ੍ਹ ਸਕਣਾ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ, ਪਰ ਸੱਤ ਚੇਤੰਨ ਸਾਹਿਤ-ਰਸੀਆਂ ਦੀ ਮਦਦ ਨਾਲ ਅਸੀਂ ਇਸ ਕਿਸਮ ਦੀ ਉਕਾਈ ਦੀ ਸੰਭਾਵਨਾ ਨੂੰ ਵੀ ਤਕਰੀਬਨ ਖਾਰਜ ਹੀ ਕਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾ ਸੱਤ ਪਾਰਖੂਆਂ ਕੋਲੋਂ ਮਿਲਣ ਵਾਲੀ ਮੁੱਢਲੀ ਸੂਚੀ ਨੂੰ ਮੇਲ ਕੇ, ਉਸ ਦੇ ਸਾਂਝੇ ਨਿਚੋੜ ਰਾਹੀਂ ਸਭ ਤੋਂ ਉਪਰ ਨਿੱਤਰ ਕੇ ਆਉਣ ਵਾਲੀਆਂ ਦਸ ਕਹਾਣੀਆਂ ਨੂੰ ਹਥਲੀ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ।

ਇਨ੍ਹਾ ਸੱਤ ਚੋਣਕਾਰਾਂ ਦੀ ਫਹਿਰਿਸਤ ਵਿਚ ਵੀ ਕੁਝ ਤਬਦੀਲੀਆਂ ਹਰ ਸਾਲ ਜ਼ਰੂਰ ਕੀਤੀਆਂ ਜਾਂਦੀਆਂ ਹਨ। ਇਵੇਂ ਕਰਨ ਪਿਛੇ ਸਾਡੀ ਭਾਵਨਾ ਇਹ ਹੈ ਕਿ ਹਰ ਵਰ੍ਹੇ ਇਕੋ ਕਿਸਮ ਦਾ ਸੁਹਜ ਜਾਂ ਪਰਖ-ਢੰਗ ਕਹਾਣੀਆਂ ਦੀ ਚੋਣ ਉਤੇ ਹਾਵੀ ਨਾ ਹੁੰਦਾ ਰਹੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੱਤ ਚੋਣਕਾਰਾਂ ਦੀ ਨਿੱਜੀ ਪਸੰਦ ਬਣ ਕੇ ਉਭਰੀਆਂ ਕਹਾਣੀਆਂ ਕਿਸੇ ਨੂੰ ਉੱਨੀ, ਕਿਸੇ ਨੂੰ ਇੱਕੀ ਜਾਪ ਸਕਦੀਆਂ ਹਨ, ਕਿਉਂਕੇ ਕਿਸੇ ਵੀ ਕਲਾਤਮਕ ਜਾਂ ਸਾਹਿਤਕ ਕਿਰਤ ਨੂੰ ਪਰਖਣ ਦੀ ਕਸੌਟੀ ਕਦੀ ਵੀ ਇਕਸਾਰ ਨਹੀਂ ਹੁੰਦੀ, ਨਾ ਹੋ ਸਕਦੀ ਹੈ। ਆਪੋ ਆਪਣੀ ਸੁਹਜ-ਪਰਨਾਲੀ ਅਤੇ ਪੜ੍ਹਤ-ਢੰਗ ਮੁਤਾਬਕ ਹਰ ਪਾਠਕ/ਆਲੋਚਕ ਆਪਣੀ ਪਸੰਦ ਦਾ ਮਾਲਕ ਆਪ ਹੁੰਦਾ ਹੈ। ਅਸੀਂ ਆਪਣੇ ਨਿੱਜੀ ਸਬੰਧਾਂ ਤੋਂ ਉਪਰ ਉਠ ਕੇ ਨਿਰਪੱਖ ਨਿਰੀਖਣ ਦੀ ਯੋਗਤਾ ਹਾਸਲ ਕਰ ਵੀ ਲਈਏ, ਪਰਖ ਅਸੀਂ ਆਪਣੇ ਨਿੱਜੀ ਦ੍ਰਿਸ਼ਟੀਕੋਣ ਅਤੇ ਸੁਹਜ-ਸੂਝ ਦੀਆਂ ਸੀਮਾਵਾਂ ਅੰਦਰ ਰਹਿ ਕੇ ਹੀ ਕਰ ਸਕਦੇ ਹਾਂ, ਅਤੇ ਹੋਣਾ ਵੀ ਇੰਜ ਹੀ ਚਾਹੀਦਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਮੂਹਕ ਉਪਰਾਲੇ ਨਾਲ ਚੁਣੀਆਂ ਗਈਆਂ ਇਹ ਕਹਾਣੀਆਂ ਪੂਰੇ ਵਰ੍ਹੇ ਵਿਚ ਸਾਹਮਣੇ ਆਈ ਪੰਜਾਬੀ ਕਹਾਣੀ ਦੇ ਮੁਹਾਂਦਰੇ ਨੂੰ ਸਮੁੱਚੇ ਤੌਰ ਉਤੇ ਪ੍ਰਤੀਬਿੰਬਤ ਜ਼ਰੂਰ ਕਰਦੀਆਂ ਹਨ। ਇਹ ਕਹਾਣੀਆਂ ਨਾ ਸਿਰਫ 2022 ਵਿਚ ਛਪ ਕੇ ਆਈਆਂ ਕਹਾਣੀਆਂ ਦਾ ਮੁਹਾਂਦਰਾ ਹਨ, ਏਸ ਸਮੇਂ ਕਹਾਣੀ ਦੇ ਖੇਤਰ ਵਿੱਚ ਸਰਗਰਮ ਲੇਖਕਾਂ ਦੀਆਂ ਕਈ ਪੀੜ੍ਹੀਆਂ ਦੀ ਨੁਮਾਇੰਦਗੀ ਵੀ ਹਨ ਅਤੇ ਸਮੁੱਚੀ ਪੰਜਾਬੀ ਕਹਾਣੀ ਵਿਚ ਅਜੋਕੀ ਪੰਜਾਬੀ ਮਾਨਸਿਕਤਾ ਦੇ ਬਹੁ ਪੱਧਰੇ ਚਿਤਰਣ ਦੀਆਂ ਲਖਾਇਕ ਵੀ। ਨਾਲ ਹੀ, ਇਹਨਾਂ ਕਹਾਣੀਆਂ ਨੂੰ ਪੜ੍ਹਦਿਆਂ ਇਹ ਅਹਿਸਾਸ ਹੋਣੋਂ ਵੀ ਨਹੀਂ ਰਹਿੰਦਾ ਕਿ ਪੰਜਾਬੀ ਕਹਾਣੀ ਕਲਾ ਅਤੇ ਨਿਭਾਅ ਦੇ ਪੱਖੋਂ ਕਿੰਨੀ ਅਮੀਰ ਅਤੇ ਬਹੁ ਕੋਣੀ ਹੋ ਚੁੱਕੀ ਹੈ।

ਇਸ ਰਲਵੇਂ ਉਪਰਾਲੇ ਰਾਹੀਂ ਲੰਘੇ ਵਰ੍ਹੇ, 2022 ਵਿਚ ਛਪੀਆਂ ਜਿਹੜੀਆਂ 10 ਕਹਾਣੀਆਂ ਨਿੱਤਰ ਕੇ ਸਾਹਮਣੇ ਆਈਆਂ ਹਨ, ਉਹ ਇਹ ਹਨ: (ਹੇਠ ਦਰਜ ਤਰਤੀਬ ਪੈਂਤੀ ਅੱਖਰੀ ਵਿਚ ਕਹਾਣੀਕਾਰਾਂ ਦੇ ਨਾਂਵਾਂ ਮੁਤਾਬਕ ਰੱਖੀ ਗਈ ਹੈ)

1. ਮੈਂ ਛੁੱਟੀ 'ਤੇ ਜਾ ਰਹੀ ਹਾਂ (ਅਰਵਿੰਦਰ ਧਾਲੀਵਾਲ)
2. ਹੌਰਸ ਪਾਵਰ (ਸਵਾਮੀ ਸਰਬਜੀਤ)
3. ਉਹ ਤੇ ਉਹ (ਸੁਕੀਰਤ)
4. ਗੁੰਮ ਪੰਨੇ (ਹਰਪ੍ਰੀਤ ਸੇਖਾ)
5. ਚਲ ਚਿੜੀਏ ਮੈਂ ਆਇਆ (ਹਰਪ੍ਰੀਤ ਸਿੰਘ ਚੰਨੂੰ)
6. ਥਾਰ ਦਾ ਫੁੱਲ (ਜਸਬੀਰ ਭੁੱਲਰ)
7. ਡ੍ਰੀਮ ਲੈਂਡ (ਬਲਦੇਵ ਗਰੇਵਾਲ)
8. ਮਸਾਣ (ਬਲਵਿੰਦਰ ਸਿੰਘ ਗਰੇਵਾਲ)
9. ਨੂੰਣ (ਬਲੀਜੀਤ)
10. ਠੇਡਾ (ਭਗਵੰਤ ਰਸੂਲਪੁਰੀ)

ਚੋਣ ਪ੍ਰਕਿਰਿਆ ਦਾ ਅਗਲਾ ਪੜਾਅ ਇਨ੍ਹਾਂ ਪ੍ਰਤੀਨਿਧ ਕਹਾਣੀਆਂ ਵਿਚੋਂ ਕਿਸੇ ਇਕ, ਯਾਨੀ ਬਿਹਤਰੀਨ ਕਹਾਣੀ ਦੀ ਚੋਣ ਕਰਨਾ ਹੁੰਦਾ ਹੈ। ਪਿਛਲੇ ਦੋ ਸਾਲ ਤੋਂ ਅਸੀਂ ਉਤਲੇ ਚੋਣਕਾਰਾਂ ਦੀ ਗਿਣਤੀ ਵੀ ਵਧਾ ਕੇ ਸੱਤ ਕਰ ਦਿੱਤੀ ਹੈ। ਇਹ ਸਾਰੇ ਨਾਂਅ ਵੀ ਪੰਜਾਬੀ ਸਾਹਿਤ ਨਾਲ ਨੇੜਿਓਂ ਜੁੜੇ ਸਰਗਰਮ ਨਾਂਅ ਹਨ। ਉਨ੍ਹਾਂ ਦੀ ਆਪਣੀ ਪਸੰਦ ਭਾਵੇਂ ਇਸ ਸੂਚੀ ਵਿਚੋਂ ਬਾਹਰਲੀ ਕੋਈ ਹੋਰ ਕਹਾਣੀ ਵੀ ਹੋਵੇ, ਚੋਣ ਉਨ੍ਹਾਂ ਨੂੰ ਉਪਰੋਕਤ ਕਹਾਣੀਆਂ ਵਿਚੋਂ ਹੀ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਨੇ ਹਰ ਕਹਾਣੀ ਬਾਰੇ ਆਪੋ-ਆਪਣੀ ਦਰਜਾਬੰਦੀ ਦੇਣੀ ਹੁੰਦੀ ਹੈ। ਸਾਰਿਆਂ ਤੋਂ ਮਿਲਣ ਵਾਲੀ ਦਰਜਾਬੰਦੀ (ਮਾਰਕਿੰਗ) ਦੇ ਕੁਲ ਜੋੜ ਦੇ ਆਧਾਰ ਉਤੇ ਸਭ ਤੋਂ ਵੱਧ ਨੰਬਰ ਲੈਣ ਵਾਲੀ ਕਹਾਣੀ ਨੂੰ ਬਿਹਤਰੀਨ ਕਹਾਣੀ ਵਜੋਂ ਚੁਣਿਆ ਜਾਂਦਾ ਹੈ। ਜੇਕਰ ਦੋ ਕਹਾਣੀਆਂ ਨੂੰ ਬਰਾਬਰ ਦੇ ਨੰਬਰ ਮਿਲਣ ਤਾਂ ਫੈਸਲਾ ਆਪਸੀ ਬਹਿਸ ਰਾਹੀਂ ਲਿਆ ਜਾਂਦਾ ਹੈ।

ਹਰ ਸਾਲ ਵਾਂਗ, ਬਿਹਤਰੀਨ ਚੁਣੀ ਗਈ ਕਹਾਣੀ ਅਤੇ ਉਸ ਦੇ ਲੇਖਕ ਦਾ ਨਾਂਅ ਸਨਮਾਨ ਸਮਾਰੋਹ ਸਮੇਂ ਹੀ ਦੱਸਿਆ ਜਾਵੇਗਾ।

ਬਿਹਤਰੀਨ ਕਹਾਣੀ ਦੇ ਲੇਖਕ ਨੂੰ ਉਰਮਿਲਾ ਆਨੰਦ ਯਾਦਗਾਰੀ ਪੁਰਸਕਾਰ ਅਤੇ ਇਸ ਸਾਲ ਵਿਚ ਸਨਮਾਨਤ ਕੀਤੇ ਜਾ ਰਹੇ ਪੱਤਰਕਾਰ ਚਰਨਜੀਤ ਭੁੱਲਰ ਨੂੰ ਜਗਜੀਤ ਸਿੰਘ ਆਨੰਦ ਯਾਦਗਾਰੀ ਪੁਰਸਕਾਰ ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ, ਪ੍ਰੀਤਨਗਰ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਿਹੜੇ ਵਿਚ ਐਤਵਾਰ, 19 ਮਾਰਚ 2023 ਨੂੰ ਦਿੱਤੇ ਜਾਣਗੇ। ਇਹ ਪੁਰਸਕਾਰ ਸਮਾਰੋਹ ਪੰਜਾਬੀ ਦੇ ਦੋ ਮਹਾਨ ਲੇਖਕਾਂ ਦੀ ਕਰਮ ਭੂਮੀ ਉਤੇ ਸਾਲਾਨਾ ਸਾਹਿਤਕ ਮਿਲਣੀ ਦਾ ਰੂਪ ਧਾਰ ਲਵੇ, ਇਹ ਸਾਡੀ ਖਾਹਿਸ਼ ਵੀ ਹੈ, ਅਤੇ ਟੀਚਾ ਵੀ। ਸਮਾਗਮ ਦਿਨੇ 11 ਵਜੇ ਤੋਂ 3 ਵਜੇ ਤੱਕ ਚੱਲੇਗਾ, ਜਿਸ ਵਿਚ ਸੁਆਗਤੀ ਚਾਹ ਅਤੇ ਪ੍ਰੀਤੀ ਭੋਜਨ ਵੀ ਸ਼ਾਮਲ ਹਨ। 11 ਵਜੇ ਤੋਂ ਜੁੜਨ ਵਾਲੇ ਲੇਖਕ ਅਤੇ ਪਾਠਕ ਆਪਸ ਵਿਚ ਮਿਲ-ਗਿਲ ਸਕਣਗੇ, ਅਤੇ ਪਹਿਲੀ ਵੇਰ ਪ੍ਰੀਤ ਨਗਰ ਪਹੁੰਚਣ ਵਾਲੇ ਦੋਸਤ-ਮਿੱਤਰ ਲੇਖਕਾਂ ਦੇ ਇਸ ਮੱਕੇ ਦੀ ਖੁੱਲ੍ਹੀ ਸੈਰ ਵੀ ਕਰ ਸਕਣਗੇ। ਰਸਮੀ ਸਨਮਾਨ ਸਮਾਰੋਹ 12 ਵਜੇ ਸ਼ੁਰੂ ਕੀਤਾ ਜਾਵੇਗਾ ਅਤੇ ਦੁਪਹਿਰ ਦੇ ਖਾਣੇ ਸਮੇਤ 3 ਵਜੇ ਤੀਕ ਸੰਪੂਰਨ ਹੋ ਜਾਵੇਗਾ। ਸਨਮਾਨਿਤ ਹੋਣ ਵਾਲੀਆਂ ਦੋਵੇਂ ਸ਼ਖ਼ਸੀਅਤਾਂ ਅਤੇ ਇਸ ਸਾਲ ਦੀਆਂ ਬਿਹਤਰੀਨ ਕਹਾਣੀਆਂ ਦੇ ਸਾਰੇ ਲੇਖਕਾਂ ਤੋਂ ਇਲਾਵਾ ਤੁਸੀਂ ਇਸ ਵਰ੍ਹੇ ਦੇ ਮੁੱਖ ਮਹਿਮਾਨ ਡਾ. ਰਘਬੀਰ ਸਿੰਘ ਸਿਰਜਣਾ ਦੇ ਵਿਚਾਰ ਵੀ ਸੁਣ ਸਕੋਗੇ। ਇਸ ਸਾਲ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਉਸ ਦਿਨ ਤੁਹਾਡੇ ਰੂ-ਬ-ਰੂ ਕੀਤਾ ਜਾਵੇਗਾ। ਪੰਜਾਬੀ ਨਾਲ ਜੁੜੇ ਸਾਰੇ ਸਾਹਿਤ ਪ੍ਰੇਮੀਆਂ ਨੂੰ ਉਸ ਦਿਨ ਪ੍ਰੀਤ ਨਗਰ ਪਹੁੰਚਣ ਦਾ ਖੁੱਲ੍ਹਾ ਸੱਦਾ ਹੈ। ਅਸੀਂ ਜਾਣਦੇ ਹਾਂ ਕਿ ਜਨਤਕ ਸਾਧਨਾਂ ਰਾਹੀਂ ਪ੍ਰੀਤ ਨਗਰ ਪਹੁੰਚ ਸਕਣਾ ਸੌਖਾ ਨਹੀਂ, ਪਰ ਆਪੋ ਆਪਣੇ ਇਲਾਕਿਆਂ ਤੋਂ ਆਣ ਵਾਲੇ ਮਿੱਤਰ ਇਕ ਦੂਜੇ ਨਾਲ ਸੰਪਰਕ ਕਰਕੇ ਸਾਂਝੇ ਸਾਧਨਾਂ ਦਾ ਵਸੀਲਾ ਵਿਓਂਤ ਲੈਣ ਤਾਂ ਇਹ ਕੰਮ ਕੋਈ ਏਡਾ ਔਖਾ ਵੀ ਨਹੀਂ। ਤੁਹਾਡੀ ਆਮਦ 'ਤੇ ਰਲਤ ਦੀ ਉਡੀਕ ਰਹੇਗੀ।

# 'ਮੈਡੀਕਲ ਟਰੇਨ' ਦਾ ਸ.ਫਰ

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

**ਡਾ. ਸ਼ਿਆਮ ਸੁੰਦਰ ਦੀਪਤੀ**

ਅਬੋਹਰ ਸਟੇਸ਼ਨ ਦੇ ਪਲੇਟਫਾਰਮ 'ਤੇ ਗੱਡੀ ਖੜੀ ਹੈ। ਮੈਂ ਡੱਬੇ ਵਿਚ ਆਪਣਾ ਸਾਮਾਨ ਰੱਖ ਕੇ ਬਾਹਰ ਖੜ੍ਹਾ ਹਾਂ। ਅੰਬਿਕਾ ਨੂੰ ਉਸ ਦਾ ਭਰਾ ਛੱਡ ਗਿਆ ਹੈ ਤੇ ਸ਼ਸ਼ੀ ਨੂੰ ਉਸ ਦੇ ਡੈਡੀ। ਦੋ ਹੋਰ ਲੜਕੇ ਅਤੇ ਨਾਲ ਹੀ ਰਾਜਸਥਾਨ ਦੇ ਸ਼ਹਿਰ ਸ੍ਰੀਗੰਗਾਨਗਰ ਤੋਂ ਅਰੁਣ ਸੋਫਤੇ ਨੇ ਆਉਣਾ ਹੈ। ਜਦੋਂ ਇਹ ਗੱਡੀ ਤੁਰ ਪੈਣੀ ਹੈ, ਮਲੋਟ, ਗਿੱਦੜਬਾਹਾ, ਬਠਿੰਡਾ, ਰਾਮਪੁਰਾ ਫੂਲ, ਤਪਾ, ਬਰਨਾਲਾ, ਨਾਭਾ ਤੋਂ ਬੱਚਿਆਂ ਨੇ ਸਵਾਰ ਹੋਈ ਜਾਣਾ ਹੈ। ਇਸ ਤਰ੍ਹਾਂ ਇਸ 'ਮੈਡੀਕਲ ਟ੍ਰੇਨ' ਨੇ ਐੱਮ.ਬੀ.ਬੀ.ਐੱਸ. ਵਿਚ ਦਾਖਲਾ ਲੈ ਚੁੱਕੇ ਵਿਦਿਆਰਥੀਆਂ ਨੂੰ ਪਟਿਆਲੇ ਸਰਕਾਰੀ ਮੈਡੀਕਲ ਕਾਲਜ ਲੈ ਜਾਣਾ ਹੈ।

ਹੁਣ ਇਹ ਟ੍ਰੇਨ ਨਹੀਂ ਚੱਲਦੀ। ਟ੍ਰੇਨਾਂ ਦੀ ਗਿਣਤੀ ਜ਼ਰੂਰ ਵਧ ਗਈ ਹੈ, ਗੰਗਾਨਗਰ ਨੂੰ ਵੀ ਸਿੱਧੀ ਟ੍ਰੇਨ ਜਾਂਦੀ ਹੈ, ਫਾਜ਼ਿਲਕਾ ਨੂੰ ਵੀ, ਪਰ ਮੈਡੀਕਲ ਟ੍ਰੇਨ ਬੰਦ ਹੈ। ਹੁਣ ਬੱਚੇ ਟ੍ਰੇਨ 'ਤੇ ਨਹੀਂ, ਕਾਰਾਂ 'ਤੇ ਜਾਂਦੇ ਨੇ। ਮਾਪੇ ਖੁਦ ਛੱਡ ਕੇ ਆਉਂਦੇ ਨੇ। ਲੈ ਕੇ ਵੀ ਆਉਂਦੇ ਨੇ। ਗਰਮੀ-ਸਰਦੀ ਦੀਆਂ ਛੁੱਟੀਆਂ ਵੇਲੇ ਤਾਂ ਖਾਸ। ਇਸ ਟ੍ਰੇਨ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਮੈਡੀਕਲ ਕਾਲਜ ਵਿਚ ਪੜ੍ਹਨ ਆ ਰਹੇ ਵਿਦਿਆਰਥੀਆਂ ਵਿਚ ਕਿਸ ਤਰ੍ਹਾਂ ਦੀ ਵੰਨ-ਸੁਵੰਨਤਾ ਸੀ। ਪੰਜਾਬ ਦੇ ਤਕਰੀਬਨ ਹਰ ਇਲਾਕੇ, ਪਿੰਡ-ਕਸਬੇ ਤੋਂ ਵਿਦਿਆਰਥੀ ਹੁੰਦੇ।

ਇਹ ਜੋ ਤਸਵੀਰ ਹੈ, ਉਹ 1974 ਦੀ ਹੈ, ਜਦੋਂ ਮੈਂ ਡੀ.ਏ.ਵੀ. ਕਾਲਜ ਅਬੋਹਰ ਤੋਂ ਬੀ.ਐੱਸ.ਸੀ. ਕੀਤੀ। ਮੈਂ ਕਦੇ ਸੋਚਿਆ ਵੀ ਨਹੀਂ ਸੀ, ਨਾ ਹੀ ਘਰਦਿਆਂ ਨੇ ਸੋਚਿਆ ਸੀ ਕਿ ਬੱਚੇ ਨੂੰ ਡਾਕਟਰ ਬਣਾਉਣਾ ਹੈ। ਜਿਵੇਂ ਅੱਜ-ਕੱਲ੍ਹ ਜੰਮਦਿਆਂ ਹੀ ਤੈਅ ਹੋ ਜਾਂਦਾ ਹੈ। ਪਿਤਾ ਜੀ ਦੀ ਮੌਤ ਉਦੋਂ ਹੋ ਗਈ, ਜਦੋਂ ਮੈਂ ਨੌਵੀਂ ਵਿਚ ਸੀ।

ਜੇ ਮੈਂ ਕਹਾਂ ਕਿ ਮੈਨੂੰ ਮੈਡੀਕਲ ਕਾਲਜ ਵਿਚ ਐੱਮ.ਬੀ.ਬੀ.ਐੱਸ. ਵਿਚ ਦਾਖਲ ਕਰਵਾਉਣ ਪਿੱਛੇ ਸਮਾਜਿਕ ਦਬਾਅ, ਨੇੜੇ-ਤੇੜੇ ਰਹਿੰਦੇ-ਵਸਦੇ, ਮਿਲਦੇ-ਜੁਲਦੇ ਲੋਕ ਕਾਰਨ ਸੀ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਜਦੋਂ ਕਾਲਜ ਪੜ੍ਹ ਰਿਹਾ ਸੀ, ਉਦੋਂ ਕਾਲਜ ਵਿੱਚੋਂ ਫਸਟ ਆਉਂਦਾ। ਮੈਡੀਕਲ ਦੇ ਵਿਸ਼ੇ ਤਾਂ ਨੌਵੀਂ ਤੋਂ ਸ਼ੁਰੂ ਹੋ ਗਏ, ਉਹ ਵੀ ਤਾਂ ਹੀ ਰੱਖੇ ਗਏ ਕਿ ਹੁਸ਼ਿਆਰ ਬੱਚੇ ਸਾਇੰਸ ਰੱਖਦੇ, ਕੁਝ ਕਮਜ਼ੋਰ ਆਰਟਸ। ਸਾਇੰਸ ਰੱਖੀ ਤਾਂ ਉਸ ਵਿਚ ਮੈਡੀਕਲ ਠੀਕ ਲੱਗਿਆ। ਬੀ.ਐੱਸ.ਐੱਸ. ਮੈਡੀਕਲ ਕੀਤੀ। ਬੀ.ਐੱਸ.ਸੀ. ਦੇ ਪਹਿਲੇ ਵਰ੍ਹੇ ਹੀ ਪੰਜਾਬ ਯੂਨੀਵਰਸਿਟੀ ਵਿੱਚੋਂ ਸੈਕਿੰਡ ਆਇਆ। ਅਖ਼ਬਾਰ ਵਿਚ ਨਾਂਅ ਛਪਿਆ। ਸ਼ਹਿਰ ਦੇ ਲੋਕ ਜੋ ਅਖ਼ਬਾਰ ਪੜ੍ਹਦੇ, ਉਹ ਜਾਣਦੇ। ਫਿਰ ਤਾਂ ਲੰਘਦੇ-ਟੱਪਦੇ ਭਰਾਵਾਂ ਨੂੰ ਕਹਿ ਜਾਂਦੇ, 'ਹੋਰ ਫਿਰ ਬਣ ਰਿਹਾ ਹੈ ਮੁੰਡਾ ਡਾਕਟਰ। ਇਸ ਨੂੰ ਤਾਂ ਮਿਲ ਹੀ ਜਾਊ ਦਾਖਲਾ।'

ਜਿਸ ਤਰ੍ਹਾਂ ਦੀ ਘਰ ਦੀ ਸੰਘਰਸ਼ਸ਼ੀਲ ਹਾਲਤ ਸੀ, ਘਰ ਦੇ ਕੁਝ ਹੀ ਹੋਰ, ਜੋ ਅਬੋਹਰ ਕਾਲਜ ਵਿਚ ਮਿਲ ਸਕਦਾ ਸੀ, ਜਿਵੇਂ ਬੀ.ਐੱਡ. ਜਾਂ ਐੱਮ.ਏ. ਆਦਿ ਕਰਨ ਲਈ ਕਹਿ ਸਕਦੇ ਸੀ। ਪਿਤਾ ਜੀ ਦੀ ਮੌਤ ਤੋਂ ਪਹਿਲਾਂ ਉਹ ਕਾਫ਼ੀ ਲੰਮਾ ਸਮਾਂ ਬਿਮਾਰ ਰਹੇ। ਕ੍ਰਿਸ਼ਚੀਅਨ ਮੈਡੀਕਲ ਕਾਲਜ ਲੁਧਿਆਣੇ ਇਲਾਜ ਚੱਲਿਆ, ਜੋ ਥੋੜ੍ਹਾ-ਬਹੁਤ ਘਰ ਵਿਚ ਸੀ, ਉਹ ਲੱਗ ਗਿਆ, ਕਹਿ ਸਕਦੇ ਹਾਂ ਘਰ ਦੀ ਹਾਲਤ ਪਤਲੀ ਹੀ ਸੀ। ਮੈਂ ਮੈਡੀਕਲ ਕਾਲਜ ਵਿਚ 1972 ਵਿਚ ਦਾਖਲ ਹੋ ਸਕਦਾ ਸੀ, ਦੋ ਸਾਲ ਪਹਿਲਾਂ, ਪਰ ਸਰਕਾਰ ਬਣਾਉਂਦੀ ਹੈ ਨੀਤੀਆਂ, ਨੇਮ। ਉਹ ਕੋਈ ਪੱਕੀ ਲਕੀਰ ਤਾਂ ਨਹੀਂ ਹੁੰਦੇ। ਹੋਣੇ ਵੀ ਨਹੀਂ ਚਾਹੀਦੇ। ਲੋਕਾਂ ਦੀ ਖੁਸ਼ਹਾਲੀ ਦੇ ਮੱਦੇਨਜ਼ਰ ਸਮੇਂ-ਸਮੇਂ ਮੁੜ ਵਿਚਾਰਨੇ ਤੇ ਸੋਧਣੇ ਚਾਹੀਦੇ ਹਨ। ਇਸ ਗੱਲ ਦੀ ਵਿਵਸਥਾ ਵੀ ਹੈ, ਪਰ ਜੋ ਪ੍ਰਚਲਿਤ, ਭਾਰੂ ਮਾਨਸਿਕਤਾ ਹੈ, ਆਪਣਿਆਂ ਨੂੰ ਫਾਇਦੇ ਵਾਲੀ। ਉਸ ਦੇ ਤਹਿਤ ਤਿੰਨ ਸਾਲਾਂ ਵਿਚ ਹੀ ਦੋ ਵਾਰੀ ਨੇਮ ਬਦਲੇ। ਮੈਂ ਤਾਂ ਦਾਖਲ ਹੋ ਗਿਆ, ਪਰ ਕਈਆਂ ਦੇ ਸੁਪਨੇ ਪੂਰੇ ਨਾ ਹੋਏ, ਜੋ ਸੋਚ ਕੇ ਬੈਠੇ ਸੀ ਕਿ ਸਾਡਾ ਤਾਂ ਦਾਖਲਾ ਪੱਕਾ ਹੈ। ਉਨ੍ਹਾਂ ਨੇ ਡੈਂਟਲ ਵਿਚ ਜਾਂ ਐੱਮ.ਐੱਸ.ਸੀ. ਵਿਚ ਦਾਖਲਾ ਲੈ ਕੇ ਸਾਰਿਆ। ਪਹਿਲਾਂ ਨੇਮਾਂ ਰਾਹੀਂ ਧੱਕਾ ਹੁੰਦਾ ਸੀ, ਹੁਣ ਸਾਰੇ ਕੋਰਸ ਹੀ ਮਹਿੰਗੇ ਹਨ, ਉਸ ਲਈ ਅਨੇਕਾਂ ਹੀ ਬੱਚੇ ਆਪਣੇ ਮਨਸੂਬੇ ਪੂਰੇ ਨਹੀਂ ਕਰ ਪਾਉਂਦੇ।

ਹੁਣ ਤਾਂ ਸਿਲਸਿਲਾ ਬਿਲਕੁਲ ਹੀ ਵੱਖਰਾ ਹੋ ਗਿਆ ਹੈ। ਮੇਰੇ ਸਮੇਂ ਵਿਚ ਯੂਨੀਵਰਸਿਟੀ ਦੇ ਸਿੱਧੇ ਅੰਕਾਂ ਦੇ ਆਧਾਰ 'ਤੇ ਤੈਅ ਹੁੰਦੇ ਦਾਖਲੇ, ਕੌਮੀ ਇਮਤਿਹਾਨ ਨੀਟ ਰਾਹੀਂ ਹੋਣ ਲੱਗੇ ਹਨ। ਨੀਟ ਵਿਵਸਥਾ ਨੇ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਏ ਹਨ। ਜਿਵੇਂ ਸਾਡੀ ਕਲਾਸ ਵਿਚ ਇਕ ਪਾਸੇ ਸਾਰੇ ਪੰਜਾਬ ਦੀ ਪ੍ਰਤੀਨਿਧਤਾ ਸੀ, ਉਸੇ ਤਰ੍ਹਾਂ ਆਰਥਿਕ ਪੱਖੋਂ ਵੀ ਹਰ ਪਰਵਾਰ ਦੇ ਵਿਦਿਆਰਥੀ ਸੀ। ਹੁਣ ਨੀਟ ਦੀ ਘੱਟ ਤੋਂ ਘੱਟ ਦੋ ਸਾਲਾਂ ਤਿਆਰੀ ਲਈ ਤਿੰਨ-ਚਾਰ ਲੱਖ ਸਿਰਫ਼ ਨੀਟ ਵਿਚ ਬੈਠਣ ਦੀ ਤਿਆਰੀ ਲਈ ਖਰਚ ਹੁੰਦੇ ਹਨ। ਨੀਟ ਦੀ ਤਿਆਰੀ ਅਬੋਹਰ ਨਹੀਂ ਹੁੰਦੀ, ਜਿਨ੍ਹਾਂ ਹੋਰ ਛੋਟੇ-ਮੋਟੇ ਸ਼ਹਿਰਾਂ ਤੋਂ ਬੱਚੇ ਆਉਂਦੇ, ਉਥੇ ਵੀ ਨਹੀਂ ਹੁੰਦੀ। ਚੰਡੀਗੜ੍ਹ, ਦਿੱਲੀ ਜਾਂ ਫਿਰ ਰਾਜਸਥਾਨ ਵਿਚ ਕੋਟਾ ਵਰਗੇ ਸ਼ਹਿਰਾਂ ਵਿਚ ਹੁੰਦੀ। ਲੱਖਾਂ ਰੁਪਏ ਤਿਆਰੀ 'ਤੇ ਫਿਰ ਲੱਖਾਂ ਰੁਪਏ ਫੀਸ।

ਸਾਲ 1974 ਵਿਚ ਜਦੋਂ ਮੈਂ ਦਾਖਲ ਹੋਇਆ, ਪੂਰੇ ਸਾਲ ਦੀ ਫੀਸ ਪੰਜ ਸੌ ਰੁਪਏ ਸੀ। ਇਕ ਹੋਰ ਸਹੂਲਤ ਵੀ ਸੀ, ਇਕ ਵਜ਼ੀਫਾ ਵੀ ਮਿਲਦਾ ਸੀ, ਜਿਸ ਦਾ ਨਾਂਅ ਸੀ ਪੂਅਰ ਐਂਡ ਬਰੀਲੀਐਂਟ ਸਕਾਲਰਸ਼ਿਪ। ਕਾਲਜ ਦੇ ਪ੍ਰਿੰਸੀਪਲ ਅਤੇ ਹੋਰ ਸੀਨੀਅਰ ਅਧਿਆਪਕਾਂ ਦੀ ਕਮੇਟੀ ਇੰਟਰਵਿਊ ਲੈ ਕੇ ਇਸ ਨੂੰ ਪ੍ਰਵਾਨਗੀ ਦਿੰਦੀ। ਮੈਂ ਉਹ ਵੀ ਹਾਸਲ ਕੀਤਾ। ਸੌ ਰੁਪਏ ਮਹੀਨਾ ਹੁੰਦਾ। ਛੇ ਮਹੀਨੇ ਦਾ ਇਕੱਠਾ ਮਿਲਦਾ। ਇਕ ਕਿਸ਼ਤ ਵਿਚ ਫੀਸ ਦਿੱਤੀ ਜਾਂਦੀ, ਦੂਸਰੀ ਵਿਚ ਕਿਤਾਬਾਂ, ਕੱਪੜੇ ਤੇ ਹੋਰ ਨਿੱਕੇ-ਮੋਟੇ ਖਰਚੇ। ਮੈਸ ਦਾ ਖਰਚਾ ਘਰਦਿਆਂ ਤੋਂ ਮੰਗਦਾ, ਬਸ।

ਇਕ ਜਮਾਤੀ ਦੇ ਪਿਤਾ ਦੀ ਮੌਤ ਹੋ ਗਈ। ਹੈ ਤਾਂ ਪਹਿਲਾਂ ਹੀ ਮਹਾਤੜ ਹੀ, ਹੁਣ ਮੈਸ ਦਾ ਖਰਚਾ ਦੇਣ ਜੋਗੇ ਵੀ ਪੈਸੇ ਨਾ ਪਹੁੰਚਦੇ। ਸਾਡੀ ਜਮਾਤ ਨੇ ਰਲ ਕੇ ਉਸ ਦੀ ਮੈਸ ਦੇ ਖਰਚੇ ਦਾ ਇੰਤਜ਼ਾਮ ਕੀਤਾ। ਮੇਰੇ ਪਿਤਾ ਜੀ ਦੀ ਮੌਤ ਤਾਂ ਦਾਖਲੇ ਤੋਂ ਵੀ ਪਹਿਲਾਂ ਹੋ ਗਈ ਸੀ। ਮੇਰੇ ਵਰਗੇ ਕੁਝ ਉਪਰ-ਥੱਲੇ ਬਥੇਰੇ ਸੀ।

ਜਿਸ ਤਰ੍ਹਾਂ ਦੀ ਅਜੋਕੇ ਸਮੇਂ ਦੀ ਸਥਿਤੀ ਹੈ, ਨੀਟ ਰਾਹੀਂ ਦਾਖਲਾ, ਜੇ ਮੈਂ ਉਸ ਤੌਰ-ਤਰੀਕੇ ਨਾਲ ਦਾਖਲ ਹੋਣਾ ਹੁੰਦਾ, ਤਾਂ ਇਹ ਬਿਲਕੁਲ ਹੀ ਸੰਭਵ ਨਹੀਂ ਸੀ। ਪਤਾ ਨਹੀਂ ਕੀ ਸੋਚ ਕੇ, ਪਤਾ ਨਹੀਂ ਕਿਸ ਦੇ ਦਬਾਅ ਹੇਠ ਕੌਮੀ ਪੱਧਰ ਦੀ ਪ੍ਰੀਖਿਆ ਦਾ ਫੈਸਲਾ ਲਿਆ ਗਿਆ। ਪਹਿਲਾਂ ਬੈਚ 2013 ਵਿਚ ਨੀਟ ਰਾਹੀਂ ਸਾਹਮਣੇ ਆਇਆ। ਕਈ ਵਾਰ ਗੌਰ ਨਾਲ ਸੋਚੋ ਤਾਂ ਇੰਜ ਲੱਗਦਾ ਹੈ, ਜਿਵੇਂ ਇਹ ਕੋਈ ਗੈਂਗ ਵਰਗੀ, ਆਪਸੀ ਮਿਲੀ-ਭੁਗਤ ਹੋਵੇ। ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੇ ਖੁੱਲ੍ਹਣ ਦਾ ਭੋਗ ਪੈਣਾ ਵੀ ਉਦੋਂ ਹੀ ਸ਼ੁਰੂ ਹੋਇਆ।

ਅੱਜ ਮੈਂ ਮੈਡੀਕਲ ਕਾਲਜ ਵਿੱਚੋਂ ਅਧਿਆਪਕ ਦੇ ਤੌਰ 'ਤੇ ਰਿਟਾਇਰ ਹੋਇਆ। ਤਕਰੀਬਨ ਪੱਚੀ ਫੀਸਦੀ ਬੱਚਿਆਂ ਦਾ ਕੋਈ ਰੋਲ ਮਾਡਲ ਨਹੀਂ ਅਤੇ ਅਧਿਆਪਕ ਵੀ ਕਿਸੇ ਬੱਚੇ ਦਾ ਰੋਲ ਮਾਡਲ ਨਹੀਂ। ਇਹ ਦੋਵੇਂ ਪ੍ਰਗਟਾਵੇ ਖ਼ਤਰਨਾਕ ਹਨ ਅਤੇ ਸਵਾਲ ਵੀ ਖੜ੍ਹੇ ਕਰਦੇ ਹਨ। ਆਪਣੇ ਪੜ੍ਹਾਉਣ ਦੇ ਵਰ੍ਹਿਆਂ ਵਿਚ, ਪਹਿਲੇ ਸਾਲ ਆਉਂਦੇ ਮੈਡੀਕਲ ਦੇ ਦਾਖਲੇ ਲਈ ਬੱਚਿਆਂ ਨੂੰ ਸੰਬੋਧਨ ਕਰਦਿਆਂ ਮੈਂ ਕੁਝ ਸਵਾਲ ਪੁੱਛਦਾ ਰਿਹਾ ਹਾਂ, ਜਿਵੇਂ ਕਿਸ ਨੇ ਪ੍ਰੇਰਿਆ, ਨੀਟ ਦੀ ਤਿਆਰੀ ਦਾ ਖਰਚਾ, ਮੈਡੀਕਲ ਲੈਣ ਦਾ ਮੰਤਵ, ਜ਼ਿੰਦਗੀ ਵਿਚ ਰੋਲ ਮਾਡਲ ਆਦਿ। ਬੜੇ ਹੀ ਰੌਚਕ ਅਤੇ ਅੱਖਾਂ ਖੋਲ੍ਹਣ ਵਾਲੇ ਜਵਾਬ ਹੁੰਦੇ।

ਪੂਰੀ ਜਮਾਤ ਵਿਚ ਵੰਨ-ਸੁਵੰਨਤਾ ਗਾਇਬ ਹੈ, ਸ਼ਹਿਰੀ ਵਿਦਿਆਰਥੀ ਵੱਧ ਹਨ ਤੇ ਨਾਲ ਹੀ ਮੱਧ ਵਰਗੀ ਪਰਵਾਰਾਂ ਤੋਂ ਵੀ ਘੱਟ ਹਨ।

'ਮੈਡੀਕਲ ਟ੍ਰੇਨ' ਵੀ ਬੰਦ ਕਰ ਦਿੱਤੀ ਗਈ ਹੈ ਤੇ ਵਜ਼ੀਫਾ ਵੀ, ਸਗੋਂ ਸਰਕਾਰਾਂ ਨੇ ਸਿੱਖਿਆ ਤੋਂ ਕਮਾਉਣਾ ਸ਼ੁਰੂ ਕਰ ਦਿੱਤਾ ਹੈ। ਡੇਢ ਸੌ ਸੀਟਾਂ ਵਿਚੋਂ ਦਸ ਫੀਸਦੀ, ਐੱਨ.ਆਰ.ਆਈ. ਕੋਟਾ ਹੈ, ਜੋ ਲੱਖਾਂ ਵਿਚ ਵਿਕਦਾ ਹੈ। ਪ੍ਰਾਈਵੇਟ ਵਾਲੇ ਤਾਂ ਇਸੇ ਤਰਜ਼ 'ਤੇ ਮੈਨੇਜਮੈਂਟ ਕੋਟਾ ਰੱਖ ਸਕਦੇ ਹਨ। ਉਂਜ ਉਨ੍ਹਾਂ ਦੀ ਆਮ ਫੀਸ ਵੀ ਲੱਖਾਂ ਵਿਚ ਹੈ ਤੇ ਸਰਕਾਰੀ ਫੀਸ ਵੀ ਹਰ ਸਾਲ ਜਾਂ ਦੋ ਸਾਲ ਬਾਅਦ ਵਧ ਜਾਂਦੀ ਹੈ, ਜਦੋਂ ਕਿ ਮੈਂ ਪੰਜ ਸੌ ਰੁਪਏ ਸਾਲਾਨਾ ਫੀਸ 'ਤੇ ਪੜ੍ਹਿਆ, ਜੋ ਕਿ ਕਾਫ਼ੀ ਸਾਲਾਂ ਤੱਕ ਚੱਲਦੀ ਰਹੀ।

ਫਿਰ ਅੱਜ ਦੀ ਸਥਿਤੀ ਸਾਹਮਣੇ ਆ ਜਾਂਦੀ ਹੈ, ਬੇਟੀ ਨੇ ਪਲੱਸ ਟੂ ਕੀਤੀ ਤੇ ਮੈਡੀਕਲ ਟੈਸਟ ਦੀ ਤਿਆਰੀ ਵਿਚ ਸੀ, ਤਾਂ ਮੈਂ ਉਸ ਦੇ ਦਾਖਲੇ ਲਈ ਏਧਰੋਂ-ਉਧਰੋਂ ਪਤਾ ਕਰ ਰਿਹਾ ਸੀ। ਮੈਂ ਆਲੇ-ਦੁਆਲੇ ਤੋਂ ਜਾਣੂ ਹੋ ਗਿਆ ਸੀ। ਮੈਨੂੰ ਆਪਣੇ ਮਾਪਿਆਂ ਤੋਂ ਵੱਧ ਜਾਣਕਾਰੀ ਜੋ ਸੀ। ਮੇਰਾ ਮੈਡੀਕਲ ਕਾਲਜ ਦਾ, ਦੋ ਸਾਲ ਜੂਨੀਅਰ, ਕਿਸੇ ਵਿਦੇਸ਼ੀ ਲੜਕੀ ਨਾਲ ਵਿਆਹ ਕਰਵਾ ਕੇ, ਕੁਝ ਸਾਲ ਬਾਹਰ ਲਾ ਕੇ, ਵਾਪਸ ਮੁੜਿਆ ਤਾਂ ਇੱਥੇ ਆ ਕੇ ਡੈਂਟਲ ਕਾਲਜ ਖੋਲ੍ਹ ਲਿਆ। ਕਾਫੀ ਨੇੜਤਾ ਸੀ। ਮੈਂ ਇਕ ਦਿਨ ਉਸ ਨੂੰ ਮਿਲਿਆ ਤੇ ਬੇਟੀ ਬਾਰੇ ਦੱਸਿਆ। ਗੱਲਾਂ-ਗੱਲਾਂ ਵਿਚ ਮੈਂ ਪੁੱਛ ਲਿਆ ਕਿ ਖਰਚਾ ਕਿੰਨਾ ਕੁ ਲਵੋਂਗੇ। ਉਹ ਝੱਟ ਬੋਲਿਆ, 'ਸ਼ਾਮ ਸੁੰਦਰ ਤੂੰ ਕੀ ਸੋਚਦੈਂ, ਅਸੀਂ ਵਿੱਦਿਆ ਵੇਚਦੇ ਹਾਂ।'

ਕਾਸ਼ ਇਹ ਭਾਵਨਾ ਸੱਚ ਹੁੰਦੀ। ਖੈਰ! ਬੇਟੀ ਨੇ ਐੱਮ.ਬੀ.ਬੀ.ਐੱਸ. ਕਰਨੀ ਸੀ, ਉਸ ਦੀ ਮੰਸ਼ਾ ਸੀ, ਪਰ ਉਸ ਦੋਸਤ ਦੀ ਗੱਲ ਕਰਦਾ ਜੋ ਵਿੱਦਿਆ ਵੇਚਣ ਨੂੰ ਲੈ ਕੇ ਕਰ ਰਿਹਾ ਸੀ। ਇਕ ਵਾਰੀ ਉਸ ਦੇ ਕਾਲਜ ਨੂੰ ਮਾਨਤਾ ਨਹੀਂ ਮਿਲ ਰਹੀ ਸੀ। ਆਰਡਰ ਹੈਲਥ ਸੈਕਟਰੀ ਦੇ ਦਫ਼ਤਰ ਪਏ ਸੀ। ਉਦੋਂ ਹੈਲਥ ਸੈਕਟਰੀ ਸੀ ਐੱਨ.ਐੱਸ. ਰਤਨ, ਪੰਜਾਬੀ ਦੇ ਕਹਾਣੀਕਾਰ। ਮੈਨੂੰ ਸਾਥੀ ਦਾ ਫੋਨ ਆਇਆ, 'ਸ਼ਾਮ ਸੁਣ! ਹੈਲਥ ਸੈਕਟਰੀ ਦਾ ਕਿਸ ਤਰ੍ਹਾਂ ਦਾ ਸੁਭਾਅ ਹੈ।' ਮਤਲਬ ਸੀ ਪੈਸੇ ਲੈ ਕੇ ਜਾਈਏ ਤੇ ਕਿਤੇ ਗੁੱਸੇ ਹੀ ਨਾ ਹੋ ਜਾਵੇ, ਲੇਖਕ ਜੋ ਸੀ ਉਹ। ਮੈਂ ਕਿਹਾ, 'ਮੇਰਾ ਉਨ੍ਹਾਂ ਨਾਲ ਇਸ ਤਰ੍ਹਾਂ ਉੱਠਣਾ-ਬੈਠਣਾ ਨਹੀਂ ਹੈ, ਮਾੜੀ-ਮੋਟੀ ਹੈਲੋ-ਹੈਲੋ ਹੈ, ਜੋ ਸਾਹਿਤਕ ਸਮਾਗਮ ਵਿਚ ਮਿਲਣ ਤੱਕ ਹੀ ਸੀਮਤ ਹੈ।'

ਪਤਾ ਨਹੀਂ ਉਸ ਨੂੰ ਵਿੱਦਿਆ ਵੇਚਣ ਦਾ ਠੇਕਾ ਕਿਵੇਂ ਮਿਲਿਆ! ਵਿਚੋਲਾ ਕੌਣ ਬਣਿਆ?

ਵੈਸੇ ਤਾਂ 'ਵਿੱਦਿਆ ਵਿਚਾਰੀ ਪਰਉਪਕਾਰੀ' ਦਾ ਫਲਸਫਾ ਹੀ ਅਸਲੀ ਫਲਸਫਾ ਹੈ, ਪਰ ਉਹ ਫਲਸਫਾ ਬੱਚਿਆਂ ਵਿਚ ਤਾਂ ਹੀ ਪਹੁੰਚੇਗਾ, ਜਦੋਂ ਉਹ ਵਿੱਦਿਆ ਦੇ ਪਰਉਪਕਾਰੀ ਸੰਕਲਪ ਨੂੰ ਨਾਲ ਕੇ ਤੁਰਨਗੇ, ਪੜ੍ਹਨਗੇ, ਸਿਖਿਅਤ ਹੋਣਗੇ। ਮੈਂ ਪੰਜ ਸੌ ਰੁਪਏ ਵਿਚ ਪੜ੍ਹਿਆ। ਹੁਣ ਮਾਪੇ ਬੱਚੇ ਨੂੰ ਡਾਕਟਰ ਬਣਾਉਣ ਲਈ ਘੱਟੋ-ਘੱਟ ਪੰਜਾਹ ਲੱਖ ਦਾ ਬੰਦੋਬਸਤ ਕਰਕੇ ਫਿਰ ਸੋਚਦੇ ਹਨ। ਇਸ ਦਾ ਦੂਸਰਾ ਪਹਿਲੂ ਹੈ ਕਿ ਪੰਜਾਹ ਲੱਖ ਖਰਚ ਕਰਕੇ, ਕੋਈ ਕਿਵੇਂ ਸੇਵਾ ਕਰੇਗਾ? ਸੁਪਰਸਪੈਸ਼ਲਿਟੀ ਦਾ ਜ਼ਮਾਨਾ ਹੈ। ਕਈ-ਕਈ ਐੱਮ.ਡੀ. ਕੋਰਸ, ਜਿਨ੍ਹਾਂ ਦੀ ਮੰਗ ਵੱਧ ਹੈ, ਦੋ-ਦੋ ਕਰੋੜ ਰੁਪਈਆਂ ਵਿਚ ਹੋ ਰਹੇ ਹਨ। ਫਿਰ ਵਿੱਦਿਆ ਵਿਚਾਰੀ ਪਰਉਪਕਾਰੀ ਨਹੀਂ, ਹਿਸਾਬੀ-ਕਿਤਾਬੀ ਹੋ ਜਾਂਦੀ ਹੈ।

ਅੰਮ੍ਰਿਤਸਰ ਵਿਚ ਇਕ ਮਿੱਤਰ ਨੇ ਐਕਸਰੇ, ਸਕੈਨ ਸੈਂਟਰ ਲਾਇਆ। ਦੋ ਕਰੋੜ ਰੁਪਏ ਬੈਂਕ ਤੋਂ ਕਰਜ਼ਾ ਲੈ ਕੇ। ਫਿਰ ਹਰ ਰੋਜ਼ ਦੀ ਕਿਸ਼ਤ ਨੂੰ ਸਾਹਮਣੇ ਰੱਖ ਕੇ ਸੋਚੇ ਕਿ ਕਿੰਨੇ-ਕੁ ਮਰੀਜ਼ ਆਉਣਗੇ ਤਾਂ ਖਰਚਾ ਪੂਰਾ ਹੋਵੇਗਾ, ਬੈਂਕ ਦੀ ਕਿਸ਼ਤ ਨਿਕਲੇਗੀ। ਦੂਸਰਾ ਸਵਾਲ ਮਰੀਜ਼ਾਂ ਨੂੰ ਬੁਲਾਈਏ ਕਿਵੇਂ? ਭੇਜਣਾ ਤਾਂ ਹੋਰ ਡਾਕਟਰ ਨੇ ਹੈ। ਫਿਰ ਉਸ ਤੱਕ ਪਹੁੰਚ ਕੀਤੀ ਗਈ। ਉਸ ਨੂੰ ਨਾਲ ਭਾਗੀਦਾਰ ਬਣਾਇਆ ਗਿਆ। ਭਾਗੀਦਾਰ ਦਾ ਮਤਲਬ ਤਾਂ ਦਲਾਲੀ ਬਣਦਾ ਹੈ, ਲਾਲਚ ਦੇਣਾ ਹੈ, ਜੋ ਕਿ ਚੁੱਭਦਾ ਹੈ, ਥੋੜ੍ਹਾ ਜਿਹਾ ਮਾਨਤਾ ਪ੍ਰਾਪਤ ਸ਼ਬਦ ਹੈ, ਕਮਿਸ਼ਨ।

ਇਕ ਦਿਨ ਮੇਰੇ ਘਰੇ ਵੀ ਇਕ ਲਿਫ਼ਾਫ਼ਾ ਆਇਆ। ਉਸ ਵਿਚ ਕਹਿ ਲਵੋ, ਮੇਰਾ ਹਿੱਸਾ। ਮੈਂ ਕੋਈ ਮਰੀਜ਼ ਭੇਜਿਆ ਨਹੀਂ। ਦਰਅਸਲ ਇਹ ਬਾਜ਼ਾਰਵਾਦ ਦਾ ਤਰੀਕਾ ਹੈ। ਮਾਰਕੀਟਿੰਗ ਦਾ। ਬਿਨਾਂ ਕੁਝ ਕੀਤਿਆਂ ਪੈਸੇ ਮਗਰ ਲਗਾਉਣ ਦਾ। ਫੁਸਲਾਉਣ, ਬਹਿਕਾਉਣ ਦਾ, ਨਬਜ਼ ਚੈੱਕ ਕਰਨ ਦਾ।

ਗੱਲ ਬਦੋਬਦੀ ਭਟਕ ਜਾਂਦੀ ਏ। ਮੁੱਦਾ ਹੀ ਅਜਿਹਾ ਹੈ, ਸ਼ੁਕਰ ਕਰਾਂ ਕਿ ਡਾਕਟਰ ਬਣ ਗਿਆ ਹਾਂ, ਪਰ ਸੌਖਿਆ ਨਹੀਂ ਬਣਿਆ। ਇਸ ਵਿਚ ਸਮਾਜ ਦਾ ਵੱਡਾ ਹੱਥ ਹੈ ਤੇ ਉਸ ਸਮੇਂ ਦੀ ਸਰਕਾਰ ਦੀਆਂ ਨੀਤੀਆਂ ਦਾ ਵੀ। ਹੁਣ ਦੋਵੇਂ ਹੀ ਅਹਿਮ ਪੱਖ ਓਹਲੇ ਹੋ ਗਏ ਹਨ। ਸਰਕਾਰਾਂ ਵੀ ਗੈਰ ਜ਼ਿੰਮੇਵਾਰ ਹੋ ਗਈਆਂ ਹਨ ਤੇ ਸਮਾਜ ਵੀ ਬੇਪਰਵਾਹ।

*ਮੋਬਾਇਲ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

19-Feb-Sunday.qxd 2/18/2023 9:23 PM Page 4



# ਸਾਵੇਂ, ਸੰਘਰਸ਼ੀ ਤੇ ਸਫਲ ਜੀਵਨ ਦਾ ਸਵੈ-ਬਿਰਤਾਂਤ

ਕਿਤਾਬ ਦੀ ਪਰਖ ਪੜਚੋਲ

**ਡਾ. ਸਤਿੰਦਰ ਸਿੰਘ ਰੈਬੀ**






## ਸੁਪਨੇ ਅਤੇ ਵਾਟਾਂ

**ਜਰਨੈਲ ਸਿੰਘ**
**ਪੰਨੇ : 284, ਮੁੱਲ : 500 ਰੁਪਏ**
**ਯੂਨੀਸਟਾਰ ਬੁਕਸ, ਚੰਡੀਗੜ੍ਹ**

ਕਹਾਣੀਕਾਰ ਜਰਨੈਲ ਸਿੰਘ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਪ੍ਰੌਢ, ਪਰਪੱਕ ਤੇ ਪ੍ਰਵਾਨਤ ਹਸਤਾਖਰ ਹੈ। ਪਰਵਾਸੀ ਪੰਜਾਬੀ ਕਹਾਣੀ ਨੂੰ ਭੂ-ਹੇਰਵੇ, ਪੀੜ੍ਹੀ-ਪਾੜੇ, ਸੱਭਿਆਚਾਰਕ ਤਨਾਅ ਤੋਂ ਅੱਗੇ ਪਾਰ-ਸੱਭਿਆਚਾਰਕ, ਅੰਤਰ-ਰਾਸ਼ਟਰੀ ਮਸਲਿਆਂ ਨਾਲ ਜੋੜਨ ਵਾਲਾ ਕਹਾਣੀਕਾਰ। ਅਮਰੀਕਾ ਦੀ ਨਵ-ਸਾਮਰਾਜਵਾਦੀ ਧੌਂਸਵਾਦੀ ਨੀਤੀ, ਬਰਤਾਨਵੀ ਬਸਤੀਵਾਦ ਵੱਲੋਂ ਚਰਚ ਤੇ ਸਿੱਖਿਆ ਪ੍ਰਬੰਧ ਰਾਹੀਂ ਕੈਨੇਡੀਅਨ ਮੂਲ ਵਾਸੀਆਂ ਦੇ ਕੀਤੇ ਮਾਨਸਿਕ, ਸਮਾਜਿਕ, ਭਾਸ਼ਾਈ, ਧਾਰਮਿਕ ਤੇ ਸੱਭਿਆਚਾਰਕ ਘਾਣ, ਮੁਨਾਫਾ ਕੇਂਦਰਤ ਪੂੰਜੀਵਾਦ ਵੱਲੋਂ ਪੈਦਾ ਕੀਤੇ ਵਾਤਾਵਰਣ ਸੰਬੰਧੀ ਸੰਕਟ, ਪਦਾਰਥਵਾਦ ਦੇ ਹੜ੍ਹ ਵਿੱਚ ਰੁੜ੍ਹਦੀ ਮਾਨਵਤਾ, ਪੂੰਜੀਵਾਦ ਵੱਲੋਂ ਨਾਰੀ ਦੇਹੀ ਨੂੰ ਸੌਂਦਰਯ, ਨੁਮਾਇਸ਼ ਤੇ ਕਾਮੁਕਤਾ ਵਿੱਚ ਢਾਲਣਾ ਪੂੰਜੀਵਾਦੀ ਮਾਨਸਿਕਤਾ ਤੇ ਪੂੰਜੀਵਾਦੀ ਜੀਵਨ-ਜਾਚ ਦੀ ਉਸਾਰੀ ਆਦਿ ਵਿਭਿੰਨ ਮਸਲਿਆਂ 'ਤੇ ਉਹ ਗੰਭੀਰ, ਸਾਰਥਿਕ ਬਿਰਤਾਂਤ ਸਿਰਜਦਾ ਸੰਵਾਦ ਤੋਰਦਾ ਹੈ।

ਇੱਕ ਸਾਧਾਰਨ ਕਿਸਾਨੀ ਪਰਵਾਰ ਵਿੱਚੋਂ ਉੱਠ ਕੇ ਭਾਰਤੀ ਹਵਾਈ ਸੈਨਾ ਵਿੱਚ ਬਤੌਰ ਤਕਨੀਸ਼ੀਅਨ ਸਰਵਿਸ, ਕੈਨੇਡਾ ਜਿਹੇ ਵਿਕਸਿਤ ਮੁਲਕ ਵਿੱਚ ਜਾ ਕੇ ਡਿਫੈਂਸ ਵਿੱਚ ਉੱਚ ਅਧਿਕਾਰੀ ਬਣਨਾ, ਸਫਲ ਤੇ ਸਥਾਪਤ ਕਹਾਣੀਕਾਰ ਵਜੋਂ ਪਛਾਣ ਬਣਾਉਣਾ, ਇੱਕ ਸਾਵੀਂ ਪੱਧਰੀ ਸਫਲ ਪਰਵਾਰਕ ਜ਼ਿੰਦਗੀ ਆਦਿ ਅਨੇਕਾਂ ਪਹਿਲੂ ਹਨ, ਜੋ ਪਾਠਕ ਨੂੰ ਜਰਨੈਲ ਸਿੰਘ ਦੇ ਜੀਵਨ ਵਿੱਚ ਝਾਤੀ ਮਾਰਨ ਲਈ ਉਤਸੁਕਤਾ ਵੀ ਪ੍ਰਦਾਨ ਕਰਦੇ ਹਨ ਤੇ ਨਿਸ਼ਚੇ ਹੀ ਉਹਨਾ ਲਈ ਪ੍ਰੇਰਣਾਮੂਲਕ ਵੀ ਹਨ। ਇਸ ਦੇ ਨਾਲ ਹੀ ਉਸ ਦੀ ਸਾਹਿਤਕਾਰੀ ਦੇ ਪੜਾਅ, ਕਹਾਣੀਆਂ ਵਿਚਲੇ ਪਾਤਰਾਂ ਤੇ ਵਸਤੂ ਦੇ ਮੂਲ ਸਰੋਤਾਂ, ਪ੍ਰੇਰਕ ਤੱਤਾਂ, ਮਨੁੱਖਾਂ ਤੇ ਘਟਨਾਵਾਂ ਦਾ ਕਹਾਣੀ ਬਿਰਤਾਂਤ ਵਿੱਚ ਪਾਤਰ ਤੇ ਕਥਾਨਕ ਰੂਪ ਵਿੱਚ ਢਲਣਾ, ਜਰਨੈਲ ਸਿੰਘ ਦੇ ਆਪਣੇ ਸੁਪਨੇ, ਉਹਨਾ ਦੀ ਪੂਰਤੀ ਲਈ ਕੀਤੀਆਂ ਵਾਟਾਂ, ਸੰਘਰਸ਼ਾਂ, ਮਾਨਸਿਕ ਰੌਂਅ, ਨਜ਼ਰੀਏ, ਸੁਭਾਅ, ਸ਼ੌਕ, ਰੁਚੀਆਂ, ਪ੍ਰਾਪਤੀਆਂ, ਸ਼ਖਸੀਅਤ, ਸਮੇਂ ਦੇ ਸਮਾਜ, ਇਤਿਹਾਸ ਆਦਿ ਅਨੇਕਾਂ ਪਹਿਲੂ ਹਨ, ਜੋ ਜਰਨੈਲ ਸਿੰਘ ਨੇ ਆਪਣੇ ਪਾਠਕਾਂ ਨਾਲ ਸਾਂਝੇ ਕਰਨ ਦੇ ਮਨੋਰਥ ਨਾਲ ਆਪਣੀ ਸਵੈ-ਜੀਵਨੀ 'ਸੁਪਨੇ ਅਤੇ ਵਾਟਾਂ' ਦੀ ਸਿਰਜਣਾ ਕੀਤੀ ਹੈ, ਜੋ ਸਾਨੂੰ ਇਸ ਸਵੈ-ਜੀਵਨੀ ਵਿੱਚ ਪੜ੍ਹਨ ਨੂੰ ਮਿਲਦੇ ਹਨ।

ਸਵੈ-ਜੀਵਨੀ ਅਜਿਹੀ ਸਾਹਿਤਕ ਵਿਧਾ ਹੈ, ਜਿਸ ਵਿੱਚ ਕਰਤਾ ਖੁਦ ਆਪਣੇ ਨਿੱਜੀ ਜੀਵਨ ਦਾ ਸਾਹਿਤਕ ਪੁਨਰ ਸਿਰਜਣ ਕਰਦਾ ਹੈ। ਜਿਸ ਰਾਹੀਂ ਉਹ ਆਪਣੇ ਜੀਵਨ ਦਾ ਸਮੁੱਚਾ ਮਹਾਂਦ੍ਰਿਸ਼ ਉਸਾਰਦਾ ਆਪਣੀਆਂ ਜੀਵਨ ਘਟਨਾਵਾਂ, ਸ਼ਖਸੀਅਤਾਂ ਦੇ ਨਾਲ-ਨਾਲ ਆਪਣੇ ਜੀਵਨ ਤੇ ਆਪਣੇ-ਆਪੇ ਨੂੰ ਵੀ ਪਾਠਕ ਸਾਹਵੇਂ ਦ੍ਰਿਸ਼ਟਮਾਨ ਕਰਦਾ ਜਾਂਦਾ ਹੈ। ਇਹ ਸਹਿਜ ਤੱਥਾਂ ਤੇ ਘਟਨਾਵਾਂ ਦਾ ਸੰਗ੍ਰਹਿ ਨਹੀਂ ਬਲਕਿ, ਲੇਖਕ ਦੀ ਸਮੁੱਚੀ ਸ਼ਖਸੀਅਤ, ਸੁਭਾਅ, ਆਦਤਾਂ, ਰੁਚੀਆਂ, ਸੰਘਰਸ਼ਾਂ, ਵਿਸ਼ਾਦ, ਪੀੜਾ, ਸੰਕਟਾਂ, ਪੜਾਵਾਂ ਦੀ ਯਥਾਰਥਕ, ਸਹਿਜਮਈ ਤੇ ਸੁਹਜਮੂਲਕ ਸਾਹਿਤਕ ਸਿਰਜਣਕਾਰੀ ਹੈ। ਕਰਤਾ ਵੱਲੋਂ ਆਪਣੀ ਸਵੈ-ਪ੍ਰਸੰਸਾ ਇਸ ਵਿਧਾ ਦੀ ਅਹਿਮ ਸੀਮਾ ਹੁੰਦੀ ਹੈ ਅਤੇ ਆਪਣੀਆਂ ਅਜਿਹੀਆਂ ਗਲਤੀਆਂ, ਕੁਹਝਾਂ, ਕਮੀਆਂ, ਸੰਬੰਧਾਂ ਆਦਿ ਜੋ ਉਸ ਦੇ ਸਥਾਪਤ ਸ਼ਖਸੀ ਬਿੰਬ 'ਤੇ ਚੋਟ ਕਰ ਸਕਦੇ ਹਨ, ਨੂੰ ਬੇਪਰਦਾ ਕਰਕੇ ਉਹਨਾਂ ਦਾ ਇੰਕਸ਼ਾਫ ਕਰਨਾ ਸਭ ਤੋਂ ਵੱਡੀ ਚੁਣੌਤੀ।

ਸਵੈ-ਜੀਵਨੀ ਨਿਰੋਲ ਸਵੈ-ਕੇਂਦਰਤ ਵੀ ਨਹੀਂ ਹੁੰਦੀ, ਬਲਕਿ ਸਮਕਾਲੀ ਸ਼ਖਸੀਅਤਾਂ, ਸਮਾਜ-ਸੱਭਿਆਚਾਰ ਅਤੇ ਇਤਿਹਾਸ ਨੂੰ ਵੀ ਕਲੇਵਰ ਵਿੱਚ ਲੈਂਦੀ ਹੈ। ਇਸ ਵਿਚਲਾ ਇਤਿਹਾਸ 'ਸ਼ੁੱਧ ਤੇ ਨਿਰਪੇਖ' ਹੋਂਦ ਵਾਲਾ ਨਹੀਂ, ਬਲਕਿ ਓਵੇਂ ਤੇ ਓਨਾ ਹੀ ਪੇਸ਼ ਹੁੰਦਾ ਹੈ, ਜਿਵੇਂ ਤੇ ਜਿੰਨਾ ਲੇਖਕ ਦੇ ਜੀਵਨ ਵਿੱਚ ਦਾਖਲ ਹੁੰਦਾ ਹੈ, ਉਸ ਨੂੰ ਪ੍ਰਭਾਵਿਤ ਕਰਦਾ ਹੈ, ਜਿਵੇਂ ਉਹ ਘਟਨਾਵਾਂ ਨੂੰ ਵੇਖਦਾ, ਸਮਝਦਾ ਤੇ ਉਹਨਾਂ ਨਾਲ ਸਿੱਝਦਾ ਹੈ। ਇਸ ਦੇ ਬਾਵਜੂਦ ਸਵੈ ਜੀਵਨੀ ਆਪਣੇ ਸਮੇਂ ਦੇ ਸਮਾਜ-ਸੱਭਿਆਚਾਰ ਤੇ ਇਤਿਹਾਸ ਦਾ ਅਹਿਮ ਪ੍ਰਮਾਣਿਕ ਦਸਤਾਵੇਜ਼ ਬਣਨ ਦੀ ਸਮਰੱਥਾ ਰੱਖਦੀ ਹੈ।

ਕਹਾਣੀਕਾਰ ਜਰਨੈਲ ਸਿੰਘ ਦੀ ਸਵੈ ਜੀਵਨੀ 'ਸੁਪਨੇ ਅਤੇ ਵਾਟਾਂ' ਦਾ ਸਿਰਲੇਖ ਤੇ ਸਰਵਰਕ ਹੀ ਉਸ ਦੇ ਸੁਪਨਿਆਂ ਅਤੇ ਇਹਨਾਂ ਦੀ ਪੂਰਤੀ ਹਿੱਤ ਗਾਹੀਆਂ ਵਾਟਾਂ ਤੇ ਕੀਤੇ ਸੰਘਰਸ਼ਾਂ ਦਾ ਪ੍ਰਤੀਕਾਤਮਕ ਅਭਿਵਿਅੰਜਨ ਹਨ। ਆਪਣੇ ਸੁਪਨਿਆਂ ਅਤੇ ਇਹਨਾਂ ਦੀ ਪੂਰਤੀ ਲਈ ਕੀਤੀਆਂ ਵਾਟਾਂ, ਸੰਘਰਸ਼ਾਂ ਪਿੱਛੇ ਪ੍ਰੇਰਕ ਕਾਰਕਾਂ ਨੂੰ ਸਪੱਸ਼ਟ ਕਰਦਿਆਂ ਜਰਨੈਲ ਸਿੰਘ 'ਦੋ ਸ਼ਬਦ' ਵਿੱਚ ਲਿਖਦਾ ਹੈ :

ਵਕਤ ਨੇ ਮੈਨੂੰ ਜਿਨ੍ਹਾਂ ਵਾਟਾਂ 'ਤੇ ਤੋਰਿਆ, ਉਹਨਾਂ 'ਤੇ ਹੀ ਤੁਰੇ ਰਹਿਣਾ ਮੇਰੇ ਸੁਪਨਿਆਂ ਨੂੰ ਪ੍ਰਵਾਨ ਨਹੀਂ ਸੀ। ਸੁਪਨਿਆਂ ਦੀ ਜੜ੍ਹ ਵਿੱਚ ਮੁੱਖ ਤੌਰ 'ਤੇ ਦੋ ਰੀਝਾਂ ਸਨ-ਪਰਵਾਰਕ ਜ਼ਿੰਮੇਵਾਰੀਆਂ ਨਿਭਾਉਣ ਲਈ ਆਰਥਿਕ ਮਜ਼ਬੂਤੀ ਅਤੇ ਚੱਜ-ਆਚਾਰ ਵਾਲੀ ਸਾਰਥਕ ਜ਼ਿੰਦਗੀ।

ਆਪਣੀ ਸਵੈ-ਜੀਵਨੀ ਨੂੰ ਲੇਖਕ ਦੋ ਭਾਗਾਂ ਵਿੱਚ ਵੰਡਦਾ ਹੈ, ਪਹਿਲਾ ਭਾਗ ਉਸ ਦੇ ਭਾਰਤ ਵਿਚਲੇ ਜੀਵਨ 'ਤੇ ਅਧਾਰਤ ਬਿਰਤਾਂਤ ਹੈ ਅਤੇ ਦੂਸਰਾ ਭਾਗ ਕੈਨੇਡਾ ਵਿਚਲੇ ਜੀਵਨ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੇਘੋਵਾਲ ਵਿੱਚ ਇੱਕ ਸਧਾਰਨ ਕਿਸਾਨੀ ਪਰਵਾਰ ਵਿੱਚ ਨਵੰਬਰ 1944 ਨੂੰ ਮਾਤਾ ਭਾਗ ਕੌਰ ਅਤੇ ਪਿਤਾ ਮਹਿੰਦਰ ਸਿੰਘ ਦੇ ਘਰ ਜਨਮਿਆ ਜਰਨੈਲ ਸਿੰਘ ਪੰਜ ਭੈਣ-ਭਰਾਵਾਂ ਵਿੱਚੋਂ ਚੌਥੀ ਥਾਵੇਂ ਹੈ। ਉਸ ਦਾ ਪਰਵਾਰਕ ਵਿਰਸਾ ਸੰਘਰਸ਼ਮਈ ਹੈ, ਉਸ ਦੇ ਵਡੇਰੇ ਪਹਿਲੀ ਸੰਸਾਰ ਜੰਗ ਵਿੱਚ ਵੀ ਸ਼ਹਾਦਤ ਪਾ ਚੁੱਕੇ ਹਨ ਅਤੇ ਉਸ ਦੇ ਪਿਤਾ ਤੇ ਤਾਇਆ ਅਮਰ ਸਿੰਘ ਨੇ ਜੈਤੋ ਦੇ ਮੋਰਚੇ ਵਿੱਚ ਭਾਗ ਲਿਆ ਸੀ। ਹੈੱਡਮਾਸਟਰ ਸ੍ਰ. ਕੁੰਦਨ ਸਿੰਘ ਸੀਹਰਾ ਵੱਲੋਂ ਜ਼ਿੰਦਗੀ ਨੂੰ ਸੁਥਰੀ, ਸੁਚੱਜੀ ਤੇ ਪ੍ਰਗਤੀਸ਼ੀਲ ਬਣਾਉਣ ਦੀ ਦਿੱਤੀ ਪ੍ਰੇਰਨਾ ਸਦਕਾ ਉਹ ਬਿਹਤਰ ਜ਼ਿੰਦਗੀ ਦੇ ਸੁਪਨੇ ਦੀ ਪੂਰਤੀ ਹਿੱਤ ਏਅਰ ਫੋਰਸ ਵਿੱਚ ਮਕੈਨਿਕ ਟਰੇਡ ਵਿੱਚ ਭਰਤੀ ਹੋ ਜ਼ਿੰਦਗੀ ਦੇ ਸੰਘਰਸ਼ਾਂ ਦੀ ਪਹਿਲੀ ਲੰਮੀ ਵਾਟ ਲੈਂਦਾ ਹੈ, ਆਪਣੇ ਪਿੰਡ ਤੋਂ ਮਦਰਾਸ (ਚੇਨਈ) ਨੇੜੇ ਪੈਂਦੇ ਟਰੇਨਿੰਗ ਸੈਂਟਰ ਤਾਂਬਰਮ ਵਿਖੇ। ਟਰੇਨਿੰਗ ਸੰਬੰਧੀ ਆਪਣੇ ਅਨੁਭਵ ਅਤੇ ਨਜ਼ਰੀਆ ਪੇਸ਼ ਕਰਦਿਆਂ ਲੇਖਕ ਭਾਰਤੀ ਫੌਜ ਵਿੱਚ ਅਫਸਰਾਂ ਸਾਹਵੇਂ ਰੰਗਰੂਟਾਂ ਦੀ ਮਾਤਹਿਤਾਂ ਵਾਲੀ ਗੁਲਾਮੀ ਭਰੀ ਸਥਿਤੀ 'ਤੇ ਉਂਗਲ ਕਰਦਾ ਹੈ। ਜਰਨੈਲ ਸਿੰਘ ਦਾ ਸੰਵੇਦਨਸ਼ੀਲ ਹਿਰਦਾ ਸਮੁੱਚੀ ਸਰਵਿਸ ਦੌਰਾਨ ਵੀ ਭਾਰਤੀ ਫੌਜ ਵਿੱਚ ਰੰਗਰੂਟਾਂ ਦੀ 'ਆਰਡਰ' ਅਤੇ 'ਡਸਿਪਲਿਨ' ਦੇ ਨਾਂਅ 'ਤੇ ਗੁਲਾਮਾਂ ਵਾਲੀ ਮਾਤਹਿਤ ਸਥਿਤੀ ਨੂੰ ਮਹਿਸੂਸ ਕਰਦਾ ਹੈ, ਪਰ ਟ੍ਰੇਨਿੰਗ ਦੌਰਾਨ ਇਹ ਸਖਤਾਈ ਕੁਝ ਵਧੇਰੇ ਹੁੰਦੀ ਹੈ।

ਸਰਵਿਸ ਦੌਰਾਨ ਲੇਖਕ ਦੀ ਪੋਸਟਿੰਗ ਅਸਾਮ ਦੇ ਕਸਬੇ ਛਬੂਆ, ਤਾਂਬਰਮ ਵਿਖੇ ਕਨਵਰਸ਼ਨ ਕੋਰਸ, ਆਗਰਾ, ਪੂਣੇ, ਜੋਧਪੁਰ, ਉੱਤਰਲਾਏ, ਚੰਡੀਗੜ੍ਹ ਆਦਿ ਏਅਰਫੋਰਸ ਸਟੇਸ਼ਨ 'ਤੇ ਹੁੰਦੀ ਹੈ। ਸਰਵਿਸ ਦੌਰਾਨ ਲੇਖਕ 1965 ਅਤੇ 1971 ਦੀਆਂ ਜੰਗਾਂ ਵਿੱਚ ਵੀ ਸ਼ਾਮਲ ਹੁੰਦਾ ਹੈ। 1971 ਦੀ ਜੰਗ ਵਿੱਚ ਉਹ ਆਪਣੇ ਸਾਥੀਆਂ ਸਮੇਤ ਮੌਤ ਤੋਂ ਕੁਝ ਸੈਕਿੰਡਾਂ ਦੇ ਫਰਕ ਨਾਲ ਬਚ ਪਾਉਂਦਾ ਹੈ, ਜਦ ਕਿ ਉਹਨਾਂ ਦਾ ਸਾਥੀ ਪਵਨ ਸ਼ਰਮਾ ਜਾਨ ਗਵਾ ਬੈਠਦਾ ਹੈ। ਸਵੈ-ਜੀਵਨੀਕਾਰ ਜਿੱਥੇ ਇਹਨਾਂ ਜੰਗਾਂ ਦੀਆਂ ਇਤਿਹਾਸਕ ਘਟਨਾਵਾਂ ਤੇ ਤੱਥਾਂ ਦਾ ਵਰਣਨ ਕਰਦਾ ਹੈ, ਉੱਥੇ ਇਹਨਾਂ ਜੰਗਾਂ ਬਾਰੇ ਜੋ ਉਸ ਦੀ ਰਾਜਸੀ ਚੇਤਨਾ ਬਣਦੀ ਹੈ, ਉਹ ਸੱਤਾ ਧਿਰਾਂ ਦੀਆਂ ਰਾਜਸੀ ਲੋੜਾਂ ਤੇ ਸਾਮਰਾਜਵਾਦੀ ਨੀਤੀਆਂ ਵਿਰੁੱਧ ਮਾਨਵ ਹਿਤੈਸ਼ੀ ਹੈ, ਜਿਸ ਮੁਤਾਬਕ ਮੁਲਕਾਂ ਦੀਆਂ ਸਰਕਾਰਾਂ ਆਪਣੀਆਂ ਰਾਜਸੀ ਅਭਿਲਾਸ਼ਾਵਾਂ ਹਿੱਤ ਜੰਗਾਂ ਛੇੜਦੀਆਂ ਹਨ, ਅਮਰੀਕਾ-ਰੂਸ ਜਿਹੀਆਂ ਸ਼ਕਤੀਆਂ ਵਿਸ਼ਵ ਪੱਧਰ 'ਤੇ ਆਪਣੀ ਸਰਦਾਰੀ ਕਾਇਮ ਰੱਖਣ, ਹਥਿਆਰ ਵੇਚਣ ਦੇ ਮੁਫਾਦਾਂ ਤਹਿਤ ਮੁਲਕਾਂ ਨੂੰ ਜੰਗਾਂ ਵੱਲ ਧੱਕਦੇ ਹਨ। ਹਥਿਆਰਾਂ ਦੇ ਇਹ ਵਪਾਰੀ ਲਾਭ ਖੱਟ ਜਾਂਦੇ ਹਨ ਅਤੇ ਰੋਟੀ ਦੇ ਵਸੀਲੇ ਹਿੱਤ ਸੈਨਿਕ ਭਰਤੀ ਹੋਏ ਆਮ ਲੋਕਾਂ ਦੇ ਜਵਾਨ ਪੁੱਤ ਜੰਗ ਦਾ ਨਿਵਾਲਾ ਬਣਾ ਦਿੱਤੇ ਜਾਂਦੇ ਹਨ। ਮੀਡੀਆ ਸੈਨਿਕਾਂ ਦੀ ਬਹਾਦਰੀ ਨੂੰ ਪਿੱਛੇ ਪਾ ਪ੍ਰਧਾਨ ਮੰਤਰੀ ਦੇ ਗੁਣਗਾਣ ਨੂੰ ਪਹਿਲ ਦਿੰਦਾ ਹੈ। ਉਸ ਦੀ ਮਾਨਵਵਾਦੀ ਸੋਚ ਆਖਦੀ ਹੈ, 'ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਸਦੀਆਂ ਪਿਆਸੀ ਧਰਤੀ ਵਾਸਤੇ ਅੱਗ ਦਾ ਨਹੀਂ, ਪਾਣੀ ਦਾ ਬੰਦੋਬਸਤ ਕਰਨਾ ਚਾਹੀਦੈ।' ਮੁਲਕਾਂ ਦੀਆਂ ਜੰਗਾਂ ਤੋਂ ਉਪਜੇ ਸੈਨਿਕਾਂ ਦੇ ਦੁਖਾਂਤ ਬਾਰੇ ਆਪਣੇ ਇਸ ਪ੍ਰਮਾਣਿਕ ਅਨੁਭਵ ਅਤੇ ਮਾਨਵੀ ਨਜ਼ਰੀਏ ਤੋਂ ਉਹ ਸੁਆਹ ਦੀ ਢੇਰੀ, ਮਨੁੱਖ ਤੇ ਮਨੁੱਖ, ਟਾਵਰਜ਼, ਮੁਹਾਜ਼ ਜਿਹੀਆਂ ਮਿਆਰੀ ਕਹਾਣੀਆਂ ਦੀ ਸਿਰਜਣਾ ਕਰਦਾ ਹੈ।

ਹਵਾਈ ਸੈਨਾ ਵਿੱਚੋਂ ਸੇਵਾ-ਮੁਕਤੀ ਉਪਰੰਤ ਜਰਨੈਲ ਸਿੰਘ ਕੋਆਪਰੇਟਿਵ ਬੈਂਕ ਵਿੱਚ 'ਫੀਲਡ ਇਕਨਾਮਿਕਸ ਇਨਵੈਸਟੀਗੇਟਰ' ਦੀ ਪੋਸਟ 'ਤੇ ਨਵੀਂ ਸਰਵਿਸ ਕਰਦਾ ਹੈ। ਇਸ ਦੌਰਾਨ ਬਾਪੂ ਜੀ ਦੀਆਂ ਬਾਤਾਂ ਤੇ ਕੰਵਲ ਦੇ ਨਾਵਲਾਂ ਤੋਂ ਲੱਗੀ ਸਾਹਿਤਕਾਰੀ ਦੀ ਚੇਟਕ ਫਲੀ-ਭੂਤ ਹੁੰਦੀ ਹੈ ਅਤੇ ਆਪਣੇ ਕਿਸਾਨੀ ਤੇ ਫੌਜੀ ਜੀਵਨ ਦੇ ਅਨੁਭਵ ਨੂੰ ਆਧਾਰ ਬਣਾ ਕੇ 'ਮੈਨੂੰ ਕੀ', 'ਮਨੁੱਖ ਤੇ ਮਨੁੱਖ' ਅਤੇ 'ਸਮੇਂ ਦੇ ਹਾਣੀ' ਕਹਾਣੀ ਸੰਗ੍ਰਹਿਆਂ ਦੀ ਸਿਰਜਣਾ ਕਰਦਾ ਹੈ।

ਸਵੈ-ਜੀਵਨੀ ਦਾ ਦੂਜਾ ਭਾਗ ਪਰਵਾਸੀ ਜੀਵਨ ਨਾਲ ਸੰਬੰਧਤ ਹੈ। ਸੁਪਨਿਆਂ ਨੂੰ ਸਾਕਾਰ ਕਰਨ ਲਈ ਆਰੰਭੀ ਗਈ ਸਮੁੰਦਰ ਪਾਰ ਮੁਲਕਾਂ ਦੀ ਅਗਲੀ ਲੰਮੀ ਵਾਟ ਤੇ ਜੀਵਨ ਦੀ ਜੱਦੋ-ਜਹਿਦ। ਸੰਬੰਧੀਆਂ ਵੱਲੋਂ ਭੇਜੀ ਰਾਹਦਾਰੀ ਸਦਕਾ ਲੇਖਕ ਇੰਗਲੈਂਡ, ਅਮਰੀਕਾ ਹੁੰਦਾ ਹੋਇਆ 8 ਸਤੰਬਰ 1988 ਨੂੰ ਕੈਨੇਡਾ ਦੇ ਮਹਾਂਨਗਰ ਟੋਰਾਂਟੋ ਪੁੱਜਦਾ ਹੈ। ਸਾਂਢੂ ਦੀ ਸਲਾਹ 'ਤੇ ਰਫਿਊਜੀ ਸਟੇਟਸ ਲਈ ਅਪਲਾਈ ਕਰਕੇ 'ਚੱਜ ਆਚਾਰ ਵਾਲੀ ਸਾਰਥਕ ਜ਼ਿੰਦਗੀ' ਅਤੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਕੈਨੇਡਾ ਜਿਹੇ ਵਿਕਸਤ ਮੁਲਕ ਦੀ ਧਰਤ 'ਤੇ ਆਪਣੀਆਂ ਜੜ੍ਹਾਂ ਲਾਉਣ ਦੇ ਸੰਘਰਸ਼ ਵਿੱਚ ਪੈ ਜਾਂਦਾ ਹੈ। ਇੱਥੇ ਉਹ ਫਰਨੀਚਰ ਫੈਕਟਰੀ ਵਿੱਚ ਕਾਮੇ ਤੋਂ ਆਰੰਭ ਕਰਕੇ ਉਪਰੰਤ ਆਪਣੀ ਹਿੰਮਤ, ਯੋਗਤਾ, ਤਜਰਬੇ ਸਦਕਾ ਉੱਥੋਂ ਦੀ ਨਾਮਵਰ ਸਕਿਉਰਿਟੀ ਕੰਪਨੀ 'ਕੈਨੇਡੀਅਨ ਕੋਰ ਆਫ ਕਮਿਸ਼ਨੇਰਜ਼' ਵਿੱਚ ਬਤੌਰ ਸਰਜੈਂਟ ਨੌਕਰੀ ਕਰਦਾ ਹੈ। ਅੱਗੋਂ ਕੈਨੇਡੀਅਨ ਫੋਰਸਜ਼ ਬੇਸ ਵਿੱਚ ਵਾਰੰਟ ਅਫਸਰ ਦੀ ਪਦਵੀ ਤੱਕ ਪਹੁੰਚਦਾ ਹੈ।

ਇਸ ਸਵੈ-ਜੀਵਨੀ ਵਿੱਚੋਂ ਜਰਨੈਲ ਸਿੰਘ ਦਾ ਜੋ ਵਿਅਕਤੀਤਵ ਉਭਰਦਾ ਹੈ, ਉਹ ਇੱਕ ਸਿਰੜੀ, ਉਤਸ਼ਾਹੀ, ਆਸ਼ਾਵਾਦੀ, ਸਵੈ-ਵਿਸ਼ਵਾਸ ਨਾਲ ਭਰਪੂਰ, ਸੰਘਰਸ਼ਸ਼ੀਲ, ਇਮਾਨਦਾਰ, ਮਿਹਨਤੀ, ਕੰਮ ਪ੍ਰਤੀ ਸਮਰਪਿਤ, ਜ਼ਿੰਮੇਵਾਰ, ਸੂਝ-ਬੂਝ ਭਰਪੂਰ, ਸੰਵੇਦਨਸ਼ੀਲ, ਅਗਾਂਹਵਧੂ ਅਤੇ ਮਾਨਵਵਾਦੀ ਸੋਚ ਵਾਲਾ ਹੈ। ਉਹ ਵਿਰਸੇ ਤੇ ਭਾਈਚਾਰੇ ਨਾਲ ਜੁੜਿਆ ਹੋਇਆ, ਨਾਲ ਹੀ ਨਵੇਂ ਪ੍ਰਤੀ ਵੀ ਆਸ਼ਾਵਾਦੀ ਤੇ ਖੁੱਲ੍ਹੀ ਪਹੁੰਚ ਰੱਖਦਾ ਹੈ। ਉਹ ਘੁਮੱਕੜੀ ਬਿਰਤੀ ਵਾਲਾ ਹੈ ਅਤੇ ਉਸ ਨੂੰ ਬਤੌਰ ਸਾਹਿਤਕਾਰ ਅਸੀਂ ਸਭ ਜਾਣਦੇ ਹੀ ਹਾਂ। ਉਹ ਸਾਵੀਂ ਪੱਧਰੀ ਸੰਤੁਲਤ ਜੀਵਨ-ਜਾਚ ਦਾ ਬਿਹਤਰੀਨ ਮਾਡਲ ਹੈ, ਜਿਸ ਤੋਂ ਨੌਜਵਾਨ ਪੀੜ੍ਹੀ ਨੂੰ ਬਹੁਤ ਕੁਝ ਸਿੱਖਣ ਨੂੰ ਮਿਲ ਸਕਦਾ ਹੈ।

ਸਾਹਿਤਕਾਰੀ ਦੀ ਚੇਟਕ ਜਰਨੈਲ ਸਿੰਘ ਨੂੰ ਜਸਵੰਤ ਸਿੰਘ ਕੰਵਲ ਅਤੇ ਨਾਨਕ ਸਿੰਘ ਦੇ ਨਾਵਲਾਂ ਤੋਂ ਲੱਗਦੀ ਹੈ। ਹਵਾਈ ਸੈਨਾ ਵਿੱਚ ਸਰਵਿਸ ਦੌਰਾਨ ਉਹ ਨਾਵਲ ਪੜ੍ਹਨ ਦੇ ਨਾਲ-ਨਾਲ ਲਿਖਣ ਦੇ ਅਭਿਆਸ ਵਿੱਚ ਰਹਿੰਦਾ ਹੈ। ਕੋਆਪ੍ਰੇਟਿਵ ਬੈਂਕ ਦੀ ਨੌਕਰੀ ਦੌਰਾਨ ਉਸ ਨੇ ਤਿੰਨ ਕਹਾਣੀ-ਸੰਗ੍ਰਹਿ 'ਮੈਨੂੰ ਕੀ', 'ਮਨੁੱਖ ਤੇ ਮਨੁੱਖ' ਅਤੇ 'ਸਮੇਂ ਦੇ ਹਾਣੀ' ਲਿਖੇ। ਇਹ ਕਹਾਣੀਆਂ ਉਸ ਦੇ ਫੌਜੀ ਜੀਵਨ ਅਤੇ ਪੰਜਾਬ ਦੀ ਕਿਸਾਨੀ ਦੀਆਂ ਸਮੱਸਿਆਵਾਂ 'ਤੇ ਆਧਾਰਤ ਹਨ। ਸ਼ਿਲਪਕਾਰੀ ਪੱਖੋਂ ਇਹ ਕਹਾਣੀਆਂ ਇਕਹਿਰੀ ਬਣਤਰ ਦੀਆਂ ਹਨ। ਇਸ ਨੂੰ ਉਹ ਆਪਣੀ ਕਹਾਣੀ ਕਲਾ ਦਾ ਪਹਿਲਾ ਪੜਾਅ ਮੰਨਦਾ ਹੈ। ਅਗਲੇ ਤਿੰਨ ਸੰਗ੍ਰਹਿ 'ਦੋ ਟਾਪੂ', 'ਟਾਵਰਜ਼' ਅਤੇ 'ਕਾਲੇ ਵਰਕੇ' ਉਹ ਕੈਨੇਡਾ ਰਹਿੰਦਿਆਂ ਲਿਖਦਾ ਹੈ। ਪਰਵਾਸੀ ਜੀਵਨ ਨਾਲ ਸੰਬੰਧਤ ਸਮੱਸਿਆਵਾਂ ਤੋਂ ਆਰੰਭ ਕਰਕੇ ਉਹ ਅਮਰੀਕੀ ਸਾਮਰਾਜਵਾਦੀ ਧੌਂਸਵਾਦ, ਬਰਤਾਨਵੀ ਬਸਤੀਵਾਦ, ਪੂੰਜੀਵਾਦ ਵੱਲੋਂ ਪੈਦਾ ਕੀਤੇ ਵਾਤਾਵਰਣ ਸੰਬੰਧੀ, ਸੱਭਿਆਚਾਰ, ਆਰਥਿਕ ਤੇ ਮਾਨਵੀ ਸੰਕਟਾਂ ਜਿਹੇ ਪਾਰ ਸੱਭਿਆਚਾਰਕ ਅੰਤਰ-ਰਾਸ਼ਟਰੀ ਮਸਲਿਆਂ 'ਤੇ ਭਰਵੇਂ ਬਿਰਤਾਂਤ ਸਿਰਜਣ ਤੱਕ ਪੁੱਜਦਾ ਹੈ। ਉਸ ਨੂੰ ਵਿਦੇਸ਼ੀ ਸ਼੍ਰੋਮਣੀ ਸਾਹਿਤਕਾਰ, ਅੰਤਰ-ਰਾਸ਼ਟਰੀ ਢਾਹਾਂ ਸਾਹਿਤ ਐਵਾਰਡ ਸਮੇਤ ਅਨੇਕਾਂ ਪੁਰਸਕਾਰ ਪ੍ਰਾਪਤ ਹੋਏ ਹਨ। ਪੁਸਤਕ ਵਿੱਚ ਲੇਖਕ ਆਪਣੀ ਰਚਨਾ ਪ੍ਰਕਿਰਿਆ-ਕਹਾਣੀਆਂ ਦੀ ਵਸਤੂ, ਪਾਤਰਾਂ, ਵਸਤੂ ਯਥਾਰਥ ਵਿਚਲੇ ਮਸਲੇ, ਘਟਨਾਵਾਂ, ਵਿਅਕਤੀ ਕਿਵੇਂ ਉਸ ਨੂੰ ਰਚਨਾ ਪ੍ਰਕਿਰਿਆ ਲਈ ਉਕਸਾਉਂਦੇ ਹਨ ਜਾਂ ਕਿਵੇਂ ਅਹੁੜਦੇ ਹਨ। ਕਿਵੇਂ ਬਿਰਤਾਂਤ ਵਿੱਚ ਢਲਦੇ ਹਨ ਆਦਿ ਬਾਰੇ ਵਿਸਤ੍ਰਿਤ ਚਰਚਾ ਮਿਲਦੀ ਹੈ। ਜਰਨੈਲ ਸਿੰਘ ਇੱਕ ਖੁੱਲ੍ਹੇ ਵਿਚਾਰਾਂ ਵਾਲਾ ਵਿਅਕਤੀ ਹੈ, ਇਸ ਦਾ ਪ੍ਰਮਾਣ ਇਹ ਹੈ ਕਿ ਉਹ ਸੈਨਾ ਵਿੱਚ ਸਰਵਿਸ ਦੌਰਾਨ ਅਤੇ ਪਰਵਾਸ ਦੌਰਾਨ ਸਹਿਵਨ ਹੀ ਪਾਰ-ਸੱਭਿਆਚਾਰਕ, ਪਾਰ-ਧਾਰਮਿਕ ਪਛਾਣਾਂ ਵਾਲੇ ਲੋਕਾਂ ਨਾਲ ਦੋਸਤੀਆਂ ਗੰਢ ਲੈਂਦਾ ਹੈ। ਕੈਨੇਡਾ ਵਾਸ ਦੌਰਾਨ ਵੀ ਉਹ ਪੰਜਾਬੀ ਪਛਾਣ ਦੇ ਦਾਇਰਿਆਂ ਤੋਂ ਪਾਰ ਲੈਰੀ ਹਾਈਨ ਜਿਹੇ ਗੋਰਿਆਂ ਨਾਲ ਵੀ ਗੂੜ੍ਹੀਆਂ ਦੋਸਤੀਆਂ ਮਾਣਦਾ ਹੈ। ਕੈਨੇਡਾ ਰਹਿੰਦਿਆਂ ਲੇਖਕ ਆਪਣੇ ਆਪ ਅਤੇ ਪਰਵਾਰ ਨੂੰ ਪੈਰੀਂ ਕਰਨ, ਸਾਹਿਤਕ ਕਾਰਜਾਂ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਲਈ ਸਮਾਜਿਕ ਕਾਰਜਾਂ ਵਿੱਚ ਵੀ ਯੋਗਦਾਨ ਪਾਉਂਦਾ ਹੈ। ਉਹ ਇਕਬਾਲ ਰਾਮੂਵਾਲੀਆ ਨਾਲ ਮਿਲ ਕੇ ਮਾਪਿਆਂ ਅਤੇ ਨੌਜਵਾਨ ਪੀੜ੍ਹੀ ਵਿਚਾਲੇ ਬਣੇ ਪਾੜੇ ਨੂੰ ਘੱਟ ਕਰਨ ਤੇ ਇੱਕ-ਦੂਜੀ ਧਿਰ ਦਰਮਿਆਨ ਆਪਸੀ ਤਾਲਮੇਲ ਤੇ ਸਮਝਦਾਰੀ ਬਣਾਉਣ ਹਿੱਤ ਸੈਮੀਨਾਰਾਂ ਦਾ ਪ੍ਰਬੰਧ ਕਰਦੇ ਹਨ ਅਤੇ ਉਹਨਾਂ ਦੇ ਮਸਲੇ ਸੁਲਝਾਉਂਦੇ ਹਨ। ਉਹ ਪਰਵਾਸ ਵਿੱਚ ਨਸਲਵਾਦ ਜਿਹੇ ਮਸਲਿਆਂ ਨੂੰ ਵੀ ਸਵੀਕਾਰਦਾ ਹੈ, ਪਰ ਇਹਨਾਂ ਪ੍ਰਤੀ ਉਸ ਦਾ ਨਜ਼ਰੀਆ ਤੇ ਪਹੁੰਚ ਡਰ ਕੇ ਪਿੱਛੇ ਹਟਣ ਵਾਲਾ ਨਹੀਂ, ਬਲਕਿ ਉਸ ਦਾ ਸਾਹਮਣਾ ਕਰਨਾ ਤੇ ਲੋੜੀਂਦਾ 'ਐਟੀਚਿਊਡ' ਦਿਖਾਉਣ ਦਾ ਹੈ।

ਸਵੈ-ਜੀਵਨੀ ਬੇਸ਼ੱਕ ਲੇਖਕ ਦੇ ਆਪਣੇ ਜੀਵਨ 'ਤੇ ਅਧਾਰਤ ਵਿਧਾ ਹੁੰਦੀ ਹੈ, ਪਰ ਇਸ ਦੇ ਨਾਲ ਹੀ ਇਹ ਵੇਲੇ ਦੇ ਸਮਾਜ-ਸੱਭਿਆਚਾਰ, ਇਤਿਹਾਸ ਨੂੰ ਵੀ ਜੀਵਨ ਬਿਰਤਾਂਤ ਵਿੱਚ ਲੇਖਕ ਦੇ ਅਨੁਭਵ ਤੇ ਨਜ਼ਰੀਏ ਤੋਂ ਪਰੋਂਦੀ ਜਾਂਦੀ ਹੈ। ਸਵੈ-ਜੀਵਨੀ ਦੇ ਆਰੰਭ ਵਿੱਚ 'ਨਿੱਕਾ ਪਰ ਨਿੱਘਾ ਘਰ', 'ਸੰਘਰਸ਼ਮਈ ਵਿਰਸਾ', 'ਮੇਰਾ ਪਿੰਡ', 'ਸੁਚੱਜੇ ਜੀਵਨ ਦੀ ਟਕਸਾਲ' ਸਿਰਲੇਖਾਂ ਅਧੀਨ ਲੇਖਕ ਆਪਣੀ ਸੰਘਰਸ਼ਮਈ ਵਿਰਾਸਤ, ਪਰਵਾਰ, ਪਿੰਡ ਆਦਿ ਬਾਰੇ ਦੱਸਦਿਆਂ ਵੇਲੇ ਦੇ ਪੰਜਾਬੀ ਸਮਾਜ ਦਾ ਭਰਵਾਂ ਦ੍ਰਿਸ਼ ਸਿਰਜ ਜਾਂਦਾ ਹੈ। ਇੰਝ ਹੀ ਛੋਟੇ ਭਰਾ ਕੁਲਦੀਪ ਦੇ ਵਿਆਹ ਦਾ ਦ੍ਰਿਸ਼ ਪੰਜਾਬੀ ਸੱਭਿਆਚਾਰ ਦਾ ਸਜੀਵ ਦ੍ਰਿਸ਼ ਸਿਰਜਣ ਹੈ। ਸੈਨਾ ਵਿੱਚ ਰਹਿੰਦੇ ਹੋਏ ਉਹ ਭਾਰਤ ਦੇ ਇਤਿਹਾਸ ਵਿਚਲੀਆਂ ਅਹਿਮ ਘਟਨਾਵਾਂ 1965 ਅਤੇ 1971 ਦੀ ਭਾਰਤ-ਪਾਕਿਸਤਾਨ ਜੰਗ ਨੂੰ ਆਪਣੇ ਅਨੁਭਵ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਾਟਕੀ ਸੰਵਾਦ ਅਤੇ ਸੰਖੇਪਤਾ ਰਾਹੀਂ ਉਸਰਦਾ ਕਥਾ ਬਿਰਤਾਂਤ

**ਡਾ. ਅਮਰ ਕੋਮਲ**

## ਬਦਾਮੀ ਰੰਗ ਦੇ ਛਿੱਟੇ

(ਕਹਾਣੀ ਸੰਗ੍ਰਹਿ)
**ਅਮਨ ਗੁਰਲਾਲ**
**ਮੁੱਲ : 295 ਰੁਪਏ, ਪੰਨੇ : ਸੁਜਿਲਦ : 174**
**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

ਇਸ ਕਹਾਣੀ ਸੰਗ੍ਰਹਿ ਤੋਂ ਪਹਿਲਾਂ ਲੇਖਕਾ ਨੇ ਇੱਕ ਕਹਾਣੀ ਸੰਗ੍ਰਹਿ 'ਬਾਈਪਾਸ' ਨਾਂਅ ਦਾ 2014 ਈ: ਵਿੱਚ ਪ੍ਰਕਾਸ਼ਤ ਕਰਵਾਇਆ ਹੈ। 2017 ਈ: ਵਿੱਚ ਆਮੀਨ ਨਾਂਅ ਦਾ ਇੱਕ ਨਾਵਲ ਵੀ ਛਪ ਚੁੱਕਾ ਹੈ। 'ਬਦਾਮੀ ਰੰਗ ਦੇ ਛਿੱਟੇ' ਆਪ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਗਿਆਰਾਂ ਕਹਾਣੀਆਂ ਹਨ।

ਇਹਨਾਂ ਕਹਾਣੀਆਂ ਦੀ ਸੰਰਚਨਾਤਮਿਕ ਵਿਧੀ, ਨਾਟਕੀ ਸੰਵਾਦਿਕੀ ਅੰਦਾਜ਼, ਛੋਟੇ-ਛੋਟੇ ਵਾਕ, ਵਾਕਾਂ ਤੋਂ ਬਣਦੇ ਅਰਥ ਸੰਚਾਰਦੇ ਪ੍ਰਵਚਨ...ਨਾਟਕੀ ਅੰਦਾਜ਼..ਜਿਵੇਂ 'ਅੰਬਰ ਮੀਂਹ ਪਾ ਰਿਹਾ ਹੈ, ਧਰਤੀ ਪਾਣੀ ਨਾਲ ਭਿੱਜ ਰਹੀ ਐ।'

'ਪਤਾ ਐ ਨਾ, ਜਦੋਂ ਬਾਰਿਸ਼ ਹੁੰਦੀ ਐ ਤਾਂ ਧਰਤੀ ਤੇ ਅੰਬਰ, ਆਪਸ ਵਿੱਚ ਗੱਲਾਂ ਕਰਦੇ ਨੇ।'

ਸ਼ਬਦਾਂ ਰਾਹੀਂ ਪ੍ਰਾਕ੍ਰਿਤਕ ਤਸਵੀਰਾਂ...

ਮਨ ਵਿੱਚ ਸਤਯੁੱਗ ਵਾਲੀ ਸੋਚ ਹੋਵੇ ਤਾਂ ਚੁਫੇਰੇ ਵੀ ਸਤਯੁੱਗ ਹੁੰਦਾ ਹੈ।

ਘੁੱਗ ਵਸਦੇ ਸੰਸਾਰ ਦੀ ਕਲਪਨਾ ਉਡਾਰੀ, ਸਤਯੁੱਗ ਉਸ ਦੀ ਕਲਪਨਾ ਦੀ ਉਡਾਰੀ?

ਉਸ ਦੇ ਅੰਦਰ ਉਹ ਲੋਕ ਵੀ ਹਨ, ਜੋ 'ਸੁੱਕੇ ਪੱਤੇ ਕੰਬਦੇ ਬੋਟ' ਵਾਂਗ ਜ਼ਿੰਦਗੀ ਜੀ ਨਹੀਂ ਰਹੇ, ਬਲਕਿ ਤੁਰਦੇ-ਫਿਰਦੇ ਮੁਰਦਿਆਂ ਵਾਂਗ ਜਿਊਣ-ਥੀਣ ਦਾ ਫਰਜ਼ ਨਿਭਾਅ ਰਹੇ ਹਨ। ਇਸ ਕਹਾਣੀ 'ਚ ਪੇਸ਼ ਇੱਕ ਸ਼ਬਦ-ਚਿੱਤਰ :

'ਰਬੜ ਦੀਆਂ ਵੱਡੀਆਂ ਕਾਲੀਆਂ ਚੱਪਲਾਂ
ਖੁਰਦਰੇ ਕਾਲੇ ਵੱਡੇ-ਵੱਡੇ ਪੈਰ
ਥਾਂ-ਥਾਂ ਤੋਂ ਬਿਆਈਆਂ ਫਟੀਆਂ ਹੋਈਆਂ
ਫਿੱਕਾ, ਪੀਲਾ ਜਿਆ ਕੁੜਤਾ ਪਜਾਮਾ
ਖੁਰਦਰੇ ਫਟੇ ਹੱਥ
ਰੁੱਖਾ ਧੁਆਂਖਿਆ ਚਿਹਰਾ
ਜਟਾਂ ਵਾਲੇ ਵਾਲ।'

ਇਹ ਸੁੱਕੇ ਪੱਤੇ, ਕੰਬਦੇ ਬੋਟ, ਕਹਾਣੀ ਦਾ ਮੁੱਖ ਪਾਤਰ ਹੈ। ਜਿਸ ਨੂੰ ਸ਼ਬਦਾਂ ਰਾਹੀਂ ਤਸਵੀਰਨ ਵਾਲੀ ਕਹਾਣੀਕਾਰਾ ਉਸ ਦੇ ਚੱਲ-ਚਿੱਤਰਾਂ ਰਾਹੀਂ ਉਸ ਦੇ ਸ਼ਰਾਬੀ ਘਰ ਵਾਲੇ ਨੂੰ ਚਿਤਰਦੀ ਹੈ :

'ਅਸਮਾਨ ਤੋਂ ਰਾਤ ਧਰਤੀ 'ਤੇ ਡਿੱਗਣ ਲੱਗੀਆਂ
ਬਾਈਪਾਸ 'ਤੇ ਹੁਣ ਵੀ ਸੁੰਨ ਸਰਾਂ ਐ
ਰਾਤ ਦੇ ਦੋ ਵੱਜ ਗਏ ਆ
ਬਾਈਪਾਸ ਆਲੀ ਤਾਂ ਹਵਾ ਵਿੱਚ ਵੀ ਸ਼ਰਾਬ ਦੀ ਹਵਾੜ ਰਲ ਗਈ ਆ
ਪੰਜ ਕੁ ਰਿਕਸ਼ੇ ਲੜੀ ਬੰਨ੍ਹਵੇ ਖੜ੍ਹੇ ਆ
ਘਰਾਂ-ਬਾਰਾਂ ਆਲੇ ਆਪੋ ਆਪਣੇ ਘਰੀਂ ਚਲੇ ਗਏ ਆ
ਤਕੜੇ ਮੂੰਹ ਹਨੇਰੇ ਆਉਣ ਲੱਗ ਜਾਣਗੇ...'

ਸ਼ਰਾਬ ਦੇ ਨਸ਼ੇ ਦੀ ਲੋਰ ਵਿੱਚ ਬਿੰਦਰ ਐਪਰ ਗਾ ਰਿਹਾ ਹੈ : 'ਨੰਗ-ਮਲੰਗ ਜੰਮ ਜੰਮ ਵੇ ਪੀੜਾ ਢੋਲਾ, ਸਾਡੇ ਪੱਲੇ ਮੁਦਤੋਂ ਪਈਆਂ'...'ਟਿੰਗ ਲਿੰਗ, ਲਿੰਗ ਲਿੰਗ ਟਿੰਗ ਲਿੰਗ ਲਿੰਗ ਲਿੰਗ...'




ਇਸ ਤੋਂ ਵੱਧ ਹੋਰ ਵਧੀਆ, ਸ਼ਰਾਬੀ ਰਿਕਸ਼ੇ ਵਾਲੇ ਲਾਪ੍ਰਵਾਹ ਦਾ ਸ਼ਬਦ-ਚਿੱਤਰ ਹੋਰ ਕੀ ਹੋ ਸਕਦਾ ਹੈ, ਜਿਸ ਦੀ ਪਤਨੀ ਆਪਣੀ ਇੱਕ ਬੱਚੀ ਨੂੰ ਲੈ ਕੇ ਆਪਣੇ ਪਤੀ ਰਿਕਸ਼ੇ ਵਾਲੇ ਸ਼ਰਾਬੀ ਨੂੰ ਲੱਭਣ ਆਈ ਹੈ।

ਇਹ ਕੀ ਸਮਾਜਿਕ, ਆਰਥਿਕ, ਸੱਭਿਆਚਾਰਕ ਸਮੱਸਿਆ ਨਹੀਂ? ਕਿ ਗਰੀਬ ਆਪਣੇ 'ਦੁੱਖ ਭੁਲਾਉਣ ਲਈ ਆਪਣੀ ਖੂਨ ਦੀ ਕਮਾਈ, ਇੰਜ ਸ਼ਰਾਬ ਪੀ ਕੇ ਉਜਾੜ ਰਹੇ ਹਨ'। ਉਹ ਕਿਉਂ ਪੀਂਦੇ ਹਨ? ਉਹਨਾਂ ਦੀਆਂ ਘਰਵਾਲੀਆਂ ਉਹਨਾਂ ਨੂੰ ਅੱਧੀ ਰਾਤ, ਪਹਿਰ ਦੇ ਤੜਕੇ ਤੱਕ ਕਿਉਂ ਲੱਭਣ ਆਉਂਦੀਆਂ ਹਨ?

ਅਮਨ ਗੁਰਲਾਲ ਦੀ ਕੋਈ ਕਹਾਣੀ ਲੈ ਲਵੋ : ਜ਼ਿੰਦਗੀ ਦੀਆਂ ਬਾਤਾਂ ਹਨ, ਤੀਜੇ ਆਲ੍ਹਣੇ ਦੀਆਂ ਤੀਲ੍ਹਾਂ ਬਿਖਰ ਜਾਂਦੀਆਂ ਹਨ। ਦੁੱਖ, ਗਰੀਬੀ, ਨਸ਼ੇ, ਬੇਰੁਜ਼ਗਾਰੀ ਦੀ ਕਹਾਣੀ ਸਦੀ ਸਦੀ ਹੈ। ਸੱਚੀਂ- ਮੁੱਚੀਂ ਦਾ ਬਚਪਨ ਗੁਆਚ ਗਿਆ ਹੈ। ਮੁਰਝਾਏ ਫੁੱਲਾਂ ਦੇ ਗੁਲਦਸਤੇ ਹੀ ਤਾਂ ਬਣ ਕੇ ਰਹਿ ਗਏ ਨੇ ਅੱਜ-ਕੱਲ੍ਹ ਦੇ ਲੋਕ। ਬਦਾਮੀ ਰੰਗ ਦੇ ਛਿੱਟੇ : ਕਹਾਣੀ ਸਾਹਮਣੇ ਪਰਦੇ ਉੱਪਰ ਚੱਲ ਰਹੀ ਫਿਲਮਾਂ ਵਾਂਗ ਪਰਦੇ ਉੱਪਰ ਚੱਲ ਰਹੀ ਹੈ... ਰੁਮਕਦੀ ਹਵਾ...ਭਗਵੇਂ ਸਾਧ ਕੱਪੜੇ...ਬੱਗੀ-ਦਾਹੜੀ ਖੈਰ ਦੀ ਉਡੀਕ ਕਰਦਾ ਹੈ...ਪਾਤਰ ਆਪਣੇ ਬਾਰੇ ਦੱਸਦਾ ਹੈ...ਮੇਰਾ ਨਾਂਅ ਇੰਦਰ। ਮੇਰੀ ਮਾਂ ਦਾ ਵੇ ਪੁੱਤ ਇੰਦਰਾ, ਮੇਰੀ ਸੱਸ ਦਾ ਇੰਦਰ ਸਿਉਂ...ਤੇ ਸਕੂਲ ਮਾਸਟਰਾਂ ਦਾ ਫੱਟੀ-ਪੋਚ ਇੰਦਰ ਸਿੰਘ...ਨਾਂਅ ਕਮਾਲ ਦਾ ਮੇਰਾ...' ਪਾਠਕ ਜਦ ਇਹ ਪੜ੍ਹਨਗੇ, ਉਨ੍ਹਾਂ ਅੰਦਰ ਹੋਰ ਜਾਨਣ ਦੀ ਉਤਸੁਕਤਾ ਵਧੇਗੀ ਹੀ... ਤੇ ਉਹ ਅੱਗੋਂ ਪੜ੍ਹਨਗੇ ਹੀ...ਇਹ ਮੁੱਢਲਾ ਸੰਵਾਦ ਅਮਨ ਗੁਰਲਾਲ ਦੀ ਕਹਾਣੀ ਆਰੰਭ ਕਰਨ ਦੀ ਤਕਨੀਕ ਹੈ। ਬੇਗਾਨੇ ਸ਼ਹਿਰ ਬੈਠੀ ਪੰਜਾਬੀ ਕਹਾਣੀਕਾਰਾ, ਪੰਜਾਬ, ਪੰਜਾਬੀ, ਪੰਜਾਬੀਅਤ, ਗੁਰੀਬਾਂ, ਦੁਖੀਆਂ, ਬੇਰੁਜ਼ਗਾਰਾਂ ਨੂੰ ਯਾਦ ਕਰਕੇ ਉਹਨਾ ਸਾਰੇ ਲੋਕਾਂ (ਪਾਤਰਾਂ) ਦਾ ਜਿਵੇਂ ਦੁੱਖ ਵੰਡਾਅ ਰਹੀ ਹੋਵੇ।

ਅਮਨ ਗੁਰਲਾਲ ਨੇ ਭੁੱਲੇ-ਭਟਕੇ, ਨਿਰਾਸ਼ ਹੋਏ ਲੋਕਾਂ, ਮਾਯੂਸ ਬੇਰੁਜ਼ਗਾਰ ਲੋਕਾਂ, ਸ਼ਰਾਬੀ ਲੋਕਾਂ ਤੇ ਉਹਨਾਂ ਦੀਆਂ ਪਤਨੀਆਂ, ਪਰਵਾਰਾਂ ਨੂੰ ਆਪਣੀਆਂ ਕਹਾਣੀਆਂ ਦੇ ਪਾਤਰ ਬਣਾ ਕੇ, ਤਖਤਾਂ ਤਾਜਾਂ, ਮਾਲਕਾਂ, ਸਰਮਾਏਦਾਰਾਂ, ਸਿਆਸਤਦਾਨਾਂ ਨੂੰ 'ਬਦਾਮੀ ਰੰਗ ਦੇ ਛਿੱਟੇ' ਹੀ ਮਾਰੇ ਹਨ ਕਿ ਉਹ ਸੁੱਤੇ ਜਾਗਣ, ਹੋਸ਼ ਹਵਾਸ ਲਈ, ਨਵੇਂ ਜੀਵਨ ਲਈ ਸ਼ਕਤੀਸ਼ਾਲੀ ਜਨਮਘੁਟੀ ਪੀਵਣ ਦੀ ਦਲੇਰੀ ਕਰਨ। ਕਹਾਣੀਕਾਰਾਂ ਨੂੰ ਵਧੀਆ ਕਹਾਣੀਆਂ ਲਿਖਣ ਲਈ ਵਿਸ਼ੇਸ਼ ਅਭਿਨੰਦਨੀ ਸ਼ਬਦ ਸੰਚਾਰਦਾ ਹੋਇਆ, ਹੋਰ ਵਧੀਆ ਕਹਾਣੀਆਂ ਲਿਖਣ ਲਈ ਸ਼ੁੱਭ ਇੱਛਾਵਾਂ ਭੇਟਦਾ ਹਾਂ। ਆਮੀਨ!

# ਸੱਜਰਾ ਸਾਹਿਤ

## ਬਹਾਰਾਂ ਦੀ ਤਾਂਘ

(ਗੀਤ, ਗਜ਼ਲ ਸੰਗ੍ਰਹਿ)
**ਸੁਰਜੀਤ ਸਿੰਘ ਦਿਹੜ**
**ਪੰਨੇ : 240, ਮੁੱਲ : 250 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਸੁਰਜੀਤ ਦਿਹੜ ਦੁਆਰਾ ਵਿਰਾਸਤੀ ਨਾਇਕਾਂ ਦੀ ਕੀਤੀ ਗਈ ਪ੍ਰਸੰਸਾ ਦਾ ਮੈਂ ਸੁਆਗਤ ਕਰਦਾ ਹਾਂ, ਪਰ ਸਾਡੇ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ ਕਿ ਲੋਕ ਇਸ ਵਿਰਾਸਤੀ ਧਰੋਹਰ ਨੂੰ ਆਪਣੀ ਅਗਵਾਈ ਲਈ ਪ੍ਰੇਰਨਾ ਦਾ ਸਰੋਤ ਕਿਉਂ ਨਹੀਂ ਮੰਨਦੇ। ਅੱਜ ਪੰਜਾਬੀਅਤ ਦੀ ਸੱਭਿਆਚਾਰਕ ਅਤੇ ਦਾਰਸ਼ਨਿਕ ਉਸਾਰੀ ਦੇ ਰਾਹ ਵਿੱਚ ਇਹ ਵੱਡਾ ਸੰਕਟ ਹੈ, ਜਿਸ ਬਾਰੇ ਸਾਨੂੰ ਬੜੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

**-ਮੁੱਖ ਬੰਦ 'ਚੋਂ**

## ਚਾਨਣ ਦੇ ਪ੍ਰਛਾਵੇਂ

(ਕਾਵਿ ਸੰਗ੍ਰਹਿ)
**ਦਰਸ਼ਨ ਬੁਲੰਦਵੀ**
**ਪੰਨੇ : 180, ਮੁੱਲ : 295 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਇਹ ਸਮਾਂ ਦੁਆਬੇ ਦੇ ਮੰਜਕੀ ਖਿੱਤੇ 'ਚ ਨਕਸਲਬਾੜੀ ਲਹਿਰ ਦੇ ਉਭਾਰ ਦਾ ਦੌਰ ਸੀ। ਸਾਹਿਤ ਸਿਰਜਣਾ ਤੇ ਮੁੱਢਲੀ ਰਾਜਸੀ ਸਰਗਰਮੀ ਬਾਰੇ ਉਸ ਦਾ ਇਹ ਇਕਬਾਲੀਆ ਬਿਆਨ ਹੀ ਕਾਫੀ ਹੈ : 'ਉਦੋਂ ਅਜੇ ਹੋਸ਼ ਨੇ ਅੰਗੜਾਈ ਭਰੀ ਹੀ ਸੀ। ਕੱਚੀ ਹੋਸ਼ ਇਨਕਲਾਬ ਦੇ ਸੁਪਨੇ ਲੈਂਦੀ ਸੀ। ਇਨਕਲਾਬ ਪ੍ਰਤੀ ਜੂਝਦਿਆਂ ਨਾਲ ਹਮਦਰਦੀ ਸੀ। ਕਿਸੇ ਪੱਕੀ ਵਿਚਾਰਧਾਰਾ ਦੀ ਪਿਉਂਦ ਅਜੇ ਨਹੀਂ ਚੜ੍ਹੀ ਸੀ, ਪਰ ਕੁਝ ਕੁੱਲ-ਵਕਤੀ ਮਾਰਕਸੀ ਲੀਡਰਾਂ ਨਾਲ ਉੱਠਣ-ਬੈਠਣ ਜ਼ਰੂਰ ਹੋ ਗਿਆ ਸੀ...ਇਹਨਾਂ ਦਿਨਾਂ ਦੌਰਾਨ ਹੀ ਕੁਲਵੰਤ ਸਿੰਘ 'ਮਡਿਆਲਾ' ਦੀ ਰਾਜਨੀਤਕ ਸੋਝੀ ਅਤੇ ਜਾਤੀ ਲਿਆਕਤ ਨੇ ਪੱਕੇ ਤੌਰ 'ਤੇ ਆਪਣੇ ਨਾਲ ਗੰਢ ਲਿਆ ਸੀ।'

**-ਮੁੱਖ ਬੰਦ 'ਚੋਂ**

## ਸਪੇਰਿਆਂ ਦੀ ਧੀ

(ਨਾਵਲ)
**ਕਰਨੈਲ ਸਿੰਘ ਵਜ਼ੀਰਾਬਾਦ**
**ਪੰਨੇ : 248, ਮੁੱਲ : 260 ਰੁਪਏ**
**ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ**




ਇਹ ਨਾਵਲ ਵੀ ਆਸ਼ਾਵਾਦੀ ਅਤੇ ਸਮਾਜ ਵਿੱਚ ਹਾਸ਼ੀਏ ਤੋਂ ਬਾਹਰ ਕੱਢੇ ਹੋਏ ਕਬੀਲੇ ਦੀ ਧੀ ਦੀ ਕਹਾਣੀ ਹੈ, ਜਿਹੜੀ ਆਪਣੀ ਯੋਗਤਾ ਅਤੇ ਸਮਾਜਿਕ ਪ੍ਰਸਥਿਤੀਆਂ ਵਿੱਚ ਮਾਪਿਆਂ ਦੀ ਆਗਿਆਕਾਰੀ ਧੀ ਬਣ ਕੇ ਲੋਕਾਂ ਲਈ ਇੱਕ ਮਾਰਗ ਦਰਸ਼ਕ ਦਾ ਕਾਰਜ ਕਰਨ ਵਿੱਚ ਸਫਲਤਾ ਨਾਲ ਅੱਗੇ ਵਧਦੀ ਜਾਂਦੀ ਹੈ। ਇਸ ਨਾਵਲ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਨਿਮਾਣੇ, ਗਰੀਬ ਅਤੇ ਸਮਾਜਕ ਨਫਰਤ ਦੇ ਬਾਲਾਂ ਵਿੱਚ ਵੀ ਪ੍ਰਤਿਭਾ ਹੁੰਦੀ ਹੈ। ਜੇਕਰ ਉਹਨਾਂ ਨੂੰ ਸਹੀ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਉਹ ਵੀ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕਰ ਸਕਦੇ ਹਨ।

**-ਮੁੱਖ ਬੰਦ 'ਚੋਂ**

# ਪੁਸਤਕ ਰੀਵਿਊ

## ਸੁਕਰਾਤ

**ਜੀਵਨ ਅਤੇ ਵਿਚਾਰ**
**ਰਾਮ ਸਰੂਪ ਸ਼ਰਮਾ**
**ਪੰਨੇ : 96, ਮੁੱਲ : 120 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ (ਪੰਜਾਬ)**

ਲੇਖਕ ਰਾਮ ਸਰੂਪ ਸ਼ਰਮਾ ਨੇ ਪੁਸਤਕ 'ਸੁਕਰਾਤ : ਜੀਵਨ ਅਤੇ ਵਿਚਾਰ' ਰਾਹੀਂ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ ਹੈ। ਲੇਖਕ ਨੇ ਯੂਨਾਨ ਵਿਚਲੇ ਮਹਾਨ ਵਿਅਕਤੀਆਂ ਦੀ ਦਾਰਸ਼ਨਿਕਤਾ ਰਾਹੀਂ ਉਪਜੀਆਂ ਵਿਭਿੰਨ ਸਾਹਿਤਕ, ਰਾਜਨੀਤਕ, ਧਾਰਮਿਕ, ਨੈਤਿਕ ਕਦਰਾਂ-ਕੀਮਤਾਂ ਅਤੇ ਸੰਗੀਤਕ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਨੂੰ ਰੂਪਮਾਨ ਕੀਤਾ ਹੈ। ਯੂਨਾਨੀ ਸਮਾਜ ਵਿੱਚ ਜਨਮ ਲੈਣ ਵਾਲੇ ਮਹਾਨ ਦਾਰਸ਼ਨਿਕ ਸੁਕਰਾਤ ਦੇ ਫਲਸਫੇ ਨੂੰ ਖਾਸ ਤੌਰ 'ਤੇ ਲੇਖਕ ਨੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ ਹੈ।

ਸੁਕਰਾਤ ਨੇ ਆਪਣੇ ਡੂੰਘੇ ਅਧਿਐਨ ਰਾਹੀਂ ਪ੍ਰਾਪਤ ਗਿਆਨ ਅਤੇ ਆਪਣੀ ਸੰਵਾਦਕ ਪ੍ਰਤਿਭਾ/ਦ੍ਰਿਸ਼ਟੀ ਰਾਹੀਂ ਦਰਸ਼ਨ ਦੇ ਮੁੱਖ ਚਾਰ ਪੱਖਾਂ ਧਰਮ ਸ਼ਾਸਤਰ, ਭੌਤਿਕਤਾ, ਨੈਤਿਕਤਾ ਅਤੇ ਪ੍ਰਾ-ਭੌਤਿਕਤਾ ਨੂੰ ਅਧਾਰ ਬਣਾਇਆ। ਲੇਖਕ ਨੇ ਸੁਕਰਾਤ ਦੀ ਦਾਰਸ਼ਨਿਕਤਾ ਉੱਪਰ ਅਨੈਕਸਾਗੋਰਸ, ਕੈਸ਼ਾਗੋਰ ਅਤੇ ਜੀਨੋਫੇਸ ਦੇ ਵਿਗਿਆਨਕ ਫਲਸਫੇ ਦਾ ਪ੍ਰਭਾਵ ਅਤੇ ਆਪਣੇ ਹਮ-ਉਮਰਾਂ ਨਾਲ ਮਿਲ ਕੇ ਧਰਮ, ਸਦਾਚਾਰ, ਨੈਤਿਕਤਾ ਅਤੇ ਆਤਮਾ, ਮੌਤ ਤੇ ਮਨੁੱਖੀ ਹੋਂਦ ਬਾਰੇ ਕੀਤੀ ਗਈ ਬਹਿਸ ਨਾਲ ਸੁਕਰਾਤ ਦੇ ਜੀਵਨ ਉੱਪਰ ਪਏ ਪ੍ਰਭਾਵ ਬਾਰੇ ਪੁਸਤਕ ਵਿੱਚ ਵਿਸਥਾਰ ਨਾਲ ਪੇਸ਼ ਕੀਤਾ ਹੈ।

ਸੁਕਰਾਤ, ਜਿਸ ਨੇ ਆਪਣੇ ਤੋਂ ਪਹਿਲਾਂ ਦਾਰਸ਼ਨਿਕਤਾ ਸੰਬੰਧੀ ਵਿਚਾਰ ਪੇਸ਼ ਕਰਨ ਵਾਲੇ ਵਿਦਵਾਨਾਂ ਤੋਂ ਵੱਖਰਾ ਰਸਤਾ ਅਖਤਿਆਰ ਕੀਤਾ। ਸੁਕਰਾਤ ਨੇ ਪ੍ਰਾਕ੍ਰਿਤੀ ਵਿਗਿਆਨ ਦੇ ਨਾਲ ਮਨੁੱਖਤਾ ਦੇ ਭਲੇ, ਮਨੁੱਖ ਦੀ ਨੈਤਿਕਤਾ, ਮਨੋ-ਵਿਗਿਆਨ ਅਤੇ ਮੌਜੂਦਾ ਰਾਜਨੀਤਕ ਪੱਖਾਂ ਬਾਰੇ ਆਪਣੇ ਵਿਚਾਰ ਪ੍ਰਗਟਾਏ। ਇਹਨਾਂ ਵਿਚਾਰਾਂ ਨੇ ਸੁਕਰਾਤ ਨੂੰ ਦੂਸਰੇ ਦਾਰਸ਼ਨਿਕਾਂ ਤੋਂ ਵੱਖ ਕੀਤਾ ਹੈ।

ਰਾਮ ਸਰੂਪ ਸ਼ਰਮਾ ਨੇ ਸੁਕਰਾਤ ਦੇ ਫਲਸਫੇ ਸੰਬੰਧੀ ਪ੍ਰਮੁੱਖ ਚਿੰਤਕਾਂ ਦੁਆਰਾ ਪ੍ਰਗਟਾਏ ਵਿਚਾਰਾਂ ਨੂੰ ਰੂਪਮਾਨ ਕਰਦੀਆਂ ਪੁਸਤਕਾਂ ਦੀ ਜਾਣਕਾਰੀ ਇਸ ਪੁਸਤਕ ਵਿੱਚ ਸ਼ਾਮਲ ਕਰਕੇ ਉਹਨਾਂ ਵਿਦਵਾਨਾਂ ਦੁਆਰਾ ਜੋ ਸੁਕਰਾਤ ਦੇ ਜੀਵਨ-ਦਰਸ਼ਨ ਦੁਆਰਾ ਮਨੁੱਖੀ ਜੀਵਨ 'ਤੇ ਪਏ ਪ੍ਰਭਾਵਾਂ ਬਾਰੇ ਗਹਿਰ-ਗੰਭੀਰ ਅਧਿਐਨ ਕੀਤਾ, ਉਸ ਨੂੰ ਕਲਮਬੱਧ ਕੀਤਾ ਹੈ। ਲੇਖਕ ਨੇ ਸੁਕਰਾਤ ਦੇ ਜੀਵਨ ਵਿਚਲੇ ਦੁਖਾਂਤ ਨੂੰ ਪੈਦਾ ਕਰਨ ਵਾਲੇ ਸਮਕਾਲੀ ਨਿਜ਼ਾਮ ਦੁਆਰਾ ਨਿਭਾਈ ਨਾਕਾਰਾਤਮਕ ਭੂਮਿਕਾ ਨੂੰ ਸਭ ਤੋਂ ਵੱਧ ਦੁਖਾਂਤਕ ਕਿਹਾ ਹੈ। ਸਮਕਾਲੀ ਨਿਜ਼ਾਮ ਦੁਆਰਾ ਭਾਵੇਂ ਉਸ ਦੇ ਫਲਸਫੇ ਨੂੰ ਗਲਤ ਗਰਦਾਨਿਆ, ਪਰ ਸੁਕਰਾਤ ਦੁਆਰਾ ਦਿੱਤੇ ਦਾਰਸ਼ਨਿਕ ਫਲਸਫੇ ਦਾ ਪ੍ਰਭਾਵ ਅੱਜ ਤੱਕ ਪੂਰਨ ਵਿਚਾਰਧਾਰਾ ਵਜੋਂ ਚਲਿਆ ਆ ਰਿਹਾ ਹੈ।

ਲੇਖਕ ਨੇ ਪੁਸਤਕ ਦੇ ਅਖੀਰ ਵਿੱਚ ਸੁਕਰਾਤ ਦੇ ਮਹਾਨ ਫਲਸਫੇ/ਵਿਚਾਰਾਂ ਨੂੰ ਸਥਾਨ ਦੇ ਕੇ ਉਸ ਮਹਾਨ ਚਿੰਤਕ ਦੀ ਮਹਾਨਤਾ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਦਾ ਸੁਹਿਰਦ ਯਤਨ ਕੀਤਾ ਹੈ। ਇਹ ਵਿਚਾਰ ਚਿੰਤਕਾਂ, ਖੋਜਾਰਥੀਆਂ ਅਤੇ ਪਾਠਕਾਂ ਲਈ ਲਾਹੇਵੰਦ ਹੋਣਗੇ। ਲੇਖਕ ਰਾਮ ਸਰੂਪ ਸ਼ਰਮਾ ਨੂੰ ਪੁਸਤਕ 'ਸੁਕਰਾਤ : ਜੀਵਨ ਅਤੇ ਵਿਚਾਰ' ਦੀ ਆਮਦ 'ਤੇ ਮੁਬਾਰਕਬਾਦ।

**-ਡਾ. ਬਲਵਿੰਦਰ ਸਿੰਘ**

## ਜਸਵੰਤ ਜ਼ਫਰ : ਕਾਵਿ ਅਧਿਐਨ

**(ਭਾਰਤੀ ਕਾਵਿ ਸ਼ਾਸਤਰ ਦੇ ਪ੍ਰਸੰਗ ਵਿੱਚ)**
**ਡਾ. ਜਸਪ੍ਰੀਤ ਕੌਰ**
**ਪੰਨੇ : 118, ਮੁੱਲ : 295 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਡਾ. ਜਸਪ੍ਰੀਤ ਕੌਰ ਨੇ ਪੰਜਾਬੀ ਕਾਵਿ ਆਲੋਚਨਾ ਨੂੰ ਆਧਾਰ ਬਣਾ ਕੇ ਜਸਵੰਤ ਜ਼ਫਰਾਂ ਕਾਵਿ ਅਧਿਐਨ ਨੂੰ ਭਾਰਤੀ ਕਾਵਿ ਸ਼ਾਸਤਰ ਦੇ ਪ੍ਰਸੰਗ ਵਿੱਚ ਖੋਜ ਕਾਰਜ ਮੁਕੰਮਲ ਕਰਨ ਉਪਰੰਤ ਇਸ ਨੂੰ ਪੁਸਤਕ ਦਾ ਰੂਪ ਦਿੱਤਾ ਹੈ। ਲੇਖਿਕਾ ਨੇ ਪੁਸਤਕ ਵਿੱਚ ਭੂਮਿਕਾ ਤੋਂ ਇਲਾਵਾ ਚਾਰ ਅਧਿਆਇ ਸ਼ਾਮਲ ਕੀਤੇ ਹਨ।

ਕਾਵਿ ਸ਼ਾਸਤਰ ਦਾ ਅਧਿਐਨ ਕਰਨ ਵਾਲੇ ਵੱਖ-ਵੱਖ ਵਿਦਵਾਨਾਂ ਨੇ ਪੱਛਮੀ ਅਤੇ ਭਾਰਤੀ ਕਾਵਿ ਸ਼ਾਸਤਰ ਨੂੰ ਸਮਕਾਲੀ ਕਿਹਾ ਹੈ। ਭਰਤ ਮੁਨੀ ਦੁਆਰਾ ਰਚਿਤ ਨਾਟਯ ਸ਼ਾਸਤਰ ਨੂੰ ਭਾਰਤੀ ਕਾਵਿ ਸ਼ਾਸਤਰ ਦਾ ਮੁੱਢਲਾ ਸਰੂਪ ਮੰਨਿਆ ਗਿਆ ਹੈ। ਜਸਪ੍ਰੀਤ ਕੌਰ ਨੇ ਭਾਰਤੀ ਕਾਵਿ ਸ਼ਾਸਤਰ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੀਆਂ ਸੰਪਰਦਾਵਾਂ/ਤੱਤਾਂ ਦਾ ਵਿਵੇਚਨ ਕੀਤਾ ਹੈ। ਇਹ ਸਿਧਾਂਤ/ਤੱਤ ਰਸ ਸਿਧਾਂਤ, ਅਲੰਕਾਰ ਸਿਧਾਂਤ, ਰੀਤੀ ਸਿਧਾਂਤ, ਧੁਨੀ ਸਿਧਾਂਤ, ਵਕ੍ਰੋਕਤੀ ਸਿਧਾਂਤ ਅਤੇ ਔਚਿਤਯ ਸਿਧਾਂਤ ਬਾਰੇ ਮੂਲ ਸੰਸਥਾਪਨਾਵਾਂ ਨੂੰ ਪੁਸਤਕ ਵਿੱਚ ਵਰਨਣ ਕੀਤਾ ਹੈ। ਇਹਨਾਂ ਸਿਧਾਂਤਾਂ ਨੂੰ ਕਾਵਿ ਅਧਿਐਨ ਲਈ ਲਾਗੂ ਕਰਨ ਵਾਲੇ ਵਿਦਵਾਨਾਂ ਅਚਾਰੀਆਭਾਮਹ, ਕੁੰਤਕ, ਮੰਮਟ, ਦੰਡੀ, ਉਦਭਟ ਆਦਿ ਵਿਦਵਾਨਾਂ ਦੁਆਰਾ ਆਪਣੇ ਇਹਨਾਂ ਸਿਧਾਂਤਾਂ ਦੇ ਵੱਖ-ਵੱਖ ਰੂਪਾਂ ਨੂੰ ਲੇਖਿਕਾ ਨੇ ਵਿਸਥਾਰ ਸਹਿਤ ਪੇਸ਼ ਕੀਤਾ ਹੈ।

ਜਸਪ੍ਰੀਤ ਕੌਰ ਨੇ ਭਾਰਤੀ ਕਾਵਿ ਸ਼ਾਸਤਰ ਦੀ ਉਸਾਰੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਇਹਨਾਂ ਸਿਧਾਂਤਾਂ ਨੂੰ ਪੰਜਾਬੀ ਕਾਵਿ ਅਧਿਐਨ ਦੇ ਵਿਸ਼ਲੇਸ਼ਣ ਲਈ ਮਹੱਤਵਪੂਰਨ ਦੱਸਿਆ ਹੈ। ਪੰਜਾਬੀ ਕਾਵਿ ਅਧਿਐਨ ਲਈ ਇਹਨਾਂ ਸਿਧਾਂਤਾਂ ਦੀ ਮੁੱਖ ਭੂਮਿਕਾ ਹੈ। ਡਾ. ਜਸਪ੍ਰੀਤ ਕੌਰ ਨੇ ਜਸਵੰਤ ਜ਼ਫਰ ਦੇ ਕਾਵਿ ਵਿਸ਼ਲੇਸ਼ਣ ਲਈ ਅਚਾਰੀਆ ਕੁੰਤਕ ਦੇ ਸਿਧਾਂਤ ਵਕ੍ਰੋਕਤੀ ਨੂੰ ਆਧਾਰ ਬਣਾਇਆ ਹੈ। ਅਚਾਰੀਆ ਕੁੰਤਕ ਨੇ ਕਾਵਿ ਕੋਸ਼ਗਤ ਅਰਥਾਂ ਤੋਂ ਪਾਰ ਜਾਣ ਦੀ ਗੱਲ ਕੀਤੀ ਹੈ। ਇਸ ਨਾਲ ਕਵੀ ਵਿਲੱਖਣ ਚਮਤਕਾਰ ਪੈਦਾ ਕਰਦਾ ਹੈ, ਜੋ ਪਾਠਕ ਦੇ ਮਨ ਨੂੰ ਪ੍ਰਭਾਵਿਤ ਕਰਦਾ ਹੈ। ਅਚਾਰੀਆ ਕੁੰਤਕ ਨੇ 'ਵਕ੍ਰੋਕਤੀ ਜੀਵਿਤ' ਗ੍ਰੰਥ ਵਿੱਚ ਛੇ ਭੇਦ ਵਰਣ ਵਿਨਯਾਸ, ਵਕ੍ਰਤਾ, ਪਦ ਪੂਰਵਾਰਧ ਵਕ੍ਰਤਾ, ਪਦ ਪਰਾਰਯ ਜਾਂ ਪਿਛੇਤਰ ਵਕ੍ਰਤਾ, ਵਾਕ ਵਕ੍ਰਤਾ, ਪ੍ਰਬੰਧ ਵਕ੍ਰਤਾ ਅਤੇ ਪ੍ਰਕਾਰਣ ਵਕ੍ਰਤਾ ਵਰਨਣ ਕੀਤੇ ਹਨ। ਲੇਖਿਕਾ ਨੇ ਇਹਨਾਂ ਭੇਦਾਂ ਨੂੰ ਜਸਵੰਤ ਜ਼ਫਰ ਦੇ ਕਾਵਿ ਅਧਿਐਨ ਉੱਪਰ ਲਾਗੂ ਹੋਣ ਬਾਰੇ ਵਿਵੇਚਨ ਕੀਤਾ ਹੈ ਅਤੇ ਇਹਨਾਂ ਭੇਦਾਂ ਵਿੱਚੋਂ 'ਪ੍ਰਕਰਣ ਵਕ੍ਰਤਾ' ਨੂੰ ਸਭ ਤੋਂ ਮਹੱਤਵਪੂਰਨ ਭੇਦ ਹੋਣ ਤੇ ਛੇਵਾਂ ਭੇਦ ਪ੍ਰਬੰਧ ਵਕ੍ਰਤਾ ਅਤੇ ਅੱਗੇ ਇਹਨਾਂ ਦੋਹਾਂ ਦੇ ਉਪਭੇਦ ਕਥਾ ਕਾਵਿ ਦੇ ਅਨੁਸਾਰੀ ਹੋਣ ਬਾਰੇ ਲੇਖਿਕਾ ਨੇ ਵਿਸਥਾਰ ਸਹਿਤ ਵਰਨਣ ਕੀਤਾ ਹੈ।

ਜਸਪ੍ਰੀਤ ਕੌਰ ਨੇ ਪੁਸਤਕ ਦੇ ਅਧਿਆਇ ਦੋ ਵਿੱਚ ਜਸਵੰਤ ਜ਼ਫਰ ਦੇ ਜੀਵਨ, ਜਨਮ, ਪੜ੍ਹਾਈ ਦੌਰਾਨ ਪ੍ਰਾਪਤੀਆਂ, ਪਰਵਾਰ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ ਅਤੇ ਕਵੀ ਉੱਪਰ ਪਰਵਾਰ, ਸਮਾਜ ਨਿਜਾਮ ਦੁਆਰਾ ਪਏ ਪ੍ਰਭਾਵ ਨਾਲ ਉਸ ਦੀ ਸ਼ਖਸੀਅਤ ਉੱਪਰ ਪਏ ਪ੍ਰਭਾਵ ਨਾਲ ਸਿਰਜੀਆਂ ਕਾਵਿ ਰਚਨਾਵਾਂ ਨੂੰ ਪੇਸ਼ ਕੀਤਾ ਹੈ। ਕਵੀ ਜਸਵੰਤ ਜ਼ਫਰ ਦੁਆਰਾ ਰਚਿਤ ਚਾਰ ਕਾਵਿ ਸੰਗ੍ਰਹਿਆਂ, ਦੋ ਸਾਹਾਂ ਵਿਚਕਾਰ, ਅਸੀਂ ਨਾਨਕ ਦੇ ਕੀ ਲੱਗਦੇ ਹਾਂ, ਇਹ ਬੰਦਾ ਕੀ ਹੁੰਦਾ ਅਤੇ ਪਿਆਰੇ ਆਓ ਘਰੇ ਵਿੱਚੋਂ ਉੱਭਰਦੀ ਉਸ ਦੀ ਕਾਵਿਕ ਸੂਝ ਦਾ ਲੇਖਕਾ ਨੇ ਆਪਣੀ ਖੋਜ ਦਾ ਹਿੱਸਾ ਬਣਾਇਆ ਹੈ।

ਪੁਸਤਕ ਦੇ ਅਧਿਆਇ ਤਿੰਨ ਵਿੱਚ ਜਸਵੰਤ ਜ਼ਫਰ ਦੇ ਕਾਵਿ ਵਿੱਚ ਸਮਕਾਲੀ ਪ੍ਰਸਥਿਤੀਆਂ ਪ੍ਰਤੀ ਵਿਦਰੋਹਮਈ ਰਵੱਈਏ ਨੂੰ ਅਪਣਾਉਣ ਅਤੇ ਧਾਰਮਿਕ ਮਿੱਥਾਂ ਨੂੰ ਤੋੜਨ ਵਾਲੀ ਕਾਵਿ ਦ੍ਰਿਸ਼ਟੀ ਪੇਸ਼ ਹੋਣ ਬਾਰੇ ਅਤੇ ਕੁੰਤਕ ਦੇ ਪੇਸ਼ ਸਿਧਾਂਤਾਂ ਨੂੰ ਜ਼ਫਰ ਦੇ ਕਾਵਿ ਉੱਪਰ ਲਾਗੂ ਹੋਣ ਬਾਰੇ ਲੇਖਕ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਅਖੀਰਲੇ ਅਧਿਆਇ ਵਿੱਚ ਡਾ. ਜਸਪ੍ਰੀਤ ਕੌਰ ਨੇ ਕਵੀ ਜਸਵੰਤ ਜ਼ਫਰ ਦੀ ਪੁਸਤਕ 'ਪਿਆਰੇ ਆਓ ਘਰੇ' ਦਾ ਵਿਸ਼ੇਗਤ ਅਧਿਐਨ ਕੀਤਾ ਹੈ। ਜਸਵੰਤ ਜ਼ਫਰ ਦੇ ਕਾਵਿ ਵਿੱਚ ਪੇਸ਼ ਹੋਏ ਵਿਸ਼ੇ ਸਿੱਖੀ ਦੀ ਸਹੀ ਪਰਿਭਾਸ਼ਾ ਕਰਮ ਕਾਂਡਾਂ ਦਾ ਵਿਰੋਧ, ਧਰਮ ਦਾ ਅਸਲ ਅਰਥ, ਸਮੇਂ ਦੀ ਪਰਿਵਰਤਨਸ਼ੀਲਤਾ, ਨਵੇਂ ਵਿਚਾਰਾਂ ਦਾ ਆਗਮਨ, ਵਿਰੋਧੀ ਵਿਚਾਰਾਂ ਨੂੰ ਮਾਨਤਾ, ਕੁਨਬਾਪ੍ਰਸਤ ਉੱਤੇ ਵਿਅੰਗ, ਛੋਟੀ ਕਿਸਾਨੀ ਦੇ ਸੰਕਟ, ਮਰਦ-ਔਰਤ ਦੇ ਸਹਿਜ ਰਿਸ਼ਤੇ ਦੀ ਪੇਸ਼ਕਾਰੀ ਆਦਿ ਹੋਣ ਬਾਰੇ ਵਿਦਵਤਾ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਡਾ. ਜਸਪ੍ਰੀਤ ਕੌਰ ਨੇ ਕਵੀ ਜਸਵੰਤ ਜ਼ਫਰ ਦੇ ਕਾਵਿ ਨੂੰ ਆਪਣੀ ਖੋਜ ਦਾ ਹਿੱਸਾ ਬਣਾ ਕੇ ਬਹੁਤ ਹੀ ਸੁਹਿਰਦ ਕਾਰਜ ਕੀਤਾ ਹੈ। ਡਾ. ਜਸਪ੍ਰੀਤ ਕੌਰ ਨੂੰ ਪੁਸਤਕ ਜਸਵੰਤ ਜ਼ਫਰ : ਕਾਵਿ ਅਧਿਐਨ ਲਈ ਮੁਬਾਰਕਵਾਦ।

**- ਡਾ. ਬਲਵਿੰਦਰ ਸਿੰਘ**

# ਸਾਹਿਤ ਸਭਾ ਵੱਲੋਂ ਰੂਬਰੂ ਤੇ ਸਨਮਾਨ ਸਮਾਰੋਹ



ਬਰਨਾਲਾ : ਲੋਕ ਰੰਗ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕਹਾਣੀਕਾਰ ਕਰਮ ਸਿੰਘ ਮਾਨ ਦਾ ਰੂਬਰੂ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ ਨੇ ਕੀਤੀ। ਇਸ ਮੌਕੇ ਕਰਮ ਸਿੰਘ ਮਾਨ ਨੇ ਕਿਹਾ ਕਿ ਕੋਈ ਵੀ ਆਦਮੀ ਬਿਨਾਂ ਕਿਸੇ ਕਾਰਨ ਤੋਂ ਆਪਣੀ ਧਰਤੀ ਅਤੇ ਲੋਕਾਂ ਨੂੰ ਨਹੀਂ ਛੱਡਦਾ। ਨੌਵੇਂ ਦਹਾਕੇ ਵਿੱਚ ਪੰਜਾਬ ਦੇ ਹਾਲਾਤ ਹੀ ਅਜਿਹੇ ਸਨ ਕਿ ਮੇਰੇ ਪਰਵਾਰ ਨੂੰ ਕੈਨੇਡਾ ਜਾ ਕੇ ਵਾਸਾ ਕਰਨਾ ਪਿਆ। ਉਧਰ ਮੈਂ ਵਿਹਲੇ ਸਮੇਂ ਵਿੱਚ ਪੰਜਾਬੀਆਂ ਦੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੀ ਜ਼ਿੰਮੇਵਾਰੀ ਸੰਭਾਲੀ। ਇਕੱਲਤਾ ਅਤੇ ਹੋਰ ਸਮੱਸਿਆਵਾਂ ਨੇ ਮੈਨੂੰ ਉੱਥੋਂ ਦੇ ਪੰਜਾਬੀਆਂ ਦੇ ਜੀਵਨ ਬਾਰੇ ਯਥਾਰਥਵਾਦੀ ਕਹਾਣੀਆਂ ਲਿਖਣ ਲਈ ਮਜਬੂਰ ਕੀਤਾ। ਇਸ ਮੌਕੇ ਹੋਈ ਸਨਮਾਨ ਅਤੇ 'ਸਮਾਂਤਰ ਨਜ਼ਰੀਏ' ਪਰਚੇ ਦੀ ਲੋਕ ਅਰਪਣ ਦੀ ਰਸਮ ਵਿੱਚ ਪ੍ਰਧਾਨਗੀ ਮੰਡਲ ਤੋਂ ਬਿਨਾਂ ਪ੍ਰਿੰ. ਗੁਰਬਖਸ਼ੀਸ਼ ਸਿੰਘ, ਭੋਲਾ ਸਿੰਘ ਸੰਘੇੜਾ, ਸੁਖਵਿੰਦਰ ਸਿੰਘ ਗੁਰਮ, ਡਾ. ਹਰਿ ਭਗਵਾਨ ਅਤੇ ਤੇਜਿੰਦਰ ਚੰਡਿਹੋਕ ਨੇ ਵੀ ਭਾਗ ਲਿਆ।

ਕਰਮ ਸਿੰਘ ਮਾਨ ਦੀਆਂ ਕਹਾਣੀਆਂ ਬਾਰੇ ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਸੁਰਜੀਤ ਸਿੰਘ ਬਰਾੜ, ਬੂਟਾ ਸਿੰਘ ਚੌਹਾਨ ਅਤੇ ਜਸਵੀਰ ਕਲਸੀ ਧਰਮਕੋਟ ਨੇ ਬੋਲਦਿਆਂ ਕਿਹਾ ਕਿ ਮਾਨ ਇੱਕ ਪ੍ਰਤੀਬੱਧ ਹੈ ਤੇ ਉਸ ਕੋਲ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਦਾ ਅਨੁਭਵ ਹੈ। ਇਹੀ ਕਾਰਨ ਹੈ ਕਿ ਉਸ ਨੇ ਲੋਕਾਂ ਦੇ ਜੀਵਨ 'ਤੇ ਪੂੰਜੀਵਾਦ ਦੇ ਪੈ ਰਹੇ ਪ੍ਰਭਾਵ ਅਤੇ ਕਿਰਤ ਦੀ ਲੁੱਟ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ। ਵਿਚਾਰ-ਵਟਾਂਦਰੇ ਵਿੱਚ ਡਾ. ਹਰੀਸ਼, ਪਰਮਜੀਤ ਮਾਨ, ਰਾਮ ਸਰੂਪ ਸ਼ਰਮਾ, ਨਿਰਮਲ ਸਿੰਘ ਕਾਹਲੋਂ ਆਦਿ ਨੇ ਭਾਗ ਲਿਆ। ਇਸ ਮੌਕੇ ਮੇਘ ਰਾਜ ਮਿੱਤਰ, ਡਾ. ਰਾਮ ਪਾਲ ਸਿੰਘ, ਪਵਨ ਪਰਿੰਦਾ, ਜਗਤਾਰ ਜਜ਼ੀਰਾ, ਜਸਵਿੰਦਰ ਧਰਮਕੋਟ, ਮੇਜਰ ਸਿੰਘ ਗਿੱਲ, ਗੋਰਾ ਸੰਧੂ, ਬਿੰਦਰ ਸਿੰਘ ਖੁੱਡੀ ਕਲਾਂ, ਜੰਗੀਰ ਸਿੰਘ ਦਿਲਬਰ, ਰਜਨੀਸ਼ ਕੌਰ, ਬਬਲੀ, ਹਰਦੀਪ ਬਾਵਾ, ਗੁਰਜਿੰਦਰ ਸਿੰਘ ਰਸੀਆ, ਮਨਜੀਤ ਸਿੰਘ ਸਾਗਰ, ਸੁਰਜੀਤ ਦਿਹੜ, ਮਨੋਹਰ ਲਾਲ, ਮਾਲਵਿੰਦਰ ਸ਼ਾਇਰ, ਰਾਮ ਸਿੰਘ ਬੀਹਲਾ, ਜਸਵੀਰ ਸਿੰਘ ਦੀਦਾਰਗੜ੍ਹ, ਚਰਨ ਭੋਲਾ, ਸੁਦਰਸ਼ਨ ਗੁੱਡੂ, ਪਾਲ ਸਿੰਘ ਲਹਿਰੀ ਅਤੇ ਸੁਰਜੀਤ ਸੰਧੂ ਆਦਿ ਹਾਜ਼ਰ ਸਨ।

—ਤੇਜਿੰਦਰ ਚੰਡਿਹੋਕ

# 23ਵਾਂ ਮਾਤਾ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਡਾ. ਬਲਦੇਵ ਸਿੰਘ ਖਹਿਰਾ ਨੂੰ

ਪਟਿਆਲਾ-ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਦੇ ਸਹਿਯੋਗ ਨਾਲ ਮਿੰਨੀ ਕਹਾਣੀ ਨੂੰ ਸਮਰਪਿਤ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਦਰਸ਼ਨ ਸਿੰਘ 'ਆਸ਼ਟ', ਡਾ. ਕੁਲਦੀਪ ਸਿੰਘ, ਡਾ. ਹਰਪ੍ਰੀਤ ਸਿੰਘ ਰਾਣਾ, ਮੋਹਨ ਸ਼ਰਮਾ, ਸਨਮਾਨਿਤ ਸ਼ਖ਼ਸੀਅਤ ਡਾ. ਬਲਦੇਵ ਸਿੰਘ ਖਹਿਰਾ ਸ਼ਾਮਲ ਸਨ। ਸ੍ਰੀ ਹਰਦਮ ਸਿੰਘ ਮਾਨ (ਕੈਨੇਡਾ), ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਡਾ. ਮਹੇਸ਼ ਗੌਤਮ ਅਤੇ ਸ੍ਰੀ ਜਗਦੀਸ਼ ਰਾਏ ਕੁਲਰੀਆਂ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।



ਸਮਾਗਮ ਦੇ ਆਰੰਭ ਵਿਚ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਪਟਿਆਲਾ ਹੋਰਨਾਂ ਵਿਧਾਵਾਂ ਦੇ ਨਾਲ-ਨਾਲ ਮਿੰਨੀ ਕਹਾਣੀ, ਜਿਸ ਵਿਚ ਮਨੁੱਖੀ ਅਨੁਭਵ ਦੇ ਵਿਸ਼ਾਲ ਅਰਥ ਛੁਪੇ ਹੁੰਦੇ ਹਨ, ਸੰਬੰਧੀ ਵੀ ਹਰ ਸਾਲ ਸੰਵਾਦ ਰਚਾ ਕੇ ਮਾਤ ਭਾਸ਼ਾ ਦੇ ਵਿਕਾਸ ਵਿਚ ਨਿਰੰਤਰ ਯੋਗਦਾਨ ਪਾਉਂਦੀ ਆ ਰਹੀ ਹੈ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਕਿਹਾ ਕਿ ਉਹਨਾਂ ਦੇ ਪਰਵਾਰ ਵੱਲੋਂ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਸਹਿਯੋਗ ਨਾਲ ਹਰ ਸਾਲ ਦਿੱਤਾ ਜਾਣ ਵਾਲਾ ਮਾਤਾ ਮਾਨ ਕੌਰ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ ਪੰਜਾਬੀ ਮਿੰਨੀ ਕਹਾਣੀ ਪ੍ਰਤੀ ਉਤਸ਼ਾਹ ਅਤੇ ਸਨੇਹ ਦੀ ਭਾਵਨਾ ਪੈਦਾ ਕਰਦਾ ਆ ਰਿਹਾ ਹੈ। ਮਾਤਾ ਮਾਨ ਕੌਰ ਮਿੰਨੀ ਕਹਾਣੀ ਪੁਰਸਕਾਰ ਦੇ ਹਵਾਲੇ ਨਾਲ ਮੁੱਖ ਮਹਿਮਾਨ ਡਾ. ਕੁਲਦੀਪ ਸਿੰਘ ਨੇ ਧਾਰਨਾ ਪ੍ਰਗਟ ਕੀਤੀ ਕਿ ਮਿੰਨੀ ਕਹਾਣੀ ਨੂੰ ਹਰਿਆਣਾ ਵਿਚ ਵੀ ਪ੍ਰਫੁੱਲਿਤ ਕਰਨ ਦੀ ਵਿਉਂਤਬੰਦੀ ਘੜੀ ਜਾਵੇਗੀ, ਜਦੋਂ ਕਿ ਸ੍ਰੀ ਮੋਹਨ ਸ਼ਰਮਾ ਦਾ ਕਹਿਣਾ ਸੀ ਕਿ ਤੇਜ਼ੀ ਨਾਲ ਉਭਰਨ ਵਾਲੀ ਇਹ ਵਿਧਾ ਸਾਹਿਤ ਜਗਤ ਵਿਚ ਦਿਨੋ-ਦਿਨ ਹੋਰ ਮਕਬੂਲੀਅਤ ਹੁੰਦੀ ਜਾ ਰਹੀ ਹੈ। ਸ੍ਰੀ ਹਰਦਮ ਸਿੰਘ ਮਾਨ ਨੇ ਮਨੁੱਖੀ ਭਾਵਨਾਵਾਂ ਦੀ ਤਰਜਮਾਨੀ ਕਰਦੇ ਕਾਵਿਮਈ ਜਜ਼ਬੇ ਸਾਂਝੇ ਕੀਤੇ।

ਡਾ. ਬਲਦੇਵ ਸਿੰਘ ਖਹਿਰਾ ਨੇ ਕਿਹਾ ਕਿ ਇਸ ਪੁਰਸਕਾਰ ਨਾਲ ਉਹਨਾਂ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਇਸ ਪੁਰਸਕਾਰ ਵਿਚ ਡਾ. ਖਹਿਰਾ ਨੂੰ ਨਗਦ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰ ਅਤੇ ਸ਼ਾਲ ਆਦਿ ਭੇਟ ਕੀਤੇ ਗਏ। ਸ. ਸੁਖਦੇਵ ਸਿੰਘ ਸ਼ਾਂਤ ਨੇ ਡਾ. ਖਹਿਰਾ ਦੀ ਮਿੰਨੀ ਕਹਾਣੀ ਕਲਾ ਸੰਬੰਧੀ ਪੇਪਰ ਪੜ੍ਹਿਆ। ਸ੍ਰੀ ਦਵਿੰਦਰ ਪਟਿਆਲਵੀ ਰਚਿਤ ਮਿੰਨੀ ਕਹਾਣੀਆਂ ਦੇ ਹਰਦੀਪ ਸਭਰਵਾਲ ਵੱਲੋਂ ਕੀਤੇ ਹਿੰਦੀ ਅਨੁਵਾਦ ਦੀ ਪੁਸਤਕ 'ਉਡਾਨ' ਦਾ ਲੋਕ ਅਰਪਣ ਵੀ ਕੀਤਾ ਗਿਆ। ਡਾ. ਮਹੇਸ਼ ਗੌਤਮ ਅਤੇ ਬਾਬੂ ਸਿੰਘ ਰੈਹਲ ਨੇ ਚਰਚਾ ਕੀਤੀ। ਜਗਦੀਸ਼ ਰਾਏ ਕੁਲਰੀਆਂ ਨੇ ਮਿੰਨੀ ਕਹਾਣੀ ਬਾਰੇ ਚਰਚਾ ਕੀਤੀ। ਡਾ. ਸੁਰਜੀਤ ਸਿੰਘ ਖੁਰਮਾ, ਡਾ. ਹਰਜੀਤ ਸਿੰਘ ਸੱਧਰ, ਧਰਮ ਕੰਮੇਆਣਾ, ਡਾ. ਹਰਬੰਸ ਸਿੰਘ ਧੀਮਾਨ, ਬਾਜ਼ ਸਿੰਘ ਮਹਿਲੀਆ ਅਤੇ ਪ੍ਰੀਤਿਕਾ ਸ਼ਰਮਾ ਨੇ ਵਿਸ਼ੇਸ਼ ਰਚਨਾਵਾਂ ਸੁਣਾਈਆਂ ਅਤੇ ਚਰਚਾ ਵਿਚ ਭਾਗ ਲਿਆ। ਅੰਤ ਵਿੱਚ ਮਹਿਮਾਨ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਹਰਪ੍ਰੀਤ ਸਿੰਘ ਰਾਣਾ ਤੇ ਦਵਿੰਦਰ ਪਟਿਆਲਵੀ ਨੇ ਸਾਂਝੇ ਤੌਰ 'ਤੇ ਬਾਖੂਬੀ ਨਿਭਾਈ।

—ਦਵਿੰਦਰ ਪਟਿਆਲਵੀ

# ਲਿਖਾਰੀ ਸਭਾ ਵੱਲੋਂ ਵਿਚਾਰ-ਚਰਚਾ



ਬੁਆਣੀ-ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਫਰਵਰੀ ਮਹੀਨੇ ਦੀ ਇਕੱਤਰਤਾ ਸਭਾ ਦੇ ਲਾਇਬ੍ਰੇਰੀ ਹਾਲ ਪਿੰਡ ਰਾਮਪੁਰ ਵਿਖੇ ਸਭਾ ਦੇ ਪ੍ਰਧਾਨ ਜਸਵੀਰ ਝੱਜ ਦੀ ਪ੍ਰਧਾਨਗੀ ਹੇਠ ਹੋਈ। ਰਚਨਾਵਾਂ ਦੇ ਦੌਰ ਵਿਚ ਮੁਖਤਿਆਰ ਸਿੰਘ ਨੇ 'ਗੋਦੜੀ ਦੇ ਲਾਲ', ਤੇਲੂ ਰਾਮ ਕੁਹਾੜਾ ਨੇ 'ਮਘਦੇ ਅੰਗਿਆਰ', ਕੰਵਲਜੀਤ ਨੀਲੋਂ ਨੇ 'ਅੱਲਾ-ਵਾਹਿਗੁਰੂ' ਕਹਾਣੀ ਪੜ੍ਹੀ। ਪ੍ਰਭਜੋਤ ਰਾਮਪੁਰ 'ਸਾਹਾਂ ਨਾਲੋਂ ਵੱਧ ਨੇ ਮਸਲੇ' ਕਵਿਤਾ ਸੁਣਾਈ। ਉੱਘੇ ਸ਼ਾਇਰ ਸਰਦਾਰ ਪੰਛੀ ਨੇ 'ਲਿਖ ਦੋ ਰਿੰਦੋ ਮੇਂ ਨਾਮ ਫੂਲੋਂ ਕਾ', ਵਿਸ਼ਵਿੰਦਰ ਵਸ਼ਿਸ਼ਟ ਨੇ 'ਲੁੱਟ ਲੈ ਨਜ਼ਾਰੇ ਹੱਸ ਕੇ ਰੰਗਲੇ ਸੰਸਾਰ ਵਿਚ', ਜੋਰਾਵਰ ਸਿੰਘ ਪੰਛੀ ਨੇ 'ਨਾ ਮਨ ਸੰਭਾਲ ਹੁੰਦਾ ਨਾ ਤਨ ਸੰਭਾਲ ਹੁੰਦਾ', ਅਮਰਿੰਦਰ ਸੋਹਲ ਨੇ 'ਘਰ ਜੋ ਸਦੀਆਂ ਤੋਂ ਖੰਡਰ ਹੋ ਕੇ ਡਿੱਗੇ ਪਏ ਨੇ', ਗ਼ਜ਼ਲ ਕਹੀ। ਅਨਿਲ ਫਤਿਹਗੜ੍ਹ ਜੱਟਾਂ ਨੇ 'ਨਿੱਕੀ ਗੱਲੋਂ ਗੁੱਸੇ ਦੋਵੇਂ, ਫਿਰਦੇ ਰੁੱਸੇ ਰੁੱਸੇ ਦੋਵੇਂ', ਦਰਸ਼ਨ ਤੂਰ ਬਲਾਲਾ ਨੇ 'ਇੱਕੋ ਹੀ ਸਗਲ ਪਸਾਰਾ ਇੱਕੋ ਹੀ ਫੁੱਲਵਾੜੀ' ਗੀਤ ਸੁਣਾਇਆ। ਬਲਵੰਤ ਮਾਂਗਟ ਨੇ ਖੋਜ ਭਰਪੂਰ ਲੇਖ 'ਆਦਮ ਦਾ ਟਿੱਲਾ' ਸੁਣਾਇਆ। ਪੜ੍ਹੀਆਂ-ਸੁਣੀਆਂ ਗਈਆਂ ਰਚਨਾਵਾਂ 'ਤੇ ਰਚਨਾਕਾਰਾਂ ਦੇ ਨਾਲ-ਨਾਲ ਸੁਰਿੰਦਰ ਰਾਮਪੁਰੀ, ਗੁਰਭਗਤ, ਮਲਕੀਤ ਸਿੰਘ ਮਾਲੜਾ, ਹਰਬੰਸ ਮਾਲਵਾ, ਜਸਵੀਰ ਝੱਜ, ਨੇ ਸਾਰਥਿਕ ਅਤੇ ਉਸਾਰੂ ਟਿੱਪਣੀਆਂ ਕੀਤੀਆਂ। ਜਨਰਲ ਸਕੱਤਰ ਹਰਬੰਸ ਮਾਲਵਾ ਨੇ ਕਾਰਵਾਈ ਬਾਖੂਬੀ ਨਿਭਾਈ। ਅੰਤ ਵਿਚ ਸਰਬਸੰਮਤੀ ਨਾਲ ਫੈਸਲਾ ਕਰਕੇ ਸਭਾ ਦਾ ਸਾਲਾਨਾ ਸਮਾਗਮ ਹਰ ਸਾਲ ਦੀ ਤਰ੍ਹਾਂ ਮਾਰਚ ਮਹੀਨੇ ਦੀ ਥਾਂ 19 ਫਰਵਰੀ ਐਤਵਾਰ ਨੂੰ ਕਰਵਾਇਆ ਜਾਣਾ ਤਹਿ ਕੀਤਾ, ਜਿਸ ਵਿਚ ਸ. ਲਾਭ ਸਿੰਘ ਚਾਤ੍ਰਿਕ ਯਾਦਗਾਰੀ ਸਨਮਾਨ, ਕਾਮਰੇਡ ਰਣਧੀਰ ਸਿੰਘ ਯਾਦਗਾਰੀ ਸਨਮਾਨ ਅਤੇ ਜਸਵੰਤ ਧਮੋਟ ਯਾਦਗਾਰੀ ਸਨਮਾਨ ਦਿੱਤੇ ਜਾਂਦੇ ਹਨ।

# ਸ਼ਹੀਦ ਊਧਮ ਸਿੰਘ ਦੀ ਯਾਦਗਾਰ ਦੀ ਸੰਭਾਲ ਕੀਤੀ ਜਾਵੇ


ਸੁਨਾਮ : ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਨੇ ਕਿਹਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਆਪਣੀ ਅਨਮੋਲ ਜ਼ਿੰਦਗੀ ਕੁਰਬਾਨ ਕਰਨ ਵਾਲੇ ਸਾਡੇ ਸ਼ਹਿਰ ਦੇ ਜੰਮਪਲ ਤੇ ਕੌਮੀ ਸ਼ਹੀਦ, ਸ਼ਹੀਦ ਊਧਮ ਸਿੰਘ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਣਗੌਲਿਆਂ ਕੀਤਾ ਜਾ ਰਿਹਾ ਹੈ। ਸੁਨਾਮ ਊਧਮ ਸਿੰਘ ਵਾਲਾ ਵਿੱਚ ਮਿਊਜ਼ੀਅਮ ਬਣਨ ਤੋਂ ਡੇਢ ਸਾਲ ਬਾਅਦ ਸ਼ਹੀਦ ਸੰਬੰਧੀ ਇੱਕ ਵੀ ਸਾਮਾਨ ਮਿਊਜ਼ੀਅਮ ਵਿੱਚ ਲਿਆ ਕੇ ਨਹੀਂ ਰੱਖਿਆ ਗਿਆ। ਅੱਜ ਵੀ ਉਨ੍ਹਾਂ ਦਾ ਸਾਮਾਨ ਦੇਸ਼ ਤੇ ਵਿਦੇਸ਼ ਵਿੱਚ ਰੁਲ ਰਿਹਾ ਹੈ। ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੇ ਦੋਵੇਂ ਕਲਸ ਅੱਜ ਵੀ ਸੁਨਾਮ ਊਧਮ ਸਿੰਘ ਵਾਲਾ ਦੇ ਸਰਕਾਰੀ ਕਾਲਜ ਦੀ ਲਾਇਬਰੇਰੀ ਵਿੱਚ ਪਏ ਹਨ। ਉਹ ਵੀ ਨਵੇਂ ਬਣੇ ਮਿਊਜ਼ੀਅਮ ਵਿੱਚ ਨਹੀਂ ਰੱਖੇ ਗਏ। ਨਵੇਂ ਬਣੇ ਮੈਮੋਰੀਅਲ ਵਿਚ ਸ਼ਹੀਦ ਊਧਮ ਸਿੰਘ ਦੇ ਬੁੱਤ ਦੀ ਥਾਂ ਕਿਸੇ ਹੋਰ ਦਾ ਲਗਾਇਆ ਬੁੱਤ ਮੁੱਖ ਮੰਤਰੀ ਦੇ ਕਹਿਣ ਤੋਂ ਬਾਅਦ ਵੀ ਅੱਜ ਤੱਕ ਬਦਲਿਆ ਨਹੀਂ ਗਿਆ। ਪਿਛਲੇ ਡੇਢ ਸਾਲ ਤੋਂ ਸ਼ਹੀਦ ਊਧਮ ਸਿੰਘ ਜੀ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਮੰਨਵਾਉਣ ਲਈ ਮੰਚ ਵੱਲੋਂ ਐੱਸ.ਡੀ.ਐੱਮ., ਡੀ ਸੀ, ਸੱਭਿਆਚਾਰਕ ਵਿਭਾਗ ਨੂੰ ਮੰਗ ਪੱਤਰ ਦੇ ਚੁੱਕੇ ਹਾਂ ਅਤੇ ਮੁੱਖ ਮੰਤਰੀ ਤੋਂ ਕਈ ਵਾਰ ਮਿਲਣ ਦਾ ਸਮਾਂ ਮੰਗ ਚੁੱਕੇ ਹਾਂ। ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਸ਼ਹੀਦ ਸੰਬੰਧੀ ਮੰਗਾਂ ਬਾਰੇ ਮੰਚ ਵੱਲੋਂ 24 ਮਾਰਚ 2022 ਨੂੰ ਮਿਲ ਕੇ ਮੰਗ ਪੱਤਰ ਦੇ ਚੁੱਕੇ ਹਾਂ ਤੇ ਫੇਰ ਦੁਬਾਰਾ 25 ਦਸੰਬਰ 2022 ਨੂੰ ਸ਼ਹਿਰ ਵਿਚ ਰੋਸ ਮਾਰਚ ਕਰਕੇ ਇਹਨਾਂ ਦੇ ਕੋਠੀ ਮੰਗ ਪੱਤਰ ਦੇ ਚੁੱਕੇ ਹਾਂ, ਪਰ ਇਹਨਾਂ ਨੇ ਵੀ ਦਸ ਮਹੀਨੇ ਬਾਅਦ ਅੱਜ ਤੱਕ ਸ਼ਹੀਦ ਦੀ ਇੱਕ ਵੀ ਮੰਗ ਵੱਲ ਧਿਆਨ ਨਹੀਂ ਦਿੱਤਾ। ਮੰਚ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਜੇ ਜਲਦੀ ਸ਼ਹੀਦ ਸੰਬੰਧੀ ਮੰਗਾਂ ਨਾ ਮੰਨੀਆਂ ਤਾਂ ਮੰਚ ਸਰਕਾਰ ਵੱਲੋਂ ਸ਼ਹੀਦ ਨੂੰ ਅਣਗੌਲਿਆਂ ਕਰਨ ਵਾਲੇ ਮੁੱਦੇ ਨੂੰ ਮੰਚ ਸ਼ਹਿਰ ਤੇ ਇਲਾਕੇ ਦੇ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਵੇਗਾ।



—ਦਾਤਾ ਸਿੰਘ

# ਗੁਰਮੁਖ ਸਿੰਘ ਸਹਿਗਲ ਨਾਵਲ ਪੁਰਸਕਾਰ ਲਈ ਨਾਵਲਾਂ ਦੀ ਮੰਗ

ਪਟਿਆਲਾ-ਪੰਜਾਬੀ ਦੇ ਉੱਘੇ ਤੇ ਵਿਲੱਖਣ ਸਾਹਿਤਕਾਰ ਗੁਰਮੁਖ ਸਿੰਘ ਸਹਿਗਲ ਦੀ ਯਾਦ ਵਿਚ ਬਣਾਏ 'ਗੁਰਮੁਖ ਸਿੰਘ ਸਹਿਗਲ ਯਾਦਗਾਰੀ ਮੰਚ' ਵੱਲੋਂ ਸਹਿਗਲ ਸਾਹਿਬ ਦੀ ਯਾਦ ਵਿਚ ਇਸ ਸਾਲ ਤੋਂ ਇਕ ਪੁਰਸਕਾਰ ਸ਼ੁਰੂ ਕੀਤਾ ਜਾ ਰਿਹਾ ਹੈ, ਕਿਉਂਕਿ ਸਹਿਗਲ ਸਾਹਿਬ ਦੀ ਪੰਜਾਬੀ ਸਾਹਿਤ ਵਿਚ ਵੱਡੀ ਤੇ ਵਿਲੱਖਣ ਪਛਾਣ ਸੂਬਾ ਸਰਹੱਦ ਦੇ ਧਰਾਤਲ ਤੇ ਪਠਾਣੀ ਸੱਭਿਆਚਾਰ ਅਤੇ ਉਥੇ ਵੱਸਦੇ ਘੱਟ-ਗਿਣਤੀ ਹਿੰਦੂ-ਸਿੱਖਾਂ ਦੀ ਬੋਲੀ ਹਿੰਦਕੋ ਤੇ ਉਹਨਾਂ ਦੀ ਪਠਾਣੀ ਪ੍ਰਭਾਵ ਵਾਲੀ ਜੀਵਨਸ਼ੈਲੀ ਨੂੰ ਚਿਤਰਿਤ ਕਰਦੇ ਉਹਨਾਂ ਦੇ ਆਂਚਲਿਕ ਨਾਵਲਾਂ ਕਰਕੇ ਹੈ, ਇਸ ਲਈ ਇਹ ਪੁਰਸਕਾਰ ਸਿਰਫ਼ ਨਾਵਲ ਵਿਧਾ ਲਈ ਹੀ ਰੱਖਿਆ ਗਿਆ ਹੈ, ਜਿਸ ਦੇ ਤਹਿਤ ਪਿਛਲੇ ਸਾਲ ਦੇ ਸਰਬੋਤਮ ਪੰਜਾਬੀ ਨਾਵਲ ਨੂੰ ਚੁਣਿਆ ਜਾਵੇਗਾ। ਨਾਵਲ ਦੀ ਚੋਣ ਲਈ ਨਾਵਲ ਮੰਗਵਾ ਕੇ ਪੜ੍ਹੇ ਜਾਣਗੇ, ਜਿਨ੍ਹਾਂ ਉੱਘੇ ਨਾਵਲਕਾਰਾਂ ਦੇ ਨਾਵਲ ਪਿਛਲੇ ਸਾਲ ਨਹੀਂ ਛਪੇ ਹੋਣਗੇ, ਭਾਵ ਜੋ ਮੁਕਾਬਲੇ ਤੋਂ ਬਾਹਰ ਹੋਣਗੇ, ਉਹਨਾਂ ਦੀ ਰਾਇ ਦੇ ਨਾਲ-ਨਾਲ ਪੰਜਾਬੀ ਦੇ ਸੁਹਿਰਦ ਪਾਠਕਾਂ, ਆਲੋਚਕਾਂ ਦੀਆਂ ਰਾਵਾਂ ਨੂੰ ਵੀ ਵਿਚਾਰਿਆ ਜਾਵੇਗਾ। ਅੰਤਿਮ ਚੋਣ ਕਮੇਟੀ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਇਸ ਲਈ ਪੰਜਾਬ ਤੇ ਪੰਜਾਬੋਂ ਬਾਹਰ (ਲਹਿੰਦੇ ਪੰਜਾਬ ਸਣੇ) ਦੇ ਸਮੂਹ ਪੰਜਾਬੀ ਨਾਵਲਕਾਰਾਂ ਨੂੰ ਬੇਨਤੀ ਹੈ ਕਿ ਉਹ ਪਿਛਲੇ ਸਾਲ (2022) ਵਿਚ ਛਪੇ ਆਪਣੇ ਨਾਵਲ ਦੀ ਇਕ ਕਾਪੀ ਹੇਠ ਲਿਖੇ ਪਤੇ 'ਤੇ ਭੇਜਣ ਦੀ ਕਿਰਪਾਲਤਾ ਕਰਨ। ਨਾਵਲ ਦੀ ਕਾਪੀ ਲੇਖਕ ਖ਼ੁਦ, ਉਸ ਦਾ ਪਾਠਕ, ਮਿੱਤਰ-ਪਿਆਰਾ, ਰਿਸ਼ਤੇਦਾਰ ਜਾਂ ਪ੍ਰਕਾਸ਼ਕ, ਕੋਈ ਵੀ ਭੇਜ ਸਕਦਾ ਹੈ। ਨਾਵਲ 28 ਫ਼ਰਵਰੀ 2023 ਤੱਕ ਮਿਲ ਜਾਣਾ ਚਾਹੀਦਾ ਹੈ। ਪੁਰਸਕਾਰ ਵਿਚ ਸਨਮਾਨ ਚਿੰਨ੍ਹ, ਲੋਈ ਤੇ 11000 ਰੁਪਏ ਦੀ ਸਨਮਾਨ ਰਾਸ਼ੀ ਭੇਟ ਕੀਤੀ ਜਾਵੇਗੀ। ਆਪ ਸਭਨਾਂ ਦੇ ਸਹਿਯੋਗ ਅਤੇ ਸੁਹਿਰਦਤਾ ਦੇ ਤਲਬਗਾਰ ਰਹਾਂਗੇ, ਧੰਨਵਾਦ। ਨਾਵਲ ਭੇਜਣ ਲਈ ਪਤਾ- ਗੁਰਮੁਖ ਸਿੰਘ ਸਹਿਗਲ ਯਾਦਗਾਰੀ ਮੰਚ, 144/8, ਮੁਹੱਲਾ ਅਰੋੜਿਆਂ, ਨੇੜੇ ਸੈਫ਼ਾਬਾਦੀ ਗੇਟ, ਪਟਿਆਲਾ-147001



ਇਹ ਹੱਥ ਲਿਖਤ ਪੰਜਾਬੀ ਨਾਵਲ ਦੇ ਪਿਤਾਮਾ ਸ. ਨਾਨਕ ਸਿੰਘ ਹੁਰਾਂ ਦੀ ਹੈ। ਬਹੁਤ ਦੇਰ ਪਹਿਲਾਂ ਲਿਖੇ ਇਹ ਅਲਫਾਜ਼ ਅੱਜ ਵੀ ਸਾਰਥਕ ਜਾਪਦੇ ਹਨ। ਇਸ ਲਿਖਤ ਵਿੱਚ ਨਾਨਕ ਹੁਰਾਂ ਦਾ ਜੀਵਨ ਫਲਸਫਾ ਵੀ ਹਾਜ਼ਰ ਹੈ ਅਤੇ ਜ਼ਿੰਦਗੀ ਦਾ ਇੱਕ ਵੱਡਾ ਸੱਚ ਵੀ ਝਲਕਦਾ ਹੈ। -ਸੰਪਾਦਕ

# ਸੂਹੀ ਸਵੇਰ ਮੀਡੀਆ ਦਾ ਸਾਲਾਨਾ ਸਮਾਗਮ ਅੱਜ

ਲੁਧਿਆਣਾ : 'ਸੂਹੀ ਸਵੇਰ ਮੀਡੀਆ' ਅਦਾਰੇ ਵੱਲੋਂ ਆਪਣੀ 11ਵੀਂ ਵਰ੍ਹੇਗੰਢ 'ਤੇ ਸਾਲਾਨਾ ਸਮਾਗਮ 19 ਫਰਵਰੀ ਦਿਨ ਐਤਵਾਰ ਸਵੇਰੇ 10 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ 'ਚ ਦਿੱਲੀ ਤੋਂ ਪ੍ਰਸਿੱਧ ਲੇਖਕ ਤੇ ਵਿਦਵਾਨ ਧੀਰੇਂਦਰ ਕੇ ਝਾਅ 'ਅੱਜ ਦੇ ਸਮੇਂ 'ਚ ਭਾਰਤ ਵਿੱਚ ਫਿਰਕਾਪ੍ਰਸਤੀ' ਵਿਸ਼ੇ 'ਤੇ ਆਪਣੇ ਵਿਚਾਰ ਰੱਖਣਗੇ। 'ਸੂਹੀ ਸਵੇਰ ਮੀਡੀਆ ਪੁਰਸਕਾਰ' 2023 ਵੀ ਇਸੇ ਸਮਾਗਮ ਵਿੱਚ ਦਿੱਤਾ ਜਾਵੇਗਾ। 'ਸੂਹੀ ਸਵੇਰ ਮੀਡੀਆ' ਅਦਾਰੇ ਦੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਦਾਰੇ ਵੱਲੋਂ ਹਰ ਸਾਲ ਆਪਣੀ ਵਰ੍ਹੇਗੰਢ 'ਤੇ ਇਹ ਸਮਾਗਮ ਕਰਵਾਇਆ ਜਾਂਦਾ ਹੈ। ਜਿਸ ਵਿਚ ਕਿਸੇ ਖਾਸ ਹਸਤੀ ਦਾ ਕਿਸੇ ਖਾਸ/ਚਲੰਤ ਵਿਸ਼ੇ 'ਤੇ ਅਹਿਮ ਭਾਸ਼ਣ ਹੁੰਦਾ ਹੈ ਤੇ ਲਹਿੰਦੇ/ ਚੜ੍ਹਦੇ ਪੰਜਾਬ ਤੇ ਤੀਜੇ ਪੰਜਾਬ (ਜੋ ਦੁਨੀਆ ਭਰ 'ਚ ਵਸਿਆ ਹੋਇਆ ਹੈ) 'ਚੋਂ ਉਹਨਾਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ/ਜਨ ਸੰਗਠਨਾਂ ਨੂੰ 'ਸੂਹੀ ਸਵੇਰ ਮੀਡੀਆ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਲੋਕ-ਪੱਖੀ ਕੰਮ ਕੀਤੇ ਹਨ ਜਾਂ ਸਮਾਜਿਕ ਚੇਤਨਾ ਫੈਲਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੋਵੇ।

# ਪਾਠਕਾਂ ਦੇ ਝਰੋਖੇ 'ਚੋਂ

**ਸ੍ਰੀਮਾਨ ਮੋਦੀ ਜੀ, ਤੁਹਾਨੂੰ ਜੋ ਦੁੱਖ ਦਾ ਅਫਸੋਸ ਹੈ, ਪਰ ਤੁਹਾਨੂੰ ਦਿਆਲੂ ਹੋਣ ਦੀ ਵੀ ਲੋੜ ਹੈ**

**ਸ੍ਰੀ ਨਰਿੰਦਰ ਮੋਦੀ**
**ਪ੍ਰਧਾਨ ਮੰਤਰੀ,**
**ਭਾਰਤ।**

ਪਿਆਰੇ ਜਨਾਬ, ਕਿਰਪਾ ਕਰਕੇ ਆਪਣੀ ਮਾਂ ਦੇ ਦੇਹਾਂਤ ਉੱਪਰ ਮੇਰੇ ਵੱਲੋਂ ਪ੍ਰਗਟਾਈ ਸੰਵੇਦਨਾ ਨੂੰ ਸਵੀਕਾਰ ਕਰੋ। 2017 ਵਿੱਚ ਮੇਰੇ ਆਪਣੇ ਪਿਤਾ ਜੀ ਸਦਾ ਲਈ ਵਿੱਛੜ ਗਏ ਸਨ ਅਤੇ ਪੰਜ ਸਾਲ ਬਾਅਦ ਵੀ ਉਨ੍ਹਾਂ ਦੀ ਮੌਤ ਚੇਤੇ ਕਰਦੇ ਅਕਸਰ ਹੀ ਮੈਂ ਬੇਹੱਦ ਉਦਾਸ ਮਹਿਸੂਸ ਕਰਦਾ ਹਾਂ। ਇਸ ਲਈ ਮੈਂ ਤੁਹਾਡੇ ਦਰਦ ਨੂੰ ਸਮਝ ਸਕਦਾ ਹਾਂ। ਇਹ ਤੁਹਾਡੇ ਲਈ ਔਖਾ ਸਮਾਂ ਹੋਵੇਗਾ ਅਤੇ ਮੈਨੂੰ ਉਮੀਦ ਹੈ ਕਿ ਤੁਸੀਂ ਜਲਦੀ ਹੀ ਠੀਕ ਹੋ ਜਾਓਗੇ। ਇਹ ਦੇਖ ਕੇ ਚੰਗਾ ਲੱਗਾ ਕਿ ਭਾਰਤ ਦੇ ਵਿਰੋਧੀ ਨੇਤਾਵਾਂ, ਜਿਨ੍ਹਾਂ ਵਿਚ ਕਾਂਗਰਸ ਪਾਰਟੀ ਦੇ ਨੇਤਾ ਵੀ ਸ਼ਾਮਲ ਹਨ, ਨੇ ਕਿਵੇਂ ਤੁਹਾਡੇ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ। ਕਾਂਗਰਸ ਦੇ ਰਾਹੁਲ ਗਾਂਧੀ, ਜਿਸ ਦਾ ਤੁਸੀਂ ਅਤੇ ਤੁਹਾਡੇ ਹਮਾਇਤੀ ਅਕਸਰ ਮਜ਼ਾਕ ਉਡਾਉਂਦੇ ਰਹਿੰਦੇ ਹੋ, ਨੇ ਟਵਿੱਟਰ 'ਤੇ ਵਿੱਛੜੀ ਰੂਹ ਨੂੰ ਦਿਲੋਂ ਸ਼ਰਧਾਂਜਲੀ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਮੈਂ ਜਿਨ੍ਹਾਂ ਲੋਕਾਂ ਨੂੰ ਫਾਲੋ ਕਰਦਾ ਹਾਂ, ਉਨ੍ਹਾਂ 'ਚੋਂ ਕਈ ਪ੍ਰਮੁੱਖ ਧਰਮ ਨਿਰਪੱਖ ਅਤੇ ਉਦਾਰਵਾਦੀਆਂ ਨੇ ਵੀ ਅਜਿਹਾ ਹੀ ਕੀਤਾ ਹੈ। ਆਮ ਤੌਰ 'ਤੇ ਉਹ ਤੁਹਾਡੇ ਸੱਜੇ ਪੱਖੀ ਅਤੇ ਫਿਰਕੂ ਰਾਜਨੀਤੀ ਦੇ ਵਿਰੁੱਧ ਬਹੁਤ ਆਵਾਜ਼ ਉਠਾਉਂਦੇ ਹਨ। ਅਜਿਹਾ ਲੱਗਦਾ ਹੈ ਕਿ ਭਾਰਤ ਵਿਚ ਵਿਰੋਧੀ ਧਿਰ ਬਹੁਤ ਦਿਆਲੂ ਹੈ। ਇਸ ਦੇ ਲਈ ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ। ਹਾਲਾਂਕਿ ਮੈਂ ਕੋਈ ਡਿਪਲੋਮੈਟ ਜਾਂ ਸਿਆਸਤਦਾਨ ਨਹੀਂ ਹਾਂ। ਮੈਂ ਇੱਕ ਸਾਫ਼ ਦਿਲ ਇਨਸਾਨ ਹਾਂ ਅਤੇ ਇਸ ਪਲ ਮੈਂ ਤੁਹਾਨੂੰ ਉਹ ਕਹਿਣਾ ਚਾਹਾਂਗਾ, ਜੋ ਤੁਹਾਨੂੰ ਕਹਿਣ ਦੀ ਜ਼ਰੂਰਤ ਹੈ। ਤੁਹਾਡੇ ਰਾਜਨੀਤਕ ਵਿਰੋਧੀਆਂ ਨੇ ਵਿਚਾਰਧਾਰਕ ਮੱਤਭੇਦਾਂ ਤੋਂ ਉੱਪਰ ਉੱਠ ਕੇ ਕਿਵੇਂ ਆਪਣੀਆਂ ਸੰਵੇਦਨਾਵਾਂ ਤੁਹਾਡੇ ਨਾਲ ਸਾਂਝੀਆਂ ਕੀਤੀਆਂ ਹਨ, ਉਸ ਦੀ ਰੋਸ਼ਨੀ ਵਿੱਚ ਮੈਂ ਚਾਹੁੰਦਾ ਹਾਂ ਕਿ ਤੁਸੀਂ ਅਤੇ ਤੁਹਾਡੀ ਬੇਕਿਰਕ ਸਰਕਾਰ ਵੀ ਹਮਦਰਦ ਬਣ ਕੇ ਦਿਖਾਏ। ਯਾਦ ਕਰੋ ਕਿਵੇਂ ਤੁਹਾਡੀ ਸਰਕਾਰ ਨੇ ਦਿੱਲੀ ਯੂਨੀਵਰਸਿਟੀ ਦੇ ਅਪਾਹਜ ਪ੍ਰੋਫੈਸਰ ਜੀ ਐੱਨ ਸਾਈ ਬਾਬਾ ਨੂੰ ਉਦੋਂ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ, ਜਦੋਂ ਉਸ ਦੇ ਮਾਤਾ ਜੀ ਮਰਨ ਕਿਨਾਰੇ ਸਨ ਅਤੇ ਆਪਣੇ ਪੁੱਤਰ ਦਾ ਮੂੰਹ ਦੇਖਣ ਲਈ ਤਰਸ ਰਹੇ ਸਨ। ਵ੍ਹੀਲਚੇਅਰ ਦੇ ਮੁਥਾਜ ਸਾਈ ਬਾਬਾ, ਜੋ ਕਿ ਕਈ ਬਿਮਾਰੀਆਂ ਨਾਲ ਜੂਝ ਰਹੇ ਹਨ, ਨੂੰ ਸਿਰਫ ਸੱਤਾ 'ਤੇ ਸਵਾਲ ਉਠਾਉਣ ਅਤੇ ਗਰੀਬਾਂ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹੱਕ ਵਿਚ ਖੜ੍ਹੇ ਹੋਣ ਬਦਲੇ ਅਣਮਨੁੱਖੀ ਹਾਲਤਾਂ ਵਿਚ ਜੇਲ੍ਹ ਵਿਚ ਸਾੜਨਾ ਜਾਰੀ ਹੈ। ਇਸ ਦੀ ਬਜਾਏ ਤੁਹਾਡੀ ਸਰਕਾਰ ਉਨ੍ਹਾਂ ਸ਼ਖ਼ਸਾਂ ਨੂੰ ਆਜ਼ਾਦੀ ਦੇ ਕੇ ਖੁਸ਼ ਸੀ ਜਿਨ੍ਹਾਂ ਨੇ 2002 ਵਿੱਚ, ਜਦੋਂ ਤੁਸੀਂ ਗੁਜਰਾਤ ਦੇ ਮੁੱਖ ਮੰਤਰੀ ਸੀ, ਇੱਕ ਮੁਸਲਿਮ ਔਰਤ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਕੀਤਾ ਸੀ, ਜਦੋਂ ਕਿ ਇਕ ਐਸੇ ਵਿਦਵਾਨ ਲਈ ਤੁਸੀਂ ਕਦੇ ਵੀ ਕੋਈ ਹਮਦਰਦੀ ਨਹੀਂ ਦਿਖਾਈ, ਜਿਸ ਨੇ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ।

ਤੁਸੀਂ ਖੁਸ਼ਕਿਸਮਤ ਹੋ ਕਿ ਜਦੋਂ ਪਾਕਿਸਤਾਨ ਦੇ ਇੱਕ ਨੇਤਾ ਨੇ ਤੁਹਾਨੂੰ "ਗੁਜਰਾਤ ਦਾ ਕਸਾਈ" ਕਿਹਾ, ਉਦੋਂ ਵੀ ਤੁਹਾਡੀ ਕਮਜ਼ੋਰ ਜਹੀ ਵਿਰੋਧੀ ਧਿਰ ਤੁਹਾਡੇ ਹੱਕ ਵਿਚ ਖੜ੍ਹੀ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਉਸ ਸਮੇਂ ਦੀ ਕਾਂਗਰਸ ਦੀ ਆਗੂ ਸੋਨੀਆ ਗਾਂਧੀ ਨੇ ਵੀ ਤੁਹਾਨੂੰ "ਮੌਤ ਦਾ ਵਣਜਾਰਾ" ਕਿਹਾ ਸੀ। ਸਪੱਸ਼ਟ ਤੌਰ 'ਤੇ ਜਦੋਂ ਕੋਈ ਗੁਆਂਢੀ ਤੁਹਾਡੇ ਵੱਲ ਉਂਗਲ ਉਠਾਉਂਦਾ ਹੈ ਤਾਂ ਸਾਰੇ ਭਾਰਤੀ ਆਗੂ ਅਖੌਤੀ ਰਾਸ਼ਟਰੀ ਹਿੱਤਾਂ ਦੇ ਨਾਂਅ 'ਤੇ ਇਕਜੁੱਟ ਹੋ ਜਾਂਦੇ ਹਨ। ਇਹ ਪਾਖੰਡ ਤੋਂ ਇਲਾਵਾ ਕੁਝ ਨਹੀਂ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਮੇਰੇ ਕਹੇ ਸ਼ਬਦਾਂ ਕਾਰਨ ਗੁੱਸੇ ਜਾਂ ਨਾਰਾਜ਼ ਹੋਵੋ, ਮੈਂ ਤੁਹਾਨੂੰ ਯਾਦ ਕਰਾਵਾਂਗਾ ਕਿ ਤੁਸੀਂ ਹਾਲ ਹੀ ਵਿੱਚ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਉਨ੍ਹਾਂ ਬਾਰੇ ਕੀ ਟਵੀਟ ਕੀਤਾ ਸੀ। ਤੁਸੀਂ ਕਿਹਾ, "ਉਨ੍ਹਾਂ ਦੀ ਬੇਮਿਸਾਲ ਹਿੰਮਤ ਆਉਣ ਵਾਲੇ ਸਾਲਾਂ ਤੱਕ ਲੋਕਾਂ ਨੂੰ ਪ੍ਰੇਰਿਤ ਕਰਦੀ ਰਹੇਗੀ।" ਦਰਅਸਲ, ਮੈਂ ਇਹ ਤੁਹਾਨੂੰ ਗੁਰੂ ਜੀ ਵੱਲੋਂ ਜ਼ਾਲਮ ਔਰੰਗਜ਼ੇਬ ਨੂੰ ਲਿਖੀ ਇਤਿਹਾਸਕ ਚਿੱਠੀ ਤੋਂ ਪ੍ਰੇਰਿਤ ਹੋ ਕੇ ਲਿਖ ਰਿਹਾ ਹਾਂ। ਜੇਕਰ ਤੁਹਾਨੂੰ ਕੋਈ ਸ਼ੰਕਾ ਹੈ, ਤਾਂ ਜ਼ਫ਼ਰਨਾਮਾ ਪੜ੍ਹ ਲੈਣਾ, ਜੋ ਤੁਹਾਡੇ ਜਾਬਰ ਰਾਜ ਦੇ ਅਧੀਨ ਅੱਜ ਹੋਰ ਵੀ ਪ੍ਰਸੰਗਿਕ ਹੋ ਗਿਆ ਹੈ, ਜਿੱਥੇ ਘੱਟ-ਗਿਣਤੀਆਂ ਅਤੇ ਸਿਆਸੀ ਅਸਹਿਮਤੀ ਰੱਖਣ ਵਾਲਿਆਂ ਦੇ ਹੱਕਾਂ ਨੂੰ ਦਬਾਇਆ ਜਾ ਰਿਹਾ ਹੈ। ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੀ ਕਿਹਾ ਸੀ ਕਿ ਜਦੋਂ ਹੋਰ ਸਾਰੇ ਹੀਲੇ ਮੁੱਕ ਜਾਂਦੇ ਹਨ ਤਾਂ ਵਹਿਸ਼ਤ ਦਾ ਵਿਰੋਧ ਕਰਨ ਲਈ ਤਲਵਾਰ ਉਠਾਉਣੀ ਜਾਇਜ਼ ਹੈ। ਆਪਣੇ ਕਾਰਿਆਂ ਨਾਲ ਤੁਸੀਂ ਲੋਕਾਂ ਨੂੰ ਹਥਿਆਰ ਚੁੱਕਣ ਲਈ ਉਕਸਾਅ ਰਹੇ ਹੋ। ਜ਼ਫਰਨਾਮਾ ਜਿੰਨਾ ਔਰੰਗਜ਼ੇਬ ਉੱਤੇ ਲਾਗੂ ਹੁੰਦਾ ਹੈ, ਓਨਾ ਤੁਹਾਡੇ ਉੱਤੇ ਵੀ ਲਾਗੂ ਹੁੰਦਾ ਹੈ। ਆਪਣਾ ਖਿਆਲ ਰੱਖੋ ਅਤੇ ਦਿਆਲੂ ਬਣੋ।

- ਗੁਰਪ੍ਰੀਤ ਸਿੰਘ,
ਸੁਤੰਤਰ ਪੱਤਰਕਾਰ ਕੈਨੇਡਾ

## ਮੁਲਾਕਾਤ

12 ਫਰਵਰੀ ਦੇ 'ਐਤਵਾਰਤਾ' ਵਿਚ ਬਜ਼ੁਰਗ ਆਗੂ ਕਾਮਰੇਡ ਗੁਰਦੀਪ ਸਿੰਘ ਅਣਖੀ ਦੀ ਕਹਾਣੀਕਾਰ ਅਜਮੇਰ ਸਿੰਘ ਨਾਲ ਮੁਲਾਕਾਤ ਪੜ੍ਹ ਕੇ ਬਹੁਤ ਕੁਝ ਹਾਸਲ ਹੋਇਆ। ਪਾਕਿਸਤਾਨ ਬਨਣ ਵੇਲੇ ਦੀ ਲੰਮੀ ਗਾਥਾ ਇਸ ਮੁਲਾਕਾਤ ਵਿਚ ਹੈ। ਕਾਮਰੇਡ ਅਣਖੀ ਨੇ ਦੇਸ਼ ਵੰਡ ਸਮੇਂ ਦੇ ਮਾਰੂ ਹਾਲਾਤ ਅੱਖੀਂ ਵੇਖੇ, ਜਿਸ ਦਾ ਜ਼ਿਕਰ ਪੜ੍ਹ ਕੇ ਉਹ ਸਮਾਂ ਯਾਦ ਆਇਆ। ਦੇਸ਼ ਵੰਡ ਨੇ ਪੰਜਾਬ ਨੂੰ ਚੀਰ ਸੁੱਟਿਆ ਸੀ। ਇਨਸਾਨੀਅਤ ਬੁਰੀ ਤਰ੍ਹਾਂ ਪਲੀਤ ਹੋ ਗਈ ਸੀ। ਲੱਖਾਂ ਲੋਕ ਮਾਰੇ ਗਏ ਸੀ । ਸਾਰਾ ਬਿਰਤਾਂਤ ਪੜ੍ਹ ਕੇ ਲੂ ਕੰਡੇ ਖੜੇ ਹੋ ਗਏ। ਅਜਮੇਰ ਸਿੱਧੂ ਨਾਲ ਕਾਮਰੇਡ ਦੀ ਸਾਹਿਤਕ ਨੇੜਤਾ ਸੀ, ਜਿਸ ਦਾ ਜ਼ਿਕਰ ਅਜਮੇਰ ਸਿੱਧੂ ਨੇ ਵਧੀਆ ਕਲਾਮਈ ਸ਼ੈਲੀ ਵਿਚ ਕੀਤਾ ਹੈ। ਕਮਿਊਨਿਸਟ ਵਿਚਾਰਧਾਰਾ ਨਾਲ ਜੁੜਨ ਦੀ ਚਰਚਾ ਵੀ ਮੁਲਾਕਾਤ ਵਿਚ ਜਾਣੀ। ਕਾਮਰੇਡ ਜੀ ਨੇ ਸਾਰੇ ਸਵਾਲਾਂ ਦੇ ਜਵਾਬ ਖੁੱਲ੍ਹ ਕੇ ਵਿਸਥਾਰ ਨਾਲ ਦਿੱਤੇ ਹਨ। ਡਾਇਰੀ ਦੇ ਪੰਨੇ ਵਿਚ ਇਸ ਵਾਰ ਨਿੰਦਰ ਘੁਗਿਆਣਵੀ ਨੇ ਭਾਰਤ ਸਰਕਾਰ ਵੱਲੋਂ ਨਿੰਦਰ ਕੋਲੋਂ ਲਿਖਾਈ ਕਿਤਾਬ ਪੰਜਾਬ ਦਾ ਲੋਕ ਸੰਗੀਤ। ਪੜ੍ਹ ਕੇ ਬਹੁਤ ਖੁਸ਼ੀ ਹੋਈ। ਨਾਲ ਹੀ ਨਿੰਦਰ ਨੇ ਲਿਖਿਆ ਹੈ ਕਿ ਪੰਜਾਬ ਵਿਚ ਇਹ ਕਿਤਾਬਾਂ ਜੋ ਭਾਰਤ ਸਰਕਾਰ ਵੱਲੋਂ ਛਾਪੀਆਂ ਜਾਂਦੀਆਂ ਹਨ, ਪੰਜਾਬ ਦੀਆਂ ਦੁਕਾਨਾਂ 'ਤੇ ਨਹੀਂ ਪਹੁੰਚਦੀਆਂ, ਇਸ ਲਈ ਪੰਜਾਬ ਦੇ ਪਾਠਕ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਹੋ ਸਕਦੈ ਇਹ ਕਿਤਾਬਾਂ ਸਿੱਧੀਆਂ ਪਬਲਿਕ ਲਾਇਬਰੇਰੀਆਂ ਨੂੰ ਚਲੇ ਜਾਂਦੀਆਂ ਹੋਣ। ਨਿੰਦਰ ਘੁਗਿਆਣਵੀ ਦਾ ਇਹ ਗਿਲਾ ਵੀ ਦਰੁਸਤ ਹੈ ਕਿ ਜਿਨ੍ਹਾ ਲੋਕਾਂ ਦੀ ਗੱਲ ਇਹੋ ਜਿਹੀਆਂ ਕਿਤਾਬਾਂ ਵਿਚ ਹੁੰਦੀ ਹੈ, ਜੇ ਉਹ ਹੀ ਨਾ ਪੜ੍ਹ ਸਕਣ ਤਾਂ ਫਿਰ ਕੀ ਲਾਭ? ਨੈਸ਼ਨਲ ਬੁੱਕ ਟਰੱਸਟ ਦਾ ਵੀ ਪੰਜਾਬ ਵਿਚ ਕੋਈ ਵਿਕਰੀ ਦਫਤਰ ਨਹੀਂ ਹੈ। ਸਿਰਫ ਇਕ ਵੈਨ ਟਰੱਸਟ ਦੀ ਕਦੇ ਸਾਲ-ਛਿਮਾਹੀ ਗੇੜਾਂ ਲਾਉਂਦੀ ਹੈ, ਜਦੋਂ ਕਿ ਦਿੱਲੀ ਦੇ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਪੰਜਾਬ ਵਿਚ ਮਿਲ ਜਾਂਦੀਆਂ ਹਨ, ਪਰ ਸਰਕਾਰੀ ਪ੍ਰਕਾਸ਼ਕ ਪੰਜਾਬ ਤੱਕ ਪਹੁੰਚ ਨਹੀਂ ਕਰਦੇ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਕੁਝ ਲਾਇਬਰੇਰੀਆਂ ਚੱਲ ਰਹੀਆਂ ਹਨ, ਪਰ ਉਹ ਲਾਇਬਰੇਰੀਆਂ ਕਿੱਥੇ-ਕਿੱਥੇ ਹਨ। ਇਸ ਦਾ ਕੋਈ ਪਤਾ ਨਹੀਂ ਹੈ। ਹੋ ਸਕੇ ਤਾਂ ਅਖਬਾਰਾਂ ਵਿਚ ਇਸ ਦੀ ਸੂਚੀ ਦਿੱਤੀ ਜਾਵੇ। ਮੇਰੀ ਬਲਬੀਰ ਮਾਧੋਪੁਰੀ ਨੂੰ ਬੇਨਤੀ ਹੈ। ਇਸ ਪੰਨੇ 'ਤੇ ਮੁਲਾਜ਼ਮ ਆਗੂ ਤ੍ਰਿਲੋਚਨ ਸਿੰਘ ਰਾਣਾ ਦੇ ਸ਼ਰਧਾਂਜਲੀ ਸਮਾਗਮ ਬਾਰੇ ਹਜ਼ਾਰਾ ਸਿੰਘ ਚੀਮਾ ਦਾ ਲੇਖ ਪੜ੍ਹ ਕੇ ਤ੍ਰਿਲੋਚਨ ਸਿੰਘ ਰਾਣਾ ਦੀਆਂ ਵੱਡੀਆਂ ਪ੍ਰਾਪਤੀਆਂ ਦੀ ਜਾਣਕਾਰੀ ਮਿਲੀ। ਰਾਣਾ ਜੀ ਬਹੁਤ ਵੱਡੇ ਆਗੂ ਸਨ। ਮੁਲਾਜ਼ਮਾਂ ਲਈ ਤ੍ਰਿਲੋਚਨ ਸਿੰਘ ਰਾਣਾ ਨੇ ਬਹੁਤ ਕੰਮ ਕੀਤੇ। ਬਹੁਤ ਲੰਮਾ ਸਮਾਂ ਰਾਣਾ ਜੀ ਨੇ ਸੰਘਰਸ਼ ਕੀਤਾ। ਮੈਂ ਤ੍ਰਿਲੋਚਨ ਸਿੰਘ ਰਾਣਾ ਦੀ ਕਿਤਾਬ (ਸਵੈਜੀਵਨੀ) ਦਾ ਅਧਿਐਨ ਕੀਤਾ ਹੈ। ਕੁਝ ਸਮਾਂ ਪਹਿਲਾਂ ਰਾਣਾ ਜੀ ਨੇ ਉਹ ਕਿਤਾਬ ਭੇਜੀ ਸੀ। ਇਸ ਅੰਕ ਵਿਚ ਆਲੋਚਕ ਰਜਨੀਸ਼ ਬਹਾਦਰ ਸਿੰਘ ਬਾਰੇ ਪੜ੍ਹਿਆ। 'ਪ੍ਰਵਚਨ' ਪ੍ਰਸਿੱਧ ਮੈਗਜ਼ੀਨ ਹੈ, ਜੋ ਰਜਨੀਸ਼ ਜੀ ਦੇ ਹਰ ਮਹੀਨੇ ਛਾਪਦੇ ਸੀ। ਨਵਾਂ ਜ਼ਮਾਨਾ ਨਾਲ ਰਜਨੀਸ਼ ਜੀ ਦਾ ਬਹੁਤ ਪਿਆਰ ਸੀ। ਡਾ. ਦੀਪਤੀ ਨੇ ਆਪਣੀ ਜ਼ਿੰਦਗੀ ਦੇ ਇਸ ਕਾਂਡ ਵਿਚ ਕਿਤਾਬਾਂ ਪੜ੍ਹਨ ਦੇ ਮਹੱਤਵ ਦੀ ਚਰਚਾ ਕੀਤੀ ਹੈ। ਕਿਤਾਬਾਂ ਨਾਲ ਮੁਹੱਬਤ ਮੰਜ਼ਲ ਪ੍ਰਾਪਤੀ ਦਾ ਰਾਹ ਹੈ। ਕਿਤਾਬਾਂ ਦੇ ਪੰਨੇ 'ਤੇ ਹਰਜਿੰਦਰ ਸਿੰਘ ਅਟਵਾਲ ਨੇ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਅਨੇਮਨ ਸਿੰਘ ਦੀ ਕਿਤਾਬ ਦੀ ਚਰਚਾ ਬਹੁਤ ਵਿਸਥਾਰ ਨਾਲ ਕੀਤੀ ਹੈ। ਕੁਝ ਕਹਾਣੀਆਂ ਦੇ ਹਵਾਲੇ ਦਿੱਤੇ ਹਨ। ਸਮੀਖਿਆ ਵਿਚ ਕੁਝ ਤਕਨੀਕੀ ਸ਼ਬਦਾਂ ਦੀ ਵਰਤੋਂ ਹੈ, ਜਿਸ ਨਾਲ ਲੇਖ ਸੁਹਜਮਈ ਬਣ ਗਿਆ ਹੈ। ਕਿਤਾਬ ਸਿੱਖਿਆ ਦਾ ਆਦਰਸ਼ ਤੇ ਉਦੇਸ਼ ਬਾਰੇ ਸਮੀਖਿਆ ਲੇਖ ਛਾਪਣ ਦਾ ਧੰਨਵਾਦ। ਦਿੱਲੀ ਦੀ ਸਾਹਿਤਕ ਰਿਪੋਰਟ 'ਧੁੱਪ ਦੀ ਮਹਿਫਲ' ਵਿਚ ਸਾਹਿਤਕਾਰਾਂ ਦੇ ਸਨਮਾਨ ਦਾ ਪੜ੍ਹ ਕੇ ਬਹੁਤ ਖੁਸ਼ੀ ਹੋਈ।

—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

**ਨੂਰ ਵਰਾਉਂਦੇ ਸ਼ਬਦ : ਅਤਰਜੀਤ**

**ਹਿੰਡਨਬਰਗ ਰਿਪੋਰਟ ਅਤੇ ਪਰੰਜੋਏ ਗੁਹਾ ਠਾਕੁਰਤਾ ਦੀ ਬੇਬਾਕੀ : ਬੂਟਾ ਸਿੰਘ**

**'ਤ੍ਰਿਕਾਲ ਸੰਧਿਆ' ਦੀ ਪਰਖ ਪੜਚੋਲ : ਡਾ. ਹਰਜਿੰਦਰ ਅਟਵਾਲ**

**ਪ੍ਰਤੀਨਿਧ ਪੰਜਾਬੀ ਮਿੰਨੀ ਕਹਾਣੀਆਂ ਅਤੇ ਹੋਰ ਬਹੁਤ ਕੁਝ**

# ਸਮਕਾਲ

## ਆਪਣੀ ਆਵਾਜ਼ : ਫਰਵਰੀ 2023




ਇਸ ਸੱਜਰੇ ਅੰਕ ਵਿੱਚ ਆਪਣੀ ਗੱਲ ਕਰਦਿਆਂ ਸੁਰਿੰਦਰ ਸੁੰਨਣ ਬਿਰਹਾ ਦੇ ਸੁਲਤਾਨ ਹੋਣ ਦੀ ਗੱਲ ਕਰਦਾ ਹੈ। ਆਪਣੀ ਗੱਲ ਦਾ ਕੇਂਦਰ ਵਧੇਰੇ ਕਰਕੇ ਆਦਿ ਕਵੀ ਬਾਬਾ ਫਰੀਦ ਦੀ ਬਿਰਹਾ ਵਾਲੀ ਸਤਰ ਵੱਲ ਸੇਧਿਤ ਰਹਿੰਦਾ ਹੈ। ਸੰਪਾਦਕੀ (ਅੱਜ ਦੀ ਗੱਲ) ਵਿੱਚ ਸੰਪਾਦਕ ਵੱਲੋਂ 'ਸਾਡੀ ਭਾਸ਼ਾ ਸਾਡਾ ਗੌਰਵ' ਵਿੱਚ ਸਮੁੱਚੀ ਦੁਨੀਆ ਵਿੱਚ ਮਰ ਰਹੀਆਂ/ਅਲੋਪ ਹੋ ਰਹੀਆਂ/ਬਦਲ ਰਹੀਆਂ ਭਾਸ਼ਾਵਾਂ ਦੇ ਪ੍ਰਸੰਗ ਵਿੱਚ ਪੰਜਾਬੀ ਭਾਸ਼ਾ ਦਾ ਜ਼ਿਕਰ ਕੀਤਾ ਹੈ। ਸੰਪਾਦਕੀ ਭਾਸ਼ਾ ਨੂੰ ਸਿੱਖਿਆ ਦਾ, ਰੁਜ਼ਗਾਰ ਦਾ, ਗਿਆਨ/ਵਿਗਿਆਨ ਅਤੇ ਹੋਰ ਵਰਤਾਰਿਆਂ ਵਿੱਚ ਮਾਧਿਅਮ ਵਜੋਂ ਵਿਕਸਤ ਕਰਨ 'ਤੇ ਬਲ ਦਿੱਤਾ ਗਿਆ ਹੈ ਤਾਂ ਜੋ ਉਹ ਭਾਸ਼ਾਵਾਂ ਕੇਵਲ ਬੋਲ-ਚਾਲ ਤੱਕ ਹੀ ਸੀਮਤ ਨਾ ਹੋ ਜਾਣ। ਯੂਨੈਸਕੋ ਦੀ ਰਿਪੋਰਟ ਦਾ ਹਵਾਲਾ ਵੀ ਹੈ। ਭਾਵੇਂ ਅਗਲੇਰੇ ਭਾਗ ਦੇ ਇੱਕ ਲੇਖ 'ਚ ਪੰਜਾਬੀ ਭਾਸ਼ਾ ਦੇ ਸੁਨਹਿਰੀ ਭਵਿੱਖ ਦੀ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ, ਪਰ ਸੰਪਾਦਕੀ ਅਜੋਕੇ ਸੱਚ ਦੇ ਵਧੇਰੇ ਨੇੜੇ ਹੈ, ਭਾਵਕਤ ਰਹਿਤ। ਪ੍ਰੋ. ਸੁਖਵੰਤ ਸਿੰਘ ਗਿੱਲ ਦਾ ਮਨ ਤੂੰ ਜੋਤਿ ਸਰੂਪ ਹੈ...ਸ਼ਾਇਰੀ ਦਾ ਸੁਰੀਲਾ ਸਫਰ ਸੁਰਜੀਤ ਪਾਤਰ (ਲਖਵਿੰਦਰ ਸਿੰਘ ਜੌਹਲ), ਤਖਤਿ ਬਹੈ ਤਖਤੈ ਕੀ ਲਾਇਕ (ਜਸਵੰਤ ਸਿੰਘ ਜ਼ਫਰ) ਛੋਟੇ ਆਕਾਰ ਦੇ ਹੁੰਦੇ ਹੋਏ ਵੀ ਭਾਵਪੂਰਤ ਹਨ, ਵੱਡਾ ਸੁਨੇਹਾ ਵੀ ਛੱਡਦੇ ਹਨ ਤੇ ਗੰਭੀਰ ਸੁਆਲ ਵੀ ਖੜੇ ਕਰਦੇ ਹਨ। ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਇਤਿਹਾਸਕ ਪਹਿਲ-ਕਦਮੀ ਵਾਲਾ ਲੇਖ ਇਤਿਹਾਸ ਦੇ ਇੱਕ ਸੂਹੇ ਪੰਨੇ ਦੀ ਬਾਤ ਪਾਉਂਦਾ ਹੈ। ਸੁਰਿੰਦਰ ਗੀਤ, ਚੰਨ ਜੰਡਿਆਲਵੀ, ਗੁਰਭਜਨ ਗਿੱਲ, ਹਰਪ੍ਰੀਤ ਕੌਰ ਸੰਧੂ, ਅਮਰਪ੍ਰੀਤ ਕੌਰ ਸੰਘਾ, ਰਣਜੀਤ ਆਜ਼ਾਦ ਕਾਂਝਲਾ ਅਤੇ ਹੋਰਾਂ ਦੀਆਂ ਕਵਿਤਾਵਾਂ ਵੀ ਹਨ। ਮਿੰਨੀ ਕਹਾਣੀਆਂ ਵਿੱਚ ਡਾ. ਪ੍ਰਦੀਪ ਕੌੜਾ, ਤ੍ਰਿਪਤ ਭੱਟੀ, ਸ਼ਰਨ ਮੱਕੜ, ਜਗਦੀਸ਼ ਰਾਏ ਕੁਲਰੀਆਂ ਤੇ ਵਿਵੇਕ ਸ਼ਾਮਲ ਹਨ। ਡਾ. ਸਤੀਸ਼ ਕੁਮਾਰ ਵਰਮਾ ਨੇ ਨੈਨੋ ਤੋਂ ਵੀ ਨਿੱਕੇ ਨਾਟਕ (ਦਸ) ਪੇਸ਼ ਹਨ। ਰੀਵਿਊ ਅਤੇ ਕਿਤਾਬਾਂ ਵਾਲਾ ਸਥਾਈ ਕਾਲਮ ਤਾਂ ਹੈ ਹੀ। ਸਾਹਿਤਕ ਸਰਗਰਮੀਆਂ ਵੀ ਹਨ।

ਪੰਨੇ : 68, ਮੁੱਲ : 50 ਰੁਪਏ, ਸੰਪਾਦਕ : ਲਖਵਿੰਦਰ ਸਿੰਘ ਜੌਹਲ, ਸੰਪਰਕ : 693 ਜੀ ਟੀ ਬੀ ਨਗਰ, ਜਲੰਧਰ-144001 (ਮੋ.) 94171-94812 ਅਤੇ 98725-49506

## ਰਾਗ : ਜਨਵਰੀ-ਅਪ੍ਰੈਲ 2023

ਰਾਗ ਦੀ ਪੁਸਤਕ ਲੜੀ ਨੰ: 13 ਇਸ ਵਾਰ ਕਹਾਣੀਕਾਰ ਜਸਵੀਰ ਰਾਣਾ ਨੇ ਸੰਪਾਦਤ ਕੀਤਾ ਹੈ। ਸੰਪਾਦਕੀ ਵਿੱਚ ਜਸਵੀਰ ਨੇ ਰਾਗ ਨੂੰ ਨਵੇਂ ਸਿਰੇ ਤੋਂ ਪ੍ਰਭਾਸ਼ਤ ਕਰਦਿਆਂ ਸਿਰਲੇਖ ਹੇਠ ਇਸ ਦੇ ਇਤਿਹਾਸਕ ਪ੍ਰਸੰਗਾਂ ਨੂੰ ਉਲੀਕਦਿਆਂ ਵਰਤਮਾਨ ਦੇ ਸੰਦਰਭ ਵਿੱਚ ਰੱਖ ਕੇ ਦੇਖਣ ਦਾ ਯਤਨ ਕੀਤਾ ਹੈ। ਸ਼ਾਇਰੀ ਵਿੱਚ ਗੁਰਭਜਨ ਗਿੱਲ, ਸੁਖਵਿੰਦਰ ਅੰਮ੍ਰਿਤ, ਰਵਿੰਦਰ ਭੱਠਲ, ਜਸਪ੍ਰੀਤ ਫਲਕ, ਅਮਰਜੀਤ ਅਮਰ, ਪਰਮਜੀਤ ਦਿਓਲ, ਲਖਵਿੰਦਰ ਕੌਰ ਲੱਕੀ, ਜੋਗਿੰਦਰ ਨੂਰਮੀਤ ਅਤੇ ਹੋਰਾਂ ਦੀਆਂ ਗ਼ਜ਼ਲਾਂ, ਨਜ਼ਮਾਂ ਪੇਸ਼ ਹਨ। ਕਹਾਣੀ ਵਾਲੇ ਭਾਗ ਵਿੱਚ ਜਤਿੰਦਰ ਹਾਂਸ (ਬੰਦਾ ਮਰਦਾ ਕਿੱਥੇ ਦੇਖ ਹੁੰਦਾ), ਹਰਪਾਲ ਸਿੰਘ ਪੰਨੂ (ਨਾਰਦ ਅਤੇ ਉਸ ਦੀ ਨੀਲਕੰਠੀ), ਬਲਦੇਵ ਸਿੰਘ ਗਰੇਵਾਲ (ਸੂਰਜ ਨਾ ਛੁਪੇ ਕਦਾਈਂ), ਬਲਦੇਵ ਸਿੰਘ ਭਾਕਰ (ਕੋਟ-ਹੋਰਰ ਕਹਾਣੀ), ਡਾ. ਡੀ ਪੀ ਸਿੰਘ (ਬਦਲਾ ਗਲਪ ਵਿਗਿਆਨ), ਡਾ. ਬਿੰਦਰ ਭੂਮਸੀ (ਸਕਰੀਨ 'ਤੇ ਦੌੜਦਾ ਵਰਤਮਾਨ), ਭੋਲਾ ਸਿੰਘ ਸੰਘੇੜਾ (ਸਰਹੱਦ), ਅਮਨਦੀਪ ਕੌਰ ਮਾਹਲ (ਮਨ-ਕਰਮੰਡਲ), ਡਾ. ਲਖਵਿੰਦਰ ਕੌਰ ਵਿਰਕ (ਰੰਗ ਜੋ ਸੂਹਾ ਨਹੀਂ ਸੀ) ਸ਼ਾਮਲ ਕੀਤੇ ਹਨ। ਮੋਹਨ ਭੰਡਾਰੀ ਨਾਲ ਮੁਲਾਕਾਤ ਹਰਜੀਤ ਕੌਰ ਵਿਰਕ ਦੇ ਨਾਵਲ ਦਾ ਅੰਸ਼ ਅਤੇ ਸੁਖਜੀਤ ਦੀ ਕਹਾਣੀ ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ ਬਾਰੇ ਲੰਮਾ ਲੇਖ ਅਮਰਜੀਤ ਗਰੇਵਾਲ ਦਾ ਵੀ ਜੋ ਕਹਾਣੀ ਵਿਚਲੀਆਂ ਰਚਨਾਤਮਕ ਪਰਤਾਂ ਨੂੰ ਵੀ ਖੋਲ੍ਹਦਾ ਹੈ ਅਤੇ ਇਸ ਵਰਤਾਰੇ ਦਾ ਸੁਭਾਅ ਵੀ ਤਹਿ ਕਰਦਾ ਹੈ। ਇੱਕ ਲੇਖਕ ਦਾ ਕਮਰਾ, ਤਸਵੀਰਾਂ ਦਾ ਰੰਗ ਮੰਚ, ਰੂਹ ਦਾ ਅਨੁਵਾਦ, ਹੱਦਾਂ-ਸਰਹੱਦਾਂ ਤੋਂ ਪਾਰ, ਆਲੋਚਨਾ ਦ੍ਰਿਸ਼ਟੀ, ਖੱਟੀਆਂ-ਮਿੱਠੀਆਂ, ਕਿਤਾਬ ਘਰ ਅਤੇ ਹੋਰ ਕਾਲਮ ਪਾਠਕ ਲਈ ਭਰਪੂਰ ਸਮੱਗਰੀ ਅਤੇ ਜਾਣਕਾਰੀ ਲੈ ਕੇ ਹਾਜ਼ਰ ਹੁੰਦੇ ਹਨ। ਪਾਠਕ ਰਾਗ ਦੇ ਇਸ ਤਰ੍ਹਾਂ ਤੇ ਰੂਪ ਨੂੰ ਵੀ ਪਸੰਦ ਕਰਨਗੇ।




ਪੰਨੇ : 194, ਮੁੱਲ : 180 ਰੁਪਏ, ਸੰਪਾਦਕ : ਜਸਵੀਰ ਰਾਣਾ, ਸੰਪਰਕ : # ਸ਼ਾਨ ਵਿਲਾ, ਪਿੰਡ ਤੇ ਡਾਕਘਰ : ਅਮਰਗੜ੍ਹ, ਜ਼ਿਲ੍ਹਾ ਮਾਲੇਰਕੋਟਲਾ-148022 (ਮੋ:) 98156-59220

## ਪਰਵਾਸ : ਜਨਵਰੀ-ਮਾਰਚ 2023

ਇਹ ਅਮਰੀਕਾ ਦਾ ਵਿਸ਼ੇਸ਼ ਅੰਕ ਹੈ, ਜਿਸ ਵਿੱਚ ਅਮਰੀਕਾ ਵਿਚਲੇ ਪੰਜਾਬੀ ਲੇਖਕਾਂ ਦਾ ਵੇਰਵਾ ਹੈ, ਪਰ ਨਾਲ ਹੀ ਗਦਰ ਲਹਿਰ ਦਾ ਪੰਜਾਬੀ ਸਾਹਿਤ, ਅਮਰੀਕੀ ਪੰਜਾਬੀ ਕਵਿਤਾ, ਅਮਰੀਕੀ ਪੰਜਾਬੀ ਕਹਾਣੀ, ਅਮਰੀਕਾ ਦਾ ਧਾਰਮਿਕ ਸਾਹਿਤ, ਅਮਰੀਕਾ ਦੀ ਪੰਜਾਬੀ ਪੱਤਰਕਾਰੀ ਅਤੇ ਕਈ ਕਿਸਮ ਦੀ ਜਾਣਕਾਰੀ ਸ਼ਾਮਲ ਹੈ।




ਪੰਨੇ : 150, ਮੁੱਖ ਸੰਪਾਦਕ : ਡਾ. ਸ ਪ ਸਿੰਘ, ਸੰਪਰਕ : ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ (ਮੋ:) 95010-27522

- ਹਰਜਿੰਦਰ ਅਟਵਾਲ (ਡਾ.)

ਐਤਵਾਰ, 19 ਫਰਵਰੀ, 2023

7 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079

ਜਿਲਦ/VOL. : 71

ਅੰਕ/NO. : 260

# ਨਵਾਂ ਜ਼ਮਾਨਾ

DAILY NAWAN ZAMANA • SUNDAY, 19 FEBRUARY, 2023 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14



**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


# ਜੱਗੂ ਭਗਵਾਨਪੁਰੀਆ ਦਾ ਸਾਥੀ 9 ਪਿਸਤੌਲਾਂ ਤੇ 20 ਕਾਰਤੂਸਾਂ ਸਣੇ ਗ੍ਰਿਫ਼ਤਾਰ



**ਰੂਪਨਗਰ** : ਪੁਲਸ ਵੱਲੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਸਾਥੀ ਵਿਸ਼ਾਲ ਵਰਮਾ ਨੂੰ 9 ਪਿਸਤੌਲਾਂ ਅਤੇ 20 ਕਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਬਾਰੇ ਸੀਨੀਅਰ ਪੁਲਸ ਕਪਤਾਨ ਰੂਪਨਗਰ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਐੱਸ ਪੀ (ਡਿਟੈਕਟਿਵ) ਮਨਵਿੰਦਰਬੀਰ ਸਿੰਘ ਅਤੇ ਤਲਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਇੰਚਾਰਜ ਸੀ ਆਈ ਏ ਰੂਪਨਗਰ ਸਮੇਤ ਪੁਲਸ ਪਾਰਟੀ ਵੱਲੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਸਾਥੀ ਵਿਸ਼ਾਲ ਵਰਮਾ ਵਾਸੀ ਹੁਸ਼ਿਆਰਪੁਰ ਨੂੰ 9 ਪਿਸਤੌਲਾਂ ਅਤੇ 20 ਰੌਂਦਾ ਸਮੇਤ ਕਾਬੂ ਕੀਤਾ ਗਿਆ ਹੈ। ਵਿਸ਼ਾਲ ਵਰਮਾ ਵੱਲੋਂ ਪਹਿਲਾਂ ਵੀ ਵੱਡੇ ਪੱਧਰ ਉੱਤੇ ਹਥਿਆਰਾਂ ਦੀ ਸਪਲਾਈ ਕੀਤੀ ਗਈ ਸੀ, ਪਰ ਉਹ ਪੁਲਸ ਦੀ ਪਕੜ ਤੋਂ ਬਚ ਗਿਆ ਸੀ

## 20 ਪੈਕਟ ਹੈਰੋਇਨ, 2 ਪਿਸਟਲ, 242 ਕਾਰਤੂਸ ਤੇ 4 ਮੈਗਜ਼ੀਨ ਬਰਾਮਦ

**ਡੇਰਾ ਬਾਬਾ ਨਾਨਕ/ ਕਲਾਨੌਰ, (ਰਮੇਸ ਸ਼ਰਮਾ/ ਮਨਦੀਪ ਕੋਹਲੀ)**-ਡੇਰਾ ਬਾਬਾ ਨਾਨਕ ਸਥਿਤ ਭਾਰਤ-ਪਾਕਿਸਤਾਨ ਸਰਹੱਦ 'ਤੇ 113 ਬਟਾਲੀਅਨ ਦੇ ਦਾਇਰੇ ਅਧੀਨ ਆਉਂਦੇ ਖੇਤਰ ਵਿਚ ਸ਼ਨੀਵਾਰ ਸਵੇਰੇ 5:30 ਵਜੇ ਤਸਕਰਾਂ ਨੇ ਪਾਕਿਸਤਾਨ ਵਾਲੇ ਪਾਸੇ ਤੋਂ ਨਸ਼ਾ ਭੇਜਣ ਦੀ ਕੋਸ਼ਿਸ਼ ਕੀਤੀ ਤਾਂ ਸਰਹੱਦ 'ਤੇ ਤਾਇਨਾਤ ਚੌਕਸ ਜਵਾਨਾਂ ਨੇ ਤਸਕਰਾਂ ਦੀ ਹਲਚਲ ਦੇਖ ਕੇ ਤੁਰੰਤ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਦੇ ਜਵਾਬ 'ਚ ਪਾਕਿਸਤਾਨ ਵਾਲੇ ਪਾਸੇ ਤੋਂ ਵੀ ਗੋਲੀਬਾਰੀ ਕੀਤੀ ਗਈ। ਇੱਥੇ ਕਾਫੀ ਧੁੰਦ ਪਈ ਹੋਈ ਸੀ ਅਤੇ ਗੋਲੀਬਾਰੀ ਦੂਜੇ ਪਾਸਿਓਂ ਥੋੜ੍ਹੀ ਹਲਕੀ ਹੋਣ 'ਤੇ ਬੀ ਐੱਸ ਐੱਫ ਦੇ ਜਵਾਨਾਂ ਵੱਲੋਂ ਭਾਰਤੀ ਸੀਮਾ ਖੇਤਰ ਦੇ ਅੰਦਰ ਇਕ ਵੱਡਾ ਪਾਈਪ ਪਿਆ ਵੇਖਿਆ ਗਿਆ। ਸੀਮਾ ਸੁਰੱਖਿਆ ਬਲ ਦੇ ਡੀ ਆਈ ਜੀ ਪ੍ਰਭਾਕਰ ਜੋਸ਼ੀ ਮੌਕੇ 'ਤੇ ਪਹੁੰਚ ਗਏ।




ਜੋਸ਼ੀ ਨੇ ਦੱਸਿਆ ਕਿ ਤਸਕਰ ਧੁੰਦ ਦਾ ਫਾਇਦਾ ਉਠਾਉਂਦੇ ਹੋਏ ਵਾਪਸ ਪਾਕਿਸਤਾਨ ਭੱਜਣ ਵਿੱਚ ਕਾਮਯਾਬ ਹੋ ਗਏ। ਭਾਰਤੀ ਸਰਹੱਦ ਦੇ ਘੇਰੇ ਵਿੱਚ ਪਾਕਿਸਤਾਨੀ ਸਮੱਗਲਰਾਂ ਵੱਲੋਂ ਸੁੱਟੀ ਗਈ 20 ਪੈਕੇਟ ਹੈਰੋਇਨ, ਇੱਕ ਚੀਨ ਦਾ ਅਤੇ ਇੱਕ ਤੁਰਕੀ ਦਾ ਬਣਿਆ ਪਿਸਤੌਲ, 242 ਕਾਰਤੂਸ ਅਤੇ ਚਾਰ ਮੈਗਜ਼ੀਨ ਬਰਾਮਦ ਕੀਤੇ ਗਏ ਹਨ।

# ਜਮਹੂਰੀਅਤ ਤੇ ਸੰਵਿਧਾਨ ਬਚਾਉਣ ਲਈ ਸਾਂਝਾ ਸਿਆਸੀ ਮੰਚ ਸਮੇਂ ਦੀ ਲੋੜ : ਬੰਤ ਬਰਾੜ

**ਸ਼ਾਹਕੋਟ, (ਗਿਆਨ ਸੈਦਪੁਰੀ)**-'ਆਰ ਐੱਸ ਐੱਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੰਮ ਕਰਦੀ ਭਾਜਪਾ ਦੀ ਕੇਂਦਰ ਸਰਕਾਰ ਦੇਸ਼ ਅੰਦਰ ਲੋਕਤੰਤਰ ਅਤੇ ਸੰਵਿਧਾਨ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ। ਇਨ੍ਹਾਂ ਨੂੰ ਬਚਾਉਣ ਲਈ ਦੇਸ਼ ਅੰਦਰ ਇੱਕ ਵਿਸ਼ਾਲ ਸਾਂਝਾ ਸਿਆਸੀ ਮੰਚ ਉਸਾਰ ਕੇ ਸੰਘਰਸ਼ਾਂ ਦਾ ਪਿੜ ਮੱਲਣਾ ਸਮੇਂ ਦੀ ਲੋੜ ਹੈ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਇੱਕ ਟੀ ਵੀ ਚੈਨਲ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।



ਉਨ੍ਹਾ ਕਿਹਾ ਕਿ ਸਾਂਝੇ ਸਿਆਸੀ ਮੰਚ ਵੱਲ ਕਦਮ ਵਧਾਉਂਦਿਆਂ 8 ਖੱਬੀਆਂ ਧਿਰਾਂ ਵੱਲੋਂ ਫਾਸ਼ੀਵਾਦ ਵਿਰੋਧੀ ਫਰੰਟ ਬਣਾਇਆ ਗਿਆ ਹੈ। ਇਸ ਸੇਧ 'ਤੇ ਅੱਗੇ ਵਧਣ ਲਈ ਕਾਂਗਰਸ ਅਤੇ ਹੋਰ ਖੇਤਰੀ ਪਾਰਟੀਆਂ ਦਾ ਵਿਸ਼ਾਲ ਮੰਚ ਉਸਾਰਿਆ ਜਾ ਸਕਦਾ ਹੈ। ਕਾਮਰੇਡ ਬਰਾੜ ਨੇ ਕਿਹਾ ਕਿ ਅਸੀਂ ਤਾਂ ਚਾਹੁੰਦੇ ਹਾਂ ਅਕਾਲੀ ਦਲ ਵੀ ਫਾਸ਼ੀਵਾਦੀ ਵਿਰੋਧੀ ਸੰਘਰਸ਼ ਦਾ ਹਿੱਸਾ ਬਣੇ। ਉਨ੍ਹਾ ਬਾਰਡਰ ਖੇਤਰ ਦਾ 50 ਕਿੱਲੋਮੀਟਰ ਦਾ ਘੇਰਾ ਬੀ ਐੱਸ ਐੱਫ ਅਤੇ ਹੋਰ ਏਜੰਸੀਆਂ ਦੇ ਹਵਾਲੇ ਕਰਨ, ਭਾਖੜਾ ਡੈਮ ਦੀ ਮੈਨੇਜਮੈਂਟ ਵਿੱਚ ਪੰਜਾਬ ਨੂੰ ਖਾਰਜ ਕਰਨ, ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬ ਦੇ ਅਧਿਕਾਰਾਂ ਨੂੰ ਸੀਮਤ ਕਰਨ ਅਤੇ ਹੋਰ ਕਾਰਿਆਂ ਦੇ ਹਵਾਲੇ ਨਾਲ ਖਦਸ਼ਾ ਜ਼ਾਹਰ ਕੀਤਾ ਕਿ ਜੰਮੂ-ਕਸ਼ਮੀਰ ਤੋਂ ਬਾਅਦ ਪੰਜਾਬ ਨੂੰ ਵੀ ਯੂ ਟੀ ਬਣਾਇਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਭਲੇ ਲਈ ਸਿੱਖ ਫਲਸਫਾ ਵੀ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ, ਬਸ਼ਰਤੇ ਇਸ ਨੂੰ ਲਾਗੂ ਕਰਵਾਉਣ ਦੇ ਦਾਅਵੇਦਾਰੀ ਦੀ ਸੋਚ ਸਾਫ ਹੋਵੇ। ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵੱਲੋਂ ਦੇਸ਼ ਪ੍ਰਤੀ ਭੂਮਿਕਾ ਨੂੰ ਛੁਟਆਇਆ ਹੀ ਨਹੀਂ ਜਾ ਰਿਹਾ, ਸਗੋਂ ਮਨੂੰਵਾਦ 'ਤੇ ਪਹਿਰਾ ਦੇਣ ਵਾਲੀ ਮੋਦੀ ਸਰਕਾਰ ਵੱਲੋਂ ਉਨ੍ਹਾਂ ਨੂੰ ਗਾਲ੍ਹਾਂ ਵੀ ਕੱਢੀਆਂ ਜਾ ਰਹੀਆਂ ਹਨ। ਉਹਨਾ ਜ਼ੋਰ ਦੇ ਕੇ ਆਖਿਆ ਕਿ ਮੌਜੂਦਾ ਕੇਂਦਰੀ ਹਾਕਮਾਂ ਦਾ ਜਮਹੂਰੀਅਤ ਨਾਲ ਲਾਗਾ-ਦੇਗਾ ਨਹੀਂ। ਇਸ ਲਈ ਜਮਹੂਰੀਅਤ ਬਚਾਉਣ ਲਈ ਲੜਾਈ ਦੀ ਧਾਰਾ ਹੋਰ ਤਿੱਖੀ ਕਰਨ ਦੀ ਲੋੜ ਹੈ। ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਰਾੜ ਨੇ ਕਿਹਾ ਕਿ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦਾ ਚੰਗਾ ਅਸਰ ਹੋਇਆ ਹੈ ਤੇ ਕਾਂਗਰਸ ਵਿੱਚ ਜਾਨ ਪਈ ਹੈ। ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਕਾਂਗਰਸ ਆਪਣੇ ਵਧੇ ਹੋਏ ਅਧਾਰ ਨੂੰ ਦੇਸ਼ ਹਿੱਤ ਵਿੱਚ ਕਿਸ ਤਰ੍ਹਾਂ ਵਰਤਦੀ ਹੈ। ਪੰਜਾਬ ਵਿੱਚ ਨਿਰਾਸ਼ਾ ਦੇ ਦੌਰ ਵੇਲੇ ਖੱਬੀਆਂ ਧਿਰਾਂ ਦੀ ਭੂਮਿਕਾ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਕਮਿਊਨਿਸਟ ਆਗੂ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਜਮਾਤੀ ਸੰਘਰਸ਼ਾਂ ਦਾ ਸਮਾਂ ਆਇਆ ਹੈ, ਖੱਬੀਆਂ ਧਿਰਾਂ ਸੰਘਰਸ਼ ਦਾ ਮੈਦਾਨ ਮੱਲਦੀਆਂ ਰਹੀਆਂ ਹਨ। ਕਿਸਾਨ ਅੰਦੋਲਨ ਵੇਲੇ ਵੀ ਕਮਿਊਨਿਸਟਾਂ ਦੀ ਮੋਹਰੀ ਭੂਮਿਕਾ ਰਹੀ ਹੈ। ਮੌਜੂਦਾ ਦੌਰ ਵਿੱਚ ਵੀ ਸੰਘਰਸ਼ ਦੀ ਤੋਰ ਤੇਜ਼

● ਬਾਕੀ ਸਫ਼ਾ 10 'ਤੇ

## ਮੇਅਰ ਦੀ ਚੋਣ 22 ਨੂੰ, ਉਪ ਰਾਜਪਾਲ ਵੱਲੋਂ ਇਜਾਜ਼ਤ


**ਨਵੀਂ ਦਿੱਲੀ** : ਦਿੱਲੀ ਨਗਰ ਨਿਗਮ ਦੇ ਮੇਅਰ ਦੀ ਚੋਣ 22 ਫਰਵਰੀ ਨੂੰ ਹੋਵੇਗੀ ਤੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਦਿੱਲੀ ਨਗਰ ਨਿਗਮ ਸਦਨ ਦੀ ਬੈਠਕ ਬੁਲਾਉਣ ਦੀ ਇਜਾਜਤ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਪ ਰਾਜਪਾਲ ਵੀ ਕੇ ਸਕਸੈਨਾ ਨੂੰ ਮੇਅਰ ਦੀ ਚੋਣ 22 ਫਰਵਰੀ ਨੂੰ ਕਰਵਾਉਣ ਦੀ ਸਿਫਾਰਿਸ਼ ਕੀਤੀ । ਮੁੱਖ ਮੰਤਰੀ ਦੀ ਇਹ ਸਿਫਾਰਿਸ਼ ਸੁਪਰੀਮ ਕੋਰਟ ਵੱਲੋਂ ਮੇਅਰ ਅਤੇ ਸਥਾਈ ਕਮੇਟੀ ਦੇ ਮੈਂਬਰਾਂ ਦੀ ਚੋਣ ਕਰਵਾਉਣ ਲਈ 24 ਘੰਟਿਆਂ ਦੇ ਅੰਦਰ-ਅੰਦਰ ਦਿੱਲੀ ਨਗਰ ਨਿਗਮ (ਐੱਮਸੀਡੀ) ਦੀ ਪਹਿਲੀ ਮੀਟਿੰਗ ਬੁਲਾਉਣ ਦੇ ਹੁਕਮਾਂ ਤੋਂ ਬਾਅਦ ਆਈ ਹੈ। ਕੇਜਰੀਵਾਲ ਨੇ ਉਪ ਰਾਜਪਾਲ 'ਤੇ ਦੋਸ਼ ਲਗਾਇਆ ਸੀ ਕਿ ਉਹ ਦਿੱਲੀ ਸਰਕਾਰ ਨੂੰ ਨਿਗਮ ਚੋਣਾਂ ਨਾਲ ਸਬੰਧਤ ਮਾਮਲੇ 'ਤੇ ਸੁਪਰੀਮ ਕੋਰਟ ਦੇ ਸਾਹਮਣੇ ਆਪਣੀ ਰਾਏ ਰੱਖਣ ਤੋਂ ਜਬਰਦਸਤੀ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

## ਸਾਡਾ ਚੋਣ ਨਿਸ਼ਾਨ ਹੋਇਆ ਚੋਰੀ : ਠਾਕਰੇ



**ਮੁੰਬਈ** : ਸ਼ਿਵ ਸੈਨਾ (ਯੂ ਬੀ ਟੀ) ਦੇ ਮੁਖੀ ਉਧਵ ਠਾਕਰੇ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ 'ਤੇ ਨਿਸ਼ਾਨਾ ਸਾਧਦੇ ਹੋਏ ਆਪਣੇ ਸਮਰਥਕਾਂ ਨੂੰ ਕਿਹਾ ਕਿ ਪਾਰਟੀ ਦਾ 'ਤੀਰ ਕਮਾਨ' ਚੋਣ ਨਿਸ਼ਾਨ ਚੋਰੀ ਹੋ ਗਿਆ ਹੈ ਅਤੇ ਚੋਰ ਨੂੰ ਸਬਕ ਸਿਖਾਉਣ ਦੀ ਲੋੜ ਹੈ। ਊਧਵ ਪਾਰਟੀ ਆਗੂਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਪਹਿਲਾਂ ਇੱਥੇ ਬਾਂਦਰਾ ਸਥਿਤ ਆਪਣੀ ਰਿਹਾਇਸ਼ 'ਮਾਤੋਸ੍ਰੀ' ਦੇ ਬਾਹਰ ਸਮਰਥਕਾਂ ਨੂੰ ਸੰਬੋਧਨ ਕਰ ਰਹੇ ਸਨ।

## ਸੀ ਬੀ ਆਈ ਵੱਲੋਂ ਸਿਸੋਦੀਆ ਤਲਬ



**ਨਵੀਂ ਦਿੱਲੀ** : ਸੀ ਬੀ ਆਈ ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਪੁੱਛ ਪੜਤਾਲ ਲਈ ਤਲਬ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੀ ਬੀ ਆਈ ਨੇ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕਰਨ ਦੇ ਕਰੀਬ ਤਿੰਨ ਮਹੀਨੇ ਬਾਅਦ ਦਿੱਲੀ ਆਬਕਾਰੀ ਨੀਤੀ ਮਾਮਲੇ ਦੇ ਸੰਬੰਧ ਵਿੱਚ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਬੁਲਾਇਆ ਹੈ। ਉਨ੍ਹਾ ਕਿਹਾ ਕਿ ਸਿਸੋਦੀਆ ਨੂੰ ਐਤਵਾਰ ਨੂੰ ਪੁੱਛ-ਪੜਤਾਲ ਲਈ ਬੁਲਾਇਆ ਗਿਆ ਹੈ। ਚਾਰਜਸ਼ੀਟ 'ਚ ਮੁਲਜ਼ਮ ਨਹੀਂ ਬਣਾਇਆ ਗਿਆ ਹੈ।

## ਪੱਤਰਕਾਰਾਂ ਦੀ ਲੋੜ

'ਨਵਾਂ ਜ਼ਮਾਨਾ' ਨੂੰ ਮੋਗਾ ਜ਼ਿਲ੍ਹੇ ਲਈ ਹੇਠ ਲਿਖੇ ਸਟੇਸ਼ਨਾਂ ਲਈ ਸੂਝਵਾਨ ਤੇ ਤਜਰਬੇਕਾਰ ਪੱਤਰਕਾਰਾਂ ਦੀ ਲੋੜ ਹੈ।

ਨਿਹਾਲ ਸਿੰਘ ਵਾਲਾ, ਫਤਿਹਗੜ੍ਹ ਪੰਜਤੂਰ, ਸਮਾਲਸਰ, ਬੱਧਨੀ ਕਲਾਂ, ਨੱਥੂਵਾਲਾ ਗਰਬੀ, ਢੁੱਡੀ ਕੇ, ਬਿਲਾਸਪੁਰ, ਸਮਾਧਭਾਈ, ਬਰਗਾੜੀ। ਚਾਹਵਾਨ ਸੱਜਣ ਕੰਮ ਵਾਲੇ ਦਿਨ 10.30 ਤੋਂ 5 ਵਜੇ ਤੱਕ 0181-5097300 'ਤੇ ਸੰਪਰਕ ਕਰਨ।

-ਮੈਨੇਜਰ

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਆਪਣਾ ਪੁਰਾਣਾ ਅਧਿਕਾਰ ਪੱਤਰ ਨਾਲ ਲੈ ਕੇ ਆਉਣ।

-ਮੈਨੇਜਰ

# ਮੋਦੀ ਸਰਕਾਰ ਮਹਾਂਚੋਰ ਤੇ ਧੋਖੇਬਾਜ਼ ਅਡਾਨੀ ਦੀ ਕਰ ਰਹੀ ਮਦਦ : ਮਾੜੀਮੇਘਾ

**ਜਲੰਧਰ, (ਨ ਜ਼ ਸ)**-ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਅਹੁਦੇਦਾਰਾਂ ਦੀ ਮੀਟਿੰਗ ਕਮੇਟੀ ਪ੍ਰਧਾਨ ਅਜਮੇਰ ਸਿੰਘ ਸਮਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕਮੇਟੀ ਵੱਲੋਂ 27 ਫਰਵਰੀ ਨੂੰ ਬੱਬਰਾਂ ਤੇ ਚੰਦਰ ਸ਼ੇਖਰ ਆਜ਼ਾਦ ਦੇ ਦਿਨ 'ਤੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਜਲੰਧਰ ਵਿਖੇ ਪ੍ਰੋਗਰਾਮ ਕੀਤਾ ਜਾਵੇਗਾ। ਮੀਟਿੰਗ ਵਿੱਚ ਮੋਦੀ ਸਰਕਾਰ ਦੀ ਨਿੰਦਾ ਕੀਤੀ ਗਈ ਕਿ ਉਹ ਮਹਾਂਚੋਰ ਤੇ ਧੋਖੇਬਾਜ਼ ਅਡਾਨੀ ਦੀ ਮਦਦ ਕਰ ਰਹੀ ਹੈ। ਅਡਾਨੀ ਨੇ ਲੋਕਾਂ ਦੇ ਨਾਵਾਂ 'ਤੇ ਝੂਠੇ ਸ਼ੇਅਰ ਖਰੀਦ ਕੇ ਲੁੱਟ ਮਚਾਈ ਹੋਈ ਸੀ ਤੇ ਉਹ ਪੈਸੇ ਦੇ ਪੱਖ ਤੋਂ ਦੁਨੀਆ ਭਰ 'ਚੋਂ ਦੂਜੇ ਨੰਬਰ 'ਤੇ ਆ ਗਿਆ ਸੀ। ਮੋਦੀ ਦੀ ਢੀਠਤਾਈ ਏਨੀ ਹੈ ਕਿ ਉਹ ਇਸ ਵਿੱਚ ਦੇਸ਼ ਦੀ ਤਰੱਕੀ ਦੇ ਸੋਹਲੇ ਗਾਈ ਜਾਂਦਾ ਹੈ। ਅਡਾਨੀ ਦੇ ਰਾਜ਼ ਦਾ ਪਰਦਾ ਅਮਰੀਕੀ ਏਜੰਸੀ ਹਿੰਡਨਬਰਗ ਨੇ ਉਠਾਇਆ ਹੈ । ਅਡਾਨੀ ਦਾ ਭੇਦ ਜਦੋਂ ਜੱਗ ਜ਼ਾਹਰ ਹੋ ਗਿਆ ਤੇ ਸ਼ੇਅਰ ਯਕਦਮ ਡਿੱਗ ਪਏ ਤਾਂ ਸਾਰੇ ਦੇਸ਼ ਵਿੱਚ ਹਫੜਾ-ਦਫੜੀ ਮਚ ਗਈ। ਲੋਕਾਂ ਦਾ ਬਹੁਤ ਸਾਰਾ ਪੈਸਾ ਅਡਾਨੀ ਦੀ ਵਜ੍ਹਾ ਕਰਕੇ ਰੁੜ੍ਹ ਗਿਆ। ਗੁਜਰਾਤ ਵਿੱਚ ਮੋਦੀ ਸਰਕਾਰ ਨੇ ਘੱਟ ਗਿਣਤੀ ਵਸੋਂ ਦਾ ਯੋਜਨਾਬੰਦ ਢੰਗ ਨਾਲ ਕਤਲੇਆਮ ਕਰਵਾਇਆ ਸੀ ਤੇ ਉਸ ਦਾ ਰਾਜ਼ ਬੀ ਬੀ ਸੀ ਨੇ ਇੱਕ ਫਿਲਮ ਬਣਾ ਕੇ ਖੋਲ੍ਹ ਦਿੱਤਾ ਹੈ। ਮੋਦੀ ਇਹ ਕਹਿ ਰਿਹਾ ਹੈ ਕਿ ਮੀਡੀਆ ਨੂੰ ਇਸ ਤਰ੍ਹਾਂ ਚੱਲਣ ਨਹੀਂ ਦਿੱਤਾ ਜਾਵੇਗਾ ਕਿ ਉਹ ਆਪਣੀਆਂ ਮਨਮਾਨੀਆਂ ਕਰੇ। ਮੋਦੀ ਇਸ ਨੀਤੀ ਤਹਿਤ ਬੀ ਬੀ ਸੀ ਦੇ ਦਫ਼ਤਰਾਂ 'ਤੇ ਛਾਪੇ ਮਾਰ ਰਿਹਾ ਹੈ। ਕਮੇਟੀ ਨੇ ਇਹ ਵੀ ਜ਼ੋਰ ਨਾਲ ਮਸਲਾ ਉਠਾਇਆ ਹੈ ਕਿ ਨਜਾਇਜ਼ ਤੌਰ 'ਤੇ ਜਿਹੜੇ ਸਿਆਸੀ ਲੋਕ, ਬੁੱਧੀਜੀਵੀ, ਪੱਤਰਕਾਰ, ਖੱਬੇ-ਪੱਖੀ ਵਿਚਾਰਾਂ ਵਾਲੇ ਅਤੇ ਸਜ਼ਾਵਾਂ ਭੁਗਤ ਚੁੱਕੇ ਕੈਦੀ, ਜਿਨ੍ਹਾਂ ਵਿੱਚ ਸਿੱਖ ਵੀ ਹਨ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਪਿਛਲੇ ਦਿਨਾਂ ਵਿੱਚ ਜਲੰਧਰ ਸ਼ਹਿਰ ਵਿੱਚ ਵਸਦਾ ਲਤੀਫ਼ਪੁਰਾ ਮੁਹੱਲਾ ਸਰਕਾਰ ਨੇ ਜ਼ੋਰ-ਜਬਰ ਨਾਲ ਢਾਹ ਦਿੱਤਾ ਤੇ ਲੋਕ ਘਰੋਂ ਬੇਘਰ ਹੋ ਗਏ ਹਨ। ਉਨ੍ਹਾਂ ਦੀ ਵਿਸ਼ੇਸ਼ ਤੌਰ 'ਤੇ ਮਦਦ ਮਜ਼ਦੂਰਾਂ ਦਾ ਸੂਬਾਈ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਕਰ ਰਿਹਾ ਸੀ। ਕਮੇਟੀ ਨੇ ਨਿਖੇਧੀ ਕੀਤੀ ਕਿ ਸਰਕਾਰ ਨੇ ਉਸ ਨੂੰ ਹੋਰ ਕਿਸੇ ਕੇਸ ਵਿੱਚ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਡੱਕ ਦਿੱਤਾ ਹੈ, ਤਾਂ ਜੋ ਘੁੱਗਸ਼ੋਰ ਲਤੀਫ਼ਪੁਰਾ ਲੋਕਾਂ ਦੀ ਮਦਦ ਨਾ ਕਰ ਸਕੇ।



# ਮੁੱਖ ਮੰਤਰੀ ਦੇਵੀ ਤਲਾਬ ਮੰਦਰ ਹੋਏ ਨਤਮਸਤਕ

**ਮਹਾਂਸ਼ਿਵਰਾਤਰੀ ਦੀ ਦਿੱਤੀ ਵਧਾਈ**



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਸ਼ਕਤੀਪੀਠ ਸ੍ਰੀ ਦੇਵੀ ਤਲਾਬ ਮੰਦਰ ਅਤੇ ਸ੍ਰੀ ਮਹਾਂ ਲਕਸ਼ਮੀ ਮੰਦਰ ਵਿਖੇ ਮੱਥਾ ਟੇਕ ਕੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਬਾਅਦ ਦੁਪਹਿਰ ਮੰਦਰਾਂ ਵਿੱਚ ਮੱਥਾ ਟੇਕਣ ਪੁੱਜੇ ਮੁੱਖ ਮੰਤਰੀ ਨੇ ਮਹਾਂ ਸ਼ਿਵਰਾਤਰੀ ਦੇ ਤਿਉਹਾਰ 'ਤੇ ਲੋਕਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾ ਕਿਹਾ ਕਿ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਲੋਕਾਂ ਨੂੰ ਸੱਚ ਦੀ ਪ੍ਰਾਪਤੀ ਲਈ ਯਤਨਸ਼ੀਲ ਹੋਣ ਲਈ ਪ੍ਰੇਰਿਤ ਕਰਦਾ ਹੈ, ਜੋ ਭਗਵਾਨ ਸ਼ਿਵ ਦੁਆਰਾ ਦਰਸਾਈ ਗਈ ਪਰਮ ਚੇਤਨਾ ਵੱਲ ਲੈ ਜਾਂਦਾ ਹੈ। ਇਹ ਤਿਉਹਾਰ ਸ਼ਰਧਾ, ਆਪਸੀ ਪਿਆਰ ਅਤੇ ਸਦਭਾਵਨਾ ਦੀਆਂ ਕਦਰਾਂ-ਕੀਮਤਾਂ 'ਤੇ ਜ਼ੋਰ ਦਿੰਦਾ ਹੈ, ਜਿਸ ਨੂੰ ਮਹਾਨ ਭਾਰਤੀ ਸਭਿਅਤਾ ਦੇ ਆਧਾਰ ਵਜੋਂ ਜਾਣਿਆ ਜਾਂਦਾ ਹੈ। ਮੁੱਖ ਮੰਤਰੀ, ਜਿਨ੍ਹਾ ਸ੍ਰੀ ਮਹਾਂ ਲਕਸ਼ਮੀ ਮੰਦਰ 'ਚ ਸ਼ਿਵਾਲਾ ਵਿਖੇ ਪੂਜਾ ਅਰਚਨਾ ਕੀਤੀ ਤੇ ਆਸ ਪ੍ਰਗਟਾਈ ਕਿ ਇਹ ਤਿਉਹਾਰ ਸੂਬੇ ਵਿੱਚ

● ਬਾਕੀ ਸਫ਼ਾ 10 'ਤੇ

## ਅਧਿਆਪਕਾਂ ਤੇ ਪ੍ਰਿੰਸੀਪਲਾਂ ਲਈ ਹੁਣ ਸਿਖਲਾਈ ਹੋਵੇਗੀ ਜ਼ਰੂਰੀ

**ਨਵੀਂ ਦਿੱਲੀ** : ਨਵੀਂ ਰਾਸ਼ਟਰੀ ਸਿੱਖਿਆ ਨੀਤੀ (ਐੱਨ ਈ ਪੀ) ਤਹਿਤ ਸਕੂਲੀ ਸਿੱਖਿਆ ਦੀ ਗੁਣਵੱਤਾ 'ਚ ਸੁਧਾਰ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਵਿਚਾਲੇ ਸਿੱਖਿਆ ਮੰਤਰਾਲੇ ਨੇ ਇਕ ਹੋਰ ਅਹਿਮ ਕਦਮ ਚੁੱਕਿਆ ਹੈ। ਇਸ ਤਹਿਤ ਸਕੂਲਾਂ 'ਚ ਪੜ੍ਹਾਉਣ ਵਾਲੇ ਸਾਰੇ ਅਧਿਆਪਕਾਂ ਤੇ ਪ੍ਰਿੰਸੀਪਲਾਂ ਲਈ ਹੁਣ ਸਿਖਲਾਈ ਜ਼ਰੂਰੀ ਹੋਵੇਗੀ, ਜਿਹੜੀ ਉਨ੍ਹਾਂ ਨੂੰ ਐੱਨ ਈ ਪੀ ਦੇ ਅਮਲ ਹੋਣ ਤੱਕ ਹਰ ਸਾਲ ਦਿੱਤੀ ਜਾਵੇਗੀ। ਇਨ੍ਹਾਂ 'ਚ ਉਨ੍ਹਾਂ ਸਾਰੇ ਪਹਿਲੂਆਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਹੜੇ ਐੱਨ ਈ ਪੀ ਦੇ ਤਹਿਤ ਸਕੂਲਾਂ 'ਚ ਲਾਗੂ ਕੀਤੇ ਜਾ ਰਹੇ ਹਨ, ਜਾਂ ਫਿਰ ਆਉਣ ਵਾਲੇ ਨਵੇਂ ਸਕੂਲੀ ਕੋਰਸ ਦੇ ਤਹਿਤ ਪੜ੍ਹਾਏ ਜਾਣ ਵਾਲੇ ਹਨ। ਖ਼ਾਸ ਗੱਲ ਇਹ ਹੈ ਕਿ ਇਸ ਸਿਖਲਾਈ ਦੇ ਦਾਇਰੇ 'ਚ ਸਿਰਫ਼ ਸਰਕਾਰੀ ਸਕੂਲਾਂ 'ਚ ਪੜ੍ਹਾਉਣ ਵਾਲੇ ਹੀ ਅਧਿਆਪਕ ਤੇ ਪ੍ਰਿੰਸੀਪਲ ਨਹੀਂ ਆਉਣਗੇ ਬਲਕਿ ਨਿੱਜੀ ਸਕੂਲਾਂ 'ਚ ਪੜ੍ਹਾਉਣ ਵਾਲੇ ਅਧਿਆਪਕ ਤੇ ਪ੍ਰਿੰਸੀਪਲ ਵੀ ਸ਼ਾਮਲ ਹੋਣਗੇ। ਹਾਲਾਂਕਿ ਉਨ੍ਹਾਂ ਲਈ ਇਹ ਲਾਜ਼ਮੀ ਨਹੀਂ ਹੋਵੇਗਾ, ਪਰ ਸਕੂਲਾਂ ਲਈ ਤਜਵੀਜ਼ਸ਼ੁਦਾ ਗ੍ਰੇਡਿੰਗ ਵਿਵਸਥਾ 'ਚ ਇਹ ਸ਼ਾਮਲ ਹੋਵੇਗਾ। ਸਿੱਖਿਆ ਮੰਤਰਾਲੇ ਮੁਤਾਬਕ ਇਸ ਯੋਜਨਾ ਦੇ ਤਹਿਤ ਸਕੂਲਾਂ 'ਚ ਪੜ੍ਹਾਉਣ ਵਾਲੇ ਅਧਿਆਪਕਾਂ ਤੇ ਪ੍ਰਿੰਸੀਪਲਾਂ ਦੀ ਸਿਖਲਾਈ ਦਾ ਜਿਹੜਾ ਰੋਡਮੈਪ ਤਿਆਰ ਕੀਤਾ ਹੈ, ਉਸ ਤਹਿਤ ਇਹ ਹਰ ਸਾਲ ਕਰੀਬ 50 ਘੰਟੇ ਦਾ ਹੋਵੇਗਾ। ਸਿਖਲਾਈ ਲੈਣ ਵਾਲੇ ਅਧਿਆਪਕਾਂ ਦੇ ਅਕੈਡਮਿਕ ਬੈਂਕ ਆਫ ਕ੍ਰੈਡਿਟ (ਏਬੀਸੀ) 'ਚ ਇਹ ਸਿਖਲਾਈ ਦਰਜ ਵੀ ਹੋਵੇਗੀ। ਫ਼ਿਲਹਾਲ ਮੰਤਰਾਲੇ ਨੇ ਇਸ ਸਿਖਲਾਈ ਦੇ ਫ੍ਰੇਮਵਰਕ ਨੂੰ ਤਿਆਰ ਕਰਨ ਲਈ ਐੱਨ ਸੀ ਟੀ ਈ (ਨੈਸ਼ਨਲ ਕੌਂਸਲ ਆਫ ਟੀਚਰ ਐਜੂਕੇਸ਼ਨ) ਤੇ ਸੂਬਿਆਂ ਨਾਲ ਚਰਚਾ ਸ਼ੁਰੂ ਕਰ ਦਿੱਤੀ ਹੈ।

## ਕੇਦਾਰਨਾਥ ਧਾਮ ਦੇ 22 ਅਪ੍ਰੈਲ ਨੂੰ ਖੁੱਲ੍ਹਣਗੇ ਦਰਵਾਜ਼ੇ

**ਰੁਦਰਪ੍ਰਯਾਗ** : ਸ਼ਿਵਰਾਤਰੀ ਦੇ ਮੌਕੇ 'ਤੇ ਵੇਦਪਤੀ, ਹੱਕ-ਹਕੂਕਧਾਰੀ ਅਤੇ ਰਾਵਲ ਭੀਮਾਸ਼ੰਕਰ ਲਿੰਗ ਦੀ ਮੌਜੂਦਗੀ 'ਚ ਕੇਦਾਰਨਾਥ ਧਾਮ ਦੇ ਦਰਵਾਜ਼ੇ ਖੋਲ੍ਹਣ ਦੀ ਤਰੀਕ ਤੈਅ ਕੀਤੀ ਗਈ। ਸ੍ਰੀ ਕੇਦਾਰਨਾਥ ਧਾਮ ਦੇ ਦਰਵਾਜ਼ੇ 25 ਅਪ੍ਰੈਲ ਨੂੰ ਸਵੇਰੇ 6.20 ਵਜੇ ਖੁੱਲ੍ਹਣਗੇ। ਪੋਰਟਲ ਖੋਲ੍ਹਣ ਦੀ ਮਿਤੀ ਦਾ ਐਲਾਨ ਸ਼ਨੀਵਾਰ ਨੂੰ ਬਾਬਾ ਕੇਦਾਰਨਾਥ ਦੇ ਸਰਦ ਰੁੱਤ ਅਸਥਾਨ ਉਖੀਮੱਠ ਸਥਿਤ ਓਮਕਾਰੇਸ਼ਵਰ ਮੰਦਰ 'ਚ ਕੀਤਾ ਗਿਆ। ਦੂਜੇ ਪਾਸੇ, ਉੱਤਰਾਖੰਡ ਦੇ ਚਾਰਧਾਮ ਵਿੱਚ ਗੰਗੋਤਰੀ ਅਤੇ ਯਮੁਨੋਤਰੀ ਦੇ ਪੋਰਟਲ 22 ਅਪ੍ਰੈਲ ਨੂੰ ਅਤੇ ਬਦਰੀਨਾਥ ਦੇ ਪੋਰਟਲ 27 ਅਪ੍ਰੈਲ ਨੂੰ ਖੋਲ੍ਹੇ ਜਾਣੇ ਹਨ। ਕੇਦਾਰਨਾਥ ਧਾਮ ਦੇ ਦਰਵਾਜ਼ੇ ਖੋਲ੍ਹਣ ਦੀ ਤਰੀਕ ਦੇ ਐਲਾਨ ਤੋਂ ਬਾਅਦ ਇੱਥੇ ਵੀ ਯਾਤਰਾ ਦੀਆਂ ਤਿਆਰੀਆਂ ਤੇਜ਼ ਹੋ ਜਾਣਗੀਆਂ। ਪਰੰਪਰਾ ਅਨੁਸਾਰ ਹਰ ਸਾਲ ਸ਼ਿਵਰਾਤਰੀ ਦੇ ਤਿਉਹਾਰ 'ਤੇ ਪੰਚਕੇਦਾਰ ਗੱਦੀ ਸਥੱਲ ਓਮਕਾਰੇਸ਼ਵਰ ਮੰਦਰ, ਉਖੀਮੱਠ ਵਿਖੇ ਕੇਦਾਰਨਾਥ ਧਾਮ ਦੇ ਦਰਵਾਜ਼ੇ ਖੋਲ੍ਹਣ ਦੀ ਮਿਤੀ ਨਿਸਚਿਤ ਕੀਤੀ ਜਾਂਦੀ ਹੈ।



## ਲਿਵ ਇਨ 'ਚ ਰਹਿਣ ਵਾਲੇ ਲੜਕੇ-ਲੜਕੀ ਦਾ ਸਮਰਥਨ ਕਰਨ ਮਾਪੇ : ਐੱਨ ਸੀ ਡਬਲਯੂ

**ਨਵੀਂ ਦਿੱਲੀ.** ਰਾਸ਼ਟਰੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਕਿਹਾ ਕਿ ਮਾਤਾ-ਪਿਤਾ ਨੂੰ ਆਪਣੀਆਂ ਔਲਾਦਾਂ ਦੇ ਲਿਵ ਇਨ ਰਿਲੇਸ਼ਨਸ਼ਿਪ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਹਾਲੀਆ ਦਿਨਾਂ 'ਚ ਲਿਵ ਇਨ ਰਿਲੇਸ਼ਨਸ਼ਿਪ 'ਚ ਪਾਰਟਨਰ ਵੱਲੋਂ ਪ੍ਰੇਮਿਕਾ ਦੀ ਹੱਤਿਆ ਦੀਆਂ ਕਈ ਘਟਨਾਵਾਂ ਸਾਹਮਣੇ ਆਉਣ ਪਿੱਛੋਂ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦਾ ਬਿਆਨ ਸਾਹਮਣੇ ਆਇਆ ਹੈ। ਚੇਅਰਪਰਸਨ ਨੇ ਕਿਹਾ ਕਿ ਮਾਤਾ-ਪਿਤਾ ਨੂੰ ਲਿਵ ਇਨ ਰਿਲੇਸ਼ਨਸ਼ਿਪ 'ਚ ਰਹਿ ਰਹੀਆਂ ਆਪਣੀਆਂ ਸੰਤਾਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਵਿਚਾਰਾਂ ਤੇ ਭਾਵਨਾਵਾਂ ਨੂੰ ਸਾਂਝਾ ਕਰਨ ਤੋਂ ਪਰਹੇਜ਼ ਨਾ ਕਰਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ 'ਚ ਦੇਖਿਆ ਗਿਆ ਹੈ ਕਿ ਮਾਪੇ ਆਪਣੀਆਂ ਸੰਤਾਨਾਂ ਦੇ ਲਿਵ ਇਨ ਰਿਲੇਸ਼ਨਸ਼ਿਪ 'ਚ ਹੋਣ ਦਾ ਸਮਰਥਨ ਨਹੀਂ



● ਬਾਕੀ ਸਫ਼ਾ 10 'ਤੇ

## ਬਾਦਲ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਫ਼ਾਰਮ 'ਤੇ ਕੀਤੇ ਦਸਤਖਤ

**ਮਲੋਟ. (ਗੁਰਮੀਤ ਸਿੰਘ ਮੱਕੜ)**-ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੰਮੇ ਸਮੇਂ ਬਾਅਦ ਇੱਕ ਤਸਵੀਰ ਵਿਚ ਨਜ਼ਰ ਆਏ, ਜਿਸ ਵਿਚ ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਤਿਆਰ ਕੀਤੇ ਫ਼ਾਰਮ 'ਤੇ ਆਪਣੇ ਦਸਤਖਤ ਕਰ ਰਹੇ ਹਨ। ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਜਾ ਰਹੀ ਦਸਤਖ਼ਤ ਮੁਹਿੰਮ 'ਚ ਹਿੱਸਾ ਲੈਂਦਿਆਂ ਸ਼ਨੀਵਾਰ ਪਿੰਡ ਬਾਦਲ ਦੇ ਗੁਰੂਘਰ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੇ ਫ਼ਾਰਮ 'ਤੇ ਦਸਤਖ਼ਤ ਕਰਕੇ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਪੰਥ ਦੇ ਜਜ਼ਬਾਤਾਂ ਦੀ ਕਦਰ ਕਰਦਿਆਂ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰਨ ਲਈ ਅਪੀਲ ਕੀਤੀ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਇਸ ਮੁਹਿੰਮ ਨੂੰ ਘਰ-ਘਰ ਪਹੁੰਚਾ ਕੇ ਆਉਂਦੀ ਵਿਸਾਖੀ ਤੱਕ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵੀ ਜ਼ਿੰਮੇਵਾਰੀਆਂ ਸੌਂਪੀਆਂ ।



## ਨਿੱਕੀ ਯਾਦਵ ਹੱਤਿਆ-ਸਾਹਿਲ ਦਾ ਪਿਤਾ, ਦੋ ਰਿਸ਼ਤੇਦਾਰ ਤੇ ਦੋਸਤ ਗ੍ਰਿਫ਼ਤਾਰ



**ਨਵੀਂ ਦਿੱਲੀ** : ਪੁਲਸ ਨੇ ਨਿੱਕੀ ਯਾਦਵ ਦੀ ਹੱਤਿਆ ਦੇ ਮਾਮਲੇ 'ਚ ਸਾਹਿਲ ਗਹਿਲੋਤ (24) ਦੇ ਪਿਤਾ, ਉਸ ਦੇ ਦੋ ਰਿਸ਼ਤੇਦਾਰਾਂ ਅਤੇ ਦੋ ਦੋਸਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਾਹਿਲ ਗਹਿਲੋਤ ਨੂੰ ਪੁਲਸ ਨਿੱਕੀ ਯਾਦਵ ਦੀ ਹੱਤਿਆ ਦੇ ਦੋਸ਼ 'ਚ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਵਿਸ਼ੇਸ਼ ਪੁਲਸ ਕਮਿਸ਼ਨਰ (ਅਪਰਾਧ) ਰਵਿੰਦਰ ਯਾਦਵ ਨੇ ਕਿਹਾ ਕਿ ਗਹਿਲੋਤ ਦੇ ਪਿਤਾ ਵੀਰੇਂਦਰ ਸਿੰਘ, ਰਿਸ਼ਤੇ 'ਚ ਲੱਗਦੇ ਦੋ ਭਰਾਵਾਂ ਅਸ਼ੀਸ਼ ਅਤੇ ਨਵੀਨ ਅਤੇ ਸਾਹਿਲ ਦੇ ਦੋ ਦੋਸਤਾਂ ਅਮਰ ਅਤੇ ਲੋਕੇਸ਼ ਤੋਂ

● ਬਾਕੀ ਸਫ਼ਾ 10 'ਤੇ

## ਮੁੱਖ ਮੰਤਰੀ ਦੀ ਕੋਠੀ ਅੱਗੇ ਅਧਿਆਪਕਾਂ 'ਤੇ ਲਾਠੀਚਾਰਜ

**ਸੰਗਰੂਰ, (ਪ੍ਰਵੀਨ ਸਿੰਘ)**-ਸੰਗਰੂਰ ਵਿਖੇ 4161 ਮਾਸਟਰ ਕੇਡਰ ਅਧਿਆਪਕਾਂ ਵੱਲੋਂ ਸਟੇਸ਼ਨਾਂ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਗਿਆ। ਸ਼ਨੀਵਾਰ ਸਵੇਰੇ ਹੀ ਇੱਥੇ ਮੁੱਖ ਮੰਤਰੀ ਦੀ ਕੋਠੀ ਲਾਗੇ ਹੀ ਸਥਾਨਕ ਵੇਰਕਾ ਮਿਲਕ ਪਲਾਂਟ ਵਿੱਚ ਪੰਜਾਬ ਭਰ ਵਿੱਚੋਂ ਇਕੱਤਰ ਹੋਏ ਅਧਿਆਪਕਾਂ ਨੇ ਆਪਣੇ ਸਟੇਸ਼ਨ ਅਲਾਟ ਕਰਨ ਦੀ ਮੰਗ ਨੂੰ ਲੈ ਕੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਗਈ। ਇਸ ਰੋਸ ਰੈਲੀ ਕਰਨ ਤੋਂ ਬਾਅਦ ਭਗਵੰਤ ਮਾਨ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਗਿਆ। ਜਦੋਂ ਹੀ ਇਹ



● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਮਿਲੇ ਮੁੱਦਾ ਨਾ ਜਦੋਂ ਕੋਈ ਬਹਿਸ ਖਾਤਰ,
ਭ੍ਰਿਸ਼ਟਾਚਾਰ ਦੀ ਚਰਚਾ ਫਿਰ ਕਰੋ ਮੀਆਂ।
ਹਾਕਮ ਧਿਰ ਦਾ ਆਗੂ ਕੋਈ ਚੰਡਣੇ ਲਈ,
ਲਾਈ ਜਾਉ ਦੋਸ਼ ਤੇ ਕਦੇ ਨਾ ਡਰੋ ਮੀਆਂ।
ਆਪੋਜ਼ੀਸ਼ਨ ਦਾ ਆਗੂ ਕੋਈ ਪਕੜ ਪਿੱਛੋਂ,
ਚੁਣਵੇਂ ਦੋਸ਼ ਫਿਰ ਉਹਦੇ 'ਤੇ ਧਰੋ ਮੀਆਂ।
ਦੋਵੇਂ ਪੱਖਾਂ 'ਚੋਂ ਅੱਖ ਕੋਈ ਮਾਰ ਦਏ ਤਾਂ,
ਝਿਜਕੇ ਬਿਨਾਂ ਫਿਰ ਚੋਗਾ ਵੀ ਚਰੋ ਮੀਆਂ।
ਚੱਲਦੀ ਬਹਿਸ ਵਿੱਚ ਜ਼ੋਰਾਂ ਦੇ ਨਾਲ ਆਖੋ,
ਦੋਵਾਂ ਈ ਪੱਖਾਂ ਦੇ ਗਲਤ ਆ ਲੋਕ ਮੀਆਂ।
ਬਚ ਗਏ ਅਸੀਂ ਇਕੱਲੇ ਆਂ ਸਾਫ-ਸੁਥਰੇ,
ਬੋਲਣਾ ਏਦਾਂ ਜਿਉਂ ਬੜ੍ਹਕਦੇ ਬੋਕ ਮੀਆਂ।

-ਤੀਸ ਮਾਰ ਖਾਂ

# ਬਿਕਰਮ ਮਜੀਠੀਆ ਝੂਠਾਂ ਦੀ ਪੰਡ : ਕੰਗ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਰੇਤ ਮਾਫੀਆ ਅਤੇ ਰਾਕੇਸ਼ ਚੌਧਰੀ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਉਠਾਏ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾ ਝੂਠੇ ਦਸਤਾਵੇਜ਼ ਆਪਣੀ ਪ੍ਰੈੱਸ ਕਾਨਫਰੰਸ ਵਿੱਚ ਪੇਸ਼ ਕਰਕੇ ਅਤੇ ਘਟੀਆ ਚੁਟਕਲੇ ਸੁਣਾ ਕੇ 'ਆਪ' ਦੀ ਇਮਾਨਦਾਰ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿ ਬੁਰੀ ਤਰ੍ਹਾਂ ਨਾਕਾਮ ਰਹੀ। ਸ਼ਨੀਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਰੇਤ ਮਾਫੀਆ ਦਾ ਬੋਲਬਾਲਾ ਅਕਾਲੀ ਦਲ ਦੀ 2007 ਵਾਲੀ ਸਰਕਾਰ ਤੋਂ ਸ਼ੁਰੂ ਹੋਇਆ। ਇਨ੍ਹਾਂ ਨੇ ਹੀ ਰੇਤ ਮਾਫੀਏ ਦੀ ਪੁਸ਼ਤਪਨਾਹੀ ਕਰ ਉਨ੍ਹਾਂ ਨੂੰ ਪੰਜਾਬ ਵਿੱਚ ਏਕਾਧਿਕਾਰ ਦਿੱਤਾ ਅਤੇ ਗੁੰਡਾ ਪਰਚੀ ਅਤੇ ਟਰਾਂਸਪੋਰਟ ਮਾਫੀਆ ਵਰਗੀਆਂ ਜੋਕਾਂ ਨੇ ਜਨਮ ਲਿਆ। ਉਨ੍ਹਾ ਕਿਹਾ ਕਿ ਇਹ ਗੱਲ ਵੀ ਮੰਨਣ ਵਾਲੀ ਹੈ, ਜਿਨ੍ਹਾਂ ਰੇਤ ਮਾਫੀਆ ਵਰਗੀਆਂ ਬਿਮਾਰੀਆਂ ਪੰਜਾਬ ਦੇ ਸਿਸਟਮ ਨੂੰ ਲਾਈਆਂ ਅਤੇ ਜਿਨ੍ਹਾਂ ਇਸ ਰਾਹੀਂ ਪੰਜਾਬ ਦਾ ਸਰਮਾਇਆ ਲੁੱਟਿਆ, ਅੱਜ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਦਾ ਕੱਖ ਨਹੀਂ ਛੱਡਿਆ। ਰਾਕੇਸ਼ ਚੌਧਰੀ ਦੇ ਮਾਮਲੇ ਦੇ ਸੰਬੰਧ ਵਿੱਚ ਦਸਤਾਵੇਜ਼ਾਂ ਦੀ ਕਾਪੀ ਮੀਡੀਆ ਅੱਗੇ ਪੇਸ਼ ਕਰਦਿਆਂ ਮਲਵਿੰਦਰ ਕੰਗ ਨੇ ਕਿਹਾ ਕਿ ਕਾਂਗਰਸ ਨੇ 2019 ਵਿੱਚ ਰਾਕੇਸ਼ ਚੌਧਰੀ ਨਾਲ ਤਿੰਨ ਸਾਲ ਲਈ ਕੰਟਰੈਕਟ ਕੀਤਾ। ਉਸ ਤੋਂ ਬਾਅਦ ਕੋਵਿਡ ਕਾਰਨ ਬਹੁਤ ਸਾਰੇ ਠੇਕੇਦਾਰਾਂ ਨੂੰ ਮਾਣਯੋਗ ਅਦਾਲਤਾਂ ਨੇ ਵਾਧੂ ਮਿਆਦ ਦਿੱਤੀ। ਰਾਕੇਸ਼ ਚੌਧਰੀ ਦਾ ਠੇਕਾ ਮਾਰਚ 2023 ਤੱਕ ਸੀ। 2021 ਵਿੱਚ ਹੀ ਕਰੋੜਾਂ ਦੀ ਦੇਣਦਾਰੀ ਅਤੇ ਉਲੰਘਣਾ ਕਰਨ ਕਾਰਨ ਹੀ ਉਹ ਡਿਫਾਲਟਰ ਹੋ ਗਿਆ, ਪਰ ਕਾਂਗਰਸ ਸਰਕਾਰ ਨੇ ਉਸ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾ ਦੱਸਿਆ ਕਿ ਮਾਰਚ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ, ਪਰ ਪਹਿਲਾਂ ਤੋਂ ਕੀਤੇ ਇਕਰਾਰਨਾਮੇ ਅਤੇ ਦਿੱਤੇ ਠੇਕਿਆਂ ਨੂੰ ਨਵੀਂ ਸਰਕਾਰ ਨੂੰ ਵਿੱਤੀ ਸਾਲ ਦੇ ਅੰਤ ਤੱਕ ਜਾਰੀ ਰੱਖਣਾ ਪੈਂਦਾ ਹੈ, ਪਰ ਫਿਰ ਵੀ ਮਾਨ ਸਰਕਾਰ ਨੇ ਰਾਕੇਸ਼ ਚੌਧਰੀ ਵੱਲੋਂ ਕੀਤੀਆਂ ਅਨਿਯਮਤਾਵਾਂ ਦੇ ਮੱਦੇਨਜ਼ਰ 24-08-2022 ਨੂੰ ਉਸ ਦਾ ਠੇਕਾ ਖਤਮ ਕਰ ਦਿੱਤਾ। ਉਸ ਨੇ ਇਸ ਦੇ ਵਿਰੋਧ ਵਿੱਚ ਮਾਣਯੋਗ ਹਾਈ ਕੋਰਟ ਵਿਚ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਤਾਂ ਕੋਰਟ ਨੇ 28-09-2022 ਪੰਜਾਬ ਸਰਕਾਰ ਨੂੰ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਜਾਰੀ ਕਰਨ ਦੇ ਆਦੇਸ਼ ਦੇ ਨਾਲ-ਨਾਲ ਪੰਜਾਬ ਖਾਣਾਂ ਐਕਟ 2011 ਦੇ ਨਿਯਮ 68 ਅਨੁਸਾਰ ਕਾਰਵਾਈ ਕਰਨ ਦੀ ਇਜਾਜ਼ਤ ਵੀ ਦਿੱਤੀ। ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਸੇ ਦਿਨ ਮਿਤੀ 28-09-2022 ਨੂੰ ਰਾਕੇਸ਼ ਚੌਧਰੀ ਨੂੰ ਨੋਟਿਸ ਜਾਰੀ ਕਰ ਦਿੱਤਾ। ਰਾਕੇਸ਼ ਚੌਧਰੀ ਨੂੰ ਉਲੰਘਣਾ ਕਰਨ 'ਤੇ ਜ਼ਿਲ੍ਹਾ ਕੋਰਟ ਵੱਲੋਂ 12 ਕਰੋੜ ਦਾ ਜੁਰਮਾਨਾ ਵੀ ਲਗਾਇਆ ਗਿਆ ਸੀ, ਜਿਹੜਾ ਉਸ ਨੇ 2021 ਤੋਂ ਲੈ ਕੇ ਹਾਲੇ ਤੱਕ ਜਮ੍ਹਾਂ ਨਹੀਂ ਕਰਵਾਇਆ। ਮਾਨ ਸਰਕਾਰ ਦੀ ਕਾਰਵਾਈ ਕਾਰਨ ਅਤੇ ਕੋਰਟ ਦੇ ਆਦੇਸ਼ਾਂ ਅਨੁਸਾਰ ਉਹ 28-10-2022 ਨੂੰ ਇੱਕ ਮਹੀਨੇ ਦੇ ਅੰਦਰ 6 ਕਰੋੜ ਰੁਪਏ ਜਮ੍ਹਾਂ ਕਰਵਾਉਣ ਲਈ ਤਿਆਰ ਹੋਇਆ ਅਤੇ ਸਰਕਾਰ ਨੇ ਹੁਣ ਉਸ ਤੋਂ ਲੱਗਭਗ ਢਾਈ ਕਰੋੜ ਰੁਪਏ ਪੇਸ਼ਗੀ ਵੀ ਜਮ੍ਹਾਂ ਕਰਵਾਈ ਹੈ। ਕੰਗ ਨੇ ਕਿਹਾ ਕਿ ਰੇਤ ਮਾਫੀਆ ਅਕਾਲੀ-ਭਾਜਪਾ ਸਰਕਾਰ ਦੀ ਦੇਣ ਹੈ ਅਤੇ ਰਾਕੇਸ਼ ਚੌਧਰੀ ਵਰਗੇ ਲੋਕਾਂ ਨੂੰ ਠੇਕੇ ਕਾਂਗਰਸ ਨੇ ਦਿੱਤੇ। ਇਹ ਦੋਵੇਂ ਰਲ-ਮਿਲ ਕੇ ਪੰਜਾਬ ਦੇ ਲੋਕਾਂ ਨੂੰ ਲੁੱਟਦੇ ਰਹੇ ਹਨ। ਮਾਨ ਸਰਕਾਰ ਨੇ ਸੱਤਾ ਵਿੱਚ ਆਉਂਦਿਆਂ ਹੀ ਰਾਕੇਸ਼ ਚੌਧਰੀ ਖਿਲਾਫ ਐੱਫ ਆਈ ਆਰ ਦਰਜ ਕੀਤੀਆਂ, ਉਸ ਨੂੰ ਗ੍ਰਿਫ਼ਤਾਰ ਕੀਤਾ, ਕੋਰਟ ਤੋਂ ਉਸ ਨੂੰ ਜ਼ਮਾਨਤ ਮਿਲੀ, ਉਸ ਤੋਂ ਜੁਰਮਾਨਾ ਭਰਵਾਇਆ ਅਤੇ ਉਸ ਦੇ ਠੇਕੇ ਨੂੰ ਖਤਮ ਕਰਨ ਲਈ ਨੋਟਿਸ ਜਾਰੀ ਕੀਤਾ। ਇਸ ਸਭ ਤੋਂ ਸਾਰਾ ਸੱਚ ਪੰਜਾਬ ਦੀ ਜਨਤਾ ਸਾਹਮਣੇ ਹੈ ਕਿ ਕੌਣ ਪੰਜਾਬ ਦੇ ਸਰਮਾਏ ਨੂੰ ਲੁੱਟਦਾ ਰਿਹਾ ਅਤੇ ਕੌਣ ਇਸ ਦੇ ਹਿੱਤ ਲਈ ਕੰਮ ਕਰ ਰਿਹਾ ਹੈ।



ਕੰਗ ਨੇ ਕਿਹਾ ਕਿ ਅਸਲ ਵਿੱਚ ਸਰਕਾਰੀ ਖੱਡਾਂ ਚਾਲੂ ਹੋ ਜਾਣ ਕਾਰਨ ਵਪਾਰਕ ਖੱਡਾਂ ਦੀ ਲੁੱਟ 'ਤੇ ਰੋਕ ਲੱਗੀ ਹੈ। ਉਨ੍ਹਾਂ ਨੂੰ ਮਜਬੂਰਨ ਰੇਤ ਦੇ ਰੇਟ ਘਟਾਉਣੇ ਪੈ ਗਏ। ਸਿਸਟਮ ਪਾਰਦਰਸ਼ੀ ਹੋਣ ਨਾਲ ਗੁੰਡਾ ਪਰਚੀ ਅਤੇ ਟਰਾਂਸਪੋਰਟ ਮਾਫੀਆ ਵੀ ਖਤਮ ਹੋਇਆ। ਇਸ ਨਾਲ ਮਜੀਠੀਆ ਦੇ ਸਾਥੀਆਂ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਇਸੇ ਕਰਕੇ ਹੀ ਮਜੀਠੀਆ ਨੂੰ ਤਕਲੀਫ ਹੋ ਰਹੀ ਹੈ ਅਤੇ ਉਹ ਮਾਨ ਸਰਕਾਰ ਨੂੰ ਬਦਨਾਮ ਕਰਨ ਲਈ ਝੂਠ ਬੋਲ ਰਹੇ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨਿੱਜੀ ਸ਼ਬਦੀ ਵਾਰ 'ਤੇ ਪ੍ਰਤੀਕਿਰਿਆ ਦਿੰਦਿਆਂ ਕੰਗ ਨੇ ਕਿਹਾ, 'ਜਿਸ ਭਾਜਪਾ ਨਾਲ ਮਿਲ ਕੇ ਅਕਾਲੀ ਦਲ ਨੇ ਕਿਸਾਨ ਵਿਰੋਧੀ ਕਾਲੇ ਖੇਤੀ ਬਿੱਲ ਪਾਸ ਕੀਤੇ ਸਨ, ਮੈਂ ਉਸ ਪਾਰਟੀ ਨੂੰ ਲੱਤ ਮਾਰ ਕੇ ਆਇਆਂ ਹਾਂ। ਮੈਂ ਹਮੇਸ਼ਾ ਪੰਜਾਬ ਦੇ ਪੱਖ ਵਿੱਚ ਖੜ੍ਹਾ ਹਾਂ।' ਉਨ੍ਹਾ ਬਿਕਰਮ ਮਜੀਠੀਆ ਨੂੰ ਝੂਠ ਬੋਲਣ ਅਤੇ ਘਟੀਆ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਮਾਨ ਸਰਕਾਰ ਪੰਜਾਬ ਹਿਤੈਸ਼ੀ ਅਤੇ ਲੋਕ-ਪੱਖੀ ਸਰਕਾਰ ਹੈ ਅਤੇ ਆਮ ਲੋਕਾਂ ਦੇ ਭਲੇ ਨੂੰ ਮੱਦੇਨਜ਼ਰ ਰੱਖ ਕੇ ਹੀ ਕੰਮ ਕਰ ਰਹੀ ਹੈ।

# ਪੰਜਾਬ ਵਿਧਾਨ ਸਭਾ 'ਚ ਗੂੰਜੇਗਾ ਦਵਾਈਆਂ 'ਚ ਲੋਕਾਂ ਦੀ ਹੋ ਰਹੀ ਅੰਨ੍ਹੀਂ ਲੁੱਟ ਦਾ ਮੁੱਦਾ

## ਸਪੀਕਰ ਸੰਧਵਾਂ ਨੇ 21 ਨੂੰ ਵਿਧਾਨ ਸਭਾ 'ਚ ਸੱਦੀ ਉੱਚ ਪੱਧਰੀ ਮੀਟਿੰਗ

**ਮੋਗਾ (ਅਮਰਜੀਤ ਬੱਬਰੀ)**-ਕੈਂਸਰ ਸਮੇਤ ਵੱਖ ਵੱਖ ਬਿਮਾਰੀਆਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਐਥੀਕਲ ਤੇ ਜੈਨਰਿਕ ਦਵਾਈਆਂ 'ਤੇ ਕੰਪਨੀਆਂ ਵੱਲੋਂ ਮਨਮਰਜ਼ੀ ਦੇ ਰੇਟ ਪ੍ਰਿੰਟ ਕਰਨ ਤੇ ਅਸਲ ਕੀਮਤ ਨਾਲੋਂ ਕਈ ਗੁਣਾਂ ਵੱਧ ਰੇਟ 'ਤੇ ਵੇਚ ਕੇ ਆਮ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਦਾ ਮੁੱਦਾ ਜਲਦ ਹੀ ਪੰਜਾਬ ਵਿਧਾਨ ਸਭਾ ਵਿੱਚ ਗੂੰਜਦਾ ਸੁਣਾਈ ਦੇਵੇਗਾ। ਇਸ ਸਬੰਧੀ ਲੰਬੇ ਸਮੇਂ ਤੋਂ ਦਵਾਈਆਂ ਦੇ ਐੱਮ ਆਰ ਪੀ ਠੀਕ ਕਰਵਾਉਣ ਲਈ ਲੜਾਈ ਲੜ ਰਹੀ ਸਮਾਜ ਸੇਵੀ ਸੰਸਥਾ ਭਾਈ ਘਨੱ੍ਹਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜ਼ਾ ਵੱਲੋਂ ਕਰੀਬ ਇੱਕ ਮਹੀਨਾ ਪਹਿਲਾਂ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਡਿਪਟੀ ਸਪੀਕਰ ਜੈ ਸਿੰਘ ਰੋੜੀ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਢੁੱਕਵੇਂ ਕਦਮ ਚੁੱਕਣ ਦੀ ਮੰਗ ਕੀਤੀ ਗਈ ਸੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਦਫਤਰ ਵੱਲੋਂ ਜਾਰੀ ਪੱਤਰ ਅਨੁਸਾਰ 21 ਫਰਵਰੀ ਨੂੰ ਪੰਜਾਬ ਵਿਧਾਨ ਦੇ ਮੈਂਬਰਾਂ ਨੂੰ ਇਸ ਮੁੱਦੇ ਤੋਂ ਜਾਣੂ ਕਰਵਾਉਣ ਤੇ ਮਸਲੇ ਦੇ ਹੱਲ ਲਈ ਵਿਧਾਨ ਸਭਾ ਦੇ ਅੰਦਰ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਹੈ, ਜਿਸ ਵਿੱਚ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ, ਸੰਸਦੀ ਮਾਮਲੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ, ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ, ਡਿਪਟੀ ਸਪੀਕਰ ਜੈ ਸਿੰਘ ਰੋੜੀ, ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰਾਂ, ਪ੍ਰਮੁੱਖ ਸਕੱਤਰ ਸਿਹਤ ਤੇ ਪਰਵਾਰ ਭਲਾਈ, ਉਦਯੋਗ ਤੇ ਵਪਾਰ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ, ਮਿਸ਼ਨ ਡਾਇਰੈਕਟਰ ਐੱਨ ਐੱਚ ਐੱਮ, ਡਾਇਰੈਕਟਰ ਉਦਯੋਗ ਅਤੇ ਵਪਾਰ ਪੰਜਾਬ, ਡਰੱਗ ਕੰਟਰੋਲਰ ਪੰਜਾਬ, ਡਾਇਰੈਕਟਰ ਪੀ ਜੀ ਆਈ ਚੰਡੀਗੜ੍ਹ ਤੇ ਬਠਿੰਡਾ, ਵਾਈਸ ਚਾਂਸਲਰ ਬਾਬਾ ਫਰੀਦ ਯੂਨੀਵਰਸਿਟੀ, ਪ੍ਰਧਾਨ ਆਈ ਐੱਮ ਏ ਪੰਜਾਬ ਤੇ ਚੰਡੀਗੜ੍ਹ, ਪ੍ਰਧਾਨ ਫਾਰਮੇਸੀ ਕੌਂਸਲ ਪੰਜਾਬ, ਚੇਅਰਮੈਨ ਹੋਮਿਓਪੈਥੀ ਕੌਂਸਲ, ਚੇਅਰਮੈਨ ਰੈੱਡ ਕਰਾਸ ਸੁਸਾਇਟੀ ਪੰਜਾਬ, ਡਾਇਰੈਕਟਰ ਤੇ ਚੇਅਰਮੈਨ ਡੀ ਐੱਮ ਸੀ ਤੇ ਸੀ ਐੱਮ ਸੀ ਲੁਧਿਆਣਾ, ਡਾ. ਬਿਸ਼ਵ ਮੋਹਨ, ਡਾ. ਗਗਨਦੀਪ ਸਿੰਘ, ਭਾਈ ਘਨੱ੍ਹਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜ਼ਾ, ਰੂਰਲ ਐੱਨ ਜੀ ਓ ਮੋਗਾ ਦੇ ਚੀਫ ਪੈਟਰਨ ਤੇ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ, ਸਮਾਜ ਸੇਵੀ ਡਾ. ਮਨਜੀਤ ਜੌੜਾ, ਸਮਾਜ ਸੇਵੀ ਗੁਰਵਿੰਦਰ ਸ਼ਰਮਾ ਬਠਿੰਡਾ, ਐਡਵੋਕੇਟ ਐੱਚ ਸੀ ਅਰੋੜਾ ਤੋਂ ਇਲਾਵਾ ਕਈ ਦਵਾਈ ਕੰਪਨੀਆਂ ਦੇ ਪ੍ਰਬੰਧਕਾਂ ਤੇ ਮਾਲਕਾਂ ਨੂੰ ਵੀ ਬੁਲਾਇਆ ਗਿਆ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਚੰਦਬਾਜ਼ਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਲੰਬੇ ਸਮੇਂ ਤੋਂ ਇਹ ਲੜਾਈ ਲੜੀ ਜਾ ਰਹੀ ਹੈ, ਜਿਸ ਵਿੱਚ ਕੈਂਸਰ ਦੀਆਂ 42 ਤਰ੍ਹਾਂ ਦੀਆਂ ਦਵਾਈਆਂ ਦੇ ਰੇਟ ਘੱਟ ਕੀਤੇ ਗਏ ਸਨ। ਹਾਲੇ ਵੀ ਬਹੁਤ ਸਾਰੀਆਂ ਦਵਾਈਆਂ ਅਜਿਹੀਆਂ ਹਨ, ਜਿਨ੍ਹਾਂ ਦੇ ਪ੍ਰਿੰਟ ਰੇਟ ਤੇ ਅਸਲ ਕੀਮਤ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੈ, ਜਿਸ ਕਾਰਨ ਆਮ ਲੋਕਾਂ ਦੀ ਲੁੱਟ ਹੋ ਰਹੀ ਹੈ। ਉਨ੍ਹਾ ਆਮ ਲੋਕਾਂ, ਕੈਮਿਸਟਾਂ ਤੇ ਡਾਕਟਰਾਂ ਨੂੰ ਵੀ ਇਸ ਜਾਇਜ਼ ਲੜਾਈ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ।

# ਖੰਡ ਮਿੱਲ ਤੋਂ ਅਦਾਇਗੀ ਲਈ ਗੰਨਾ ਕਾਸ਼ਤਕਾਰਾਂ ਦਾ ਧਰਨਾ ਜਾਰੀ

## ਧਰਨੇ ਦੌਰਾਨ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



ਪੁਤਲਾ ਸਾੜਦੇ ਹੋਏ ਗੰਨਾ ਕਾਸ਼ਤਕਾਰ।

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਗੰਨਾ ਕਾਸ਼ਤਕਾਰਾਂ ਨੇ ਧੂਰੀ ਖੰਡ ਮਿੱਲ ਵੱਲੋਂ ਗੰਨੇ ਦੀ ਅਦਾਇਗੀ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਤਹਿਸੀਲ ਦਫ਼ਤਰ ਅੱਗੇ ਦਿੱਤੇ ਜਾ ਰਹੇ ਧਰਨੇ ਦੇ ਤੀਸਰੇ ਦਿਨ ਪੰਜਾਬ ਸਰਕਾਰ ਦਾ ਸਥਾਨਕ ਕੱਕੜਵਾਲ ਚੌਂਕ ਵਿਖੇ ਪੁਤਲਾ ਫੂਕਿਆ ਗਿਆ। ਇਸ ਮੌਕੇ ਗੰਨਾ ਕਾਸ਼ਤਕਾਰ ਸੰਘਰਸ਼ ਕਮੇਟੀ ਦੇ ਕਨਵੀਨਰ ਹਰਜੀਤ ਸਿੰਘ ਬੁਗਰਾ ਤੇ ਅਵਤਾਰ ਸਿੰਘ ਤਾਰੀ ਭੁੱਲਰਹੇੜੀ ਨੇ ਕਿਹਾ ਕਿ ਧੂਰੀ ਸ਼ੂਗਰ ਮਿੱਲ ਨੂੰ ਗੰਨਾ ਦੇਣ ਵਾਲੇ ਕਿਸਾਨ ਪਿਛਲੇ ਲੰਮੇ ਸਮੇਂ ਤੋਂ ਅਦਾਇਗੀ ਨਾ ਕੀਤੇ ਜਾਣ ਕਾਰਨ ਪੀੜਤ ਚੱਲੇ ਆ ਰਹੇ ਹਨ ਅਤੇ ਤਿੰਨ ਦਿਨਾਂ ਤੋਂ ਧਰਨੇ 'ਤੇ ਬੈਠਣ ਦੇ ਬਾਵਜੂਦ ਕੋਈ ਵੀ ਪ੍ਰਸ਼ਾਸਨਕ ਅਧਿਕਾਰੀ ਅਤੇ ਸੱਤਾਧਾਰੀ ਆਗੂ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ, ਜਿਸ ਤੋਂ ਅੱਕ ਕੇ ਅੱਜ ਸਾਨੂੰ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਖੰਡ ਮਿੱਲ ਵੱਲ ਕਰੀਬ 26 ਲੱਖ 32 ਹਜ਼ਾਰ ਰੁਪੈ ਦੀ ਤਾਜ਼ਾ ਲੰਘੇ ਸੀਜ਼ਨ ਦੀ ਰਕਮ ਬਕਾਇਆ ਖੜੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼ੂਗਰ ਮਿੱਲ ਦੇ ਪ੍ਰਬੰਧਕਾਂ ਨੇ ਕੱਲ੍ਹ ਤੱਕ ਸਾਡੀਆਂ ਅਦਾਇਗੀਆਂ ਨਾ ਕੀਤੀਆਂ ਤਾਂ ਉਹ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨਗੇ, ਜਿਸ ਕਾਰਨ ਸਰਕਾਰ ਦੀ ਕੁਰਸੀ ਵੀ ਹਿੱਲੇਗੀ।

# ਅਣ-ਅਧਿਕਾਰਤ ਕਲੋਨੀਆਂ ਤੇ ਇਤਰਾਜ਼ਹੀਣਤਾ ਸਰਟੀਫਿਕੇਟ ਸੰਬੰਧੀ ਜ਼ਮੀਨ ਮਾਲਕਾਂ ਤੇ ਆਮ ਲੋਕਾਂ 'ਤੇ ਹੋਏ ਕੇਸ ਰੱਦ ਕੀਤੇ ਜਾਣ : ਚੌਹਾਨ

## ਸ਼ਹਿਰੀ ਪ੍ਰੌਪਰਟੀ ਦੀ ਖਰੀਦ/ਵੇਚ ਦੇ ਐੱਨ.ਓ.ਸੀ., ਰੇਲਵੇ ਫਾਟਕ ਨੰਬਰ 206 ਸੰਬੰਧੀ ਤੇ ਟੋਬੇ ਦੀ ਸਫਾਈ ਤੇ ਕੂੜਾ ਡੰਪ ਆਦਿ ਮੰਗਾਂ ਨੂੰ ਲੈ ਕੇ ਸੀ.ਪੀ.ਆਈ. ਨੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)** : ਅਣ-ਅਧਿਕਾਰਤ ਕਲੌਨੀਆਂ ਤੇ ਇਤਰਾਜ਼ਹੀਣਤਾ ਸਰਟੀਫਿਕੇਟ (ਐੱਨ.ਓ.ਸੀ.) ਦੇਣ ਦੇ ਮਾਮਲੇ ਵਿੱਚ ਜ਼ਮੀਨ ਮਾਲਕਾਂ ਤੇ ਆਮ ਲੋਕਾਂ 'ਤੇ ਹੋਏ ਕੇਸ ਦਰਜ, ਸ਼ਹਿਰ ਦੀ ਪ੍ਰੌਪਰਟੀ ਦੀ ਖਰੀਦ/ਵੇਚ ਸਮੇਂ ਨਗਰ ਕੌਂਸਲ ਤੇ ਤਹਿਸੀਲ ਦਫ਼ਤਰ ਵਿੱਚ ਹੋ ਰਹੀ ਖੱਜਲ-ਖੁਆਰੀ ਨੂੰ ਰੋਕਣ, ਰੇਲਵੇ ਫਾਟਕ 206 ਨੂੰ ਬੰਦ ਕਰਨ ਦਾ ਬਦਲਵਾਂ ਪ੍ਰਬੰਧ ਤੇ ਟੋਬੇ ਦੀ ਸਫਾਈ ਤੇ ਕੂੜਾ ਡੰਪ ਚੁੱਕਣ ਆਦਿ ਮੰਗਾਂ ਨੂੰ ਲੈ ਕੇ ਸੀ.ਪੀ.ਆਈ. ਸ਼ਹਿਰੀ ਸਕੱਤਰ ਰਤਨ ਭੋਲਾ, ਮੀਤ ਸਕੱਤਰ ਨਰੇਸ਼ ਬੁਰਜ ਹਰੀ, ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਮੰਗ ਪੱਤਰ ਤਹਿਸੀਲਦਾਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ। ਇਸ ਸਮੇਂ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਮੁੱਖ ਮੰਤਰੀ ਪੰਜਾਬ ਤੋਂ ਮਾਨਸਾ ਅੰਦਰ ਅਣ-ਅਧਿਕਾਰਤ ਕਲੌਨੀਆਂ ਤੇ ਜਾਲ੍ਹੀ ਐੱਨ.ਓ.ਸੀ. ਸਬੰਧੀ ਜੋ ਜ਼ਮੀਨ ਮਾਲਕਾਂ ਤੇ ਆਮ ਲੋਕਾਂ 'ਤੇ ਕੇਸ ਦਰਜ ਕੀਤਾ ਗਿਆ ਹੈ, ਉਸ ਦੀ ਬਾਰੀਕੀ ਨਾਲ ਪੜਤਾਲ ਕਰਕੇ ਕੇਸ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾ ਕਿਹਾ ਕਿ ਮਾਨਸਾ ਜ਼ਿਲ੍ਹੇ ਬਣੇ ਨੂੰ ਬੇਸ਼ੱਕ ਲਗਭਗ 30 ਸਾਲ ਹੋ ਚੁੱਕੇ ਹਨ ਅਤੇ ਸ਼ਹਿਰ ਅੰਦਰ ਸਹੂਲਤਾਂ ਪੱਖ ਤੋਂ ਪੂਰੀ ਤਰ੍ਹਾਂ ਕਮਜ਼ੋਰ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰੌਪਰਟੀ ਦੀ ਖਰੀਦ/ਵੇਚ ਸੰਬੰਧੀ ਜੋ ਨਗਰ ਕੌਂਸਲ ਵੱਲੋਂ ਐੱਨ.ਓ.ਸੀ. ਜਾਰੀ ਕੀਤਾ ਜਾਂਦਾ ਹੈ, ਉਸ ਦੇ ਸੰਬੰਧ ਵਿੱਚ ਆਮ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਐੱਨ.ਓ.ਸੀ. ਦੀ ਦੇਰੀ ਤੇ ਅਧਿਕਾਰੀਆਂ ਦੀ ਲਾਪ੍ਰਵਾਹੀ ਕਾਰਨ ਪ੍ਰੌਪਰਟੀ ਦੀ ਖਰੀਦ/ਵੇਚ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਐੱਨ.ਓ.ਸੀ. ਦੀਆਂ ਸ਼ਰਤਾਂ ਨੂੰ ਸੁਖਾਲਾ ਕਰਕੇ ਲੋਕਾਂ ਨੂੰ ਰਾਹਤ ਦੇਣ ਦੀ ਮੰਗ ਕੀਤੀ। ਇਸ ਸਮੇਂ ਸੀ.ਪੀ.ਆਈ. ਆਗੂਆਂ ਨੇ ਫਾਟਕ ਨੰਬਰ 206 ਨੂੰ ਮਹਿਕਮੇ ਵੱਲੋਂ ਬੰਦ ਕਰਨ ਦੀ ਜੋ ਤਜਵੀਜ਼ ਦਿੱਤੀ ਗਈ ਹੈ, ਉਸ ਸੰਬੰਧੀ ਬਲਦਵਾਂ ਪ੍ਰਬੰਧ ਕਰਕੇ ਸ਼ਹਿਰੀਆਂ ਨੂੰ ਮੁਸ਼ਕਲਾਂ ਆਉਣ ਤੋਂ ਰੋਕਣ ਲਈ ਰਾਹਤ ਦੀ ਮੰਗ ਕੀਤੀ। ਇਸ ਸਮੇਂ ਟੋਬੇ ਦੀ ਸਫਾਈ ਤੇ ਕੂੜਾ ਡੰਪ ਨੂੰ ਚੁੱਕਣ ਸੰਬੰਧੀ ਫੌਰੀ ਤੌਰ 'ਤੇ ਕਦਮ ਚੁੱਕਣ, ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਕਾਨਾਂ ਦੇ ਲਾਭਪਾਤਰੀਆਂ ਦੀ ਬਕਾਇਆ ਕਿਸ਼ਤਾਂ ਜਾਰੀ ਕਰਨ, ਅੰਡਰਬ੍ਰਿਜ ਦੀ ਸੜਕ ਨੂੰ ਬਣਾਉਣ ਤੇ ਪਾਣੀ ਨਿਕਾਸੀ ਦੇ ਪ੍ਰਬੰਧ ਕਰਨ ਸੰਬੰਧੀ, ਬਾਰਿਸ਼ਾਂ ਤੇ ਪਾਣੀ ਨਿਕਾਸੀ ਲਈ ਰੇਲਵੇ ਪੁਲੀ ਨੂੰ ਬਣਾਉਣ, ਮੁਰਦਾ ਪਸ਼ੂਆਂ ਨੂੰ ਚੁੱਕਣ ਲਈ ਹੱਡਾ ਰੋੜੀ ਦੀ ਜਗ੍ਹਾ ਦਾ ਪੱਕਾ ਪ੍ਰਬੰਧ ਕਰਨ, ਅਵਾਰਾ ਪਸ਼ੂਆਂ ਕਰਕੇ ਹੋਈਆਂ ਮੌਤਾਂ, ਮ੍ਰਿਤਕਾਂ ਦੇ ਪਰਿਵਾਰਾਂ ਲਈ ਘੱਟੋ-ਘੱਟ 10 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ। ਇਸ ਸਮੇਂ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ, ਧਾਰਮਿਕ, ਸਮਾਜਿਕ, ਵਪਾਰਕ, ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋਂ ਭਲਕੇ ਕੀਤੀ ਜਾਣ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਟਰੇਡ ਯੂਨੀਅਨ ਆਗੂ ਕਾਕਾ ਸਿੰਘ, ਕਿਸਾਨ ਆਗੂ ਦਰਸ਼ਨ ਸਿੰਘ ਮਾਨਸ਼ਾਹੀਆਂ, ਗੁਰਚਰਨ ਸਿੰਘ ਮਾਨਸਾ ਆਦਿ ਆਗੂ ਸ਼ਾਮਲ ਸਨ।

## ਕਾਤਰਾਂ

### ਕੀਰਤਨ ਦਰਬਾਰ ਸਮਾਗਮ ਭਲਕੇ ਤੋਂ

**ਮਹਿਲ ਕਲਾਂ,(ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਬਿਰਧ ਆਸ਼ਰਮ ਸੇਵਾ ਸੁਸਾਇਟੀ ਮਹਿਲ ਕਲਾਂ (ਬਰਨਾਲਾ) ਵੱਲੋਂ ਦੋ ਰੋਜ਼ਾ ਸਾਲਾਨਾ ਕੀਰਤਨ ਦਰਬਾਰ ਸਮਾਗਮ 20, 21 ਫਰਵਰੀ ਨੂੰ ਬਿਰਧ ਆਸ਼ਰਮ ਮਹਿਲ ਕਲਾਂ ਵਿਖੇ ਕਰਵਾਇਆ ਜਾ ਰਿਹਾ ਹੈ। ਮੁੱਖ ਪ੍ਰਬੰਧਕ ਭਾਈ ਲਖਵੀਰ ਸਿੰਘ ਗੰਗੋਹਰ, ਬਾਬਾ ਸੁਖਚੈਨ ਸਿੰਘ ਅਨੁਸਾਰ ਇਸ ਮੌਕੇ 20 ਫਰਵਰੀ ਨੂੰ ਰਾਤ 7 ਤੋਂ 9 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਤੇ 21 ਫਰਵਰੀ ਨੂੰ ਸਵੇਰੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਦੁਪਹਿਰ ਦੋ ਵਜੇ ਤੱਕ ਸਜਾਏ ਜਾ ਰਹੇ ਧਾਰਮਿਕ ਦੀਵਾਨਾਂ 'ਚ ਸੰਤ ਮਹਾਂਪੁਰਖ, ਪ੍ਰਸਿੱਧ ਰਾਗੀ ਜਥੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਬਿਰਧ ਆਸ਼ਰਮ ਸੇਵਾ ਸੁਸਾਇਟੀ ਦੇ ਪ੍ਰਧਾਨ ਭਾਈ ਲਖਵੀਰ ਸਿੰਘ ਗੰਗੋਹਰ ਵੱਲੋਂ ਵੱਖ-ਵੱਖ ਖੇਤਰਾਂ 'ਚ ਅਹਿਮ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਇਕਬਾਲ ਸਿੰਘ ਵਾਸੀ ਮਾਲਾ ਜ਼ਿਲ੍ਹਾ ਮੋਗਾ ਦਾ ਕੈਨੇਡਾ ਤੋਂ ਪੰਜ ਵਾਰ ਰਿਫਊਜ਼ ਹੋਣ ਦੇ ਬਾਵਜੂਦ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਯੂਨੀਵਰਸਿਟੀ ਔਫ ਟੈਕਨੌਲਜੀ ਵਿੱਚ 30% ਸਕੌਲਰਸ਼ਿਪ ਨਾਲ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਨਸ਼ੇ ਦੀਆਂ ਗੋਲੀਆਂ ਸਣੇ ਨੌਜਵਾਨ ਗ੍ਰਿਫਤਾਰ

**ਜਗਰਾਉਂ, (ਅਮਿਤ ਖੰਨਾ)**-ਪੁਲਸ ਨਾਕਾ ਦੇਖ ਕੇ ਘਬਰਾਏ ਮੋਟਰਸਾਈਕਲ ਚਾਲਕ ਵੱਲੋਂ ਇਕਦਮ ਮੋਟਰਸਾਈਕਲ ਮੋੜਦਿਆਂ ਡਿੱਗੇ ਤੋਂ ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਦਰ ਜਗਰਾਉਂ ਦੇ ਮੁਖੀ ਅਮਰਜੀਤ ਸਿੰਘ ਨੇ ਦੱਸਿਆ ਪੁਲਸ ਚੌਕੀ ਚੌਕੀਮਾਨ ਦੇ ਇੰਚਾਰਜ ਜਗਰਾਜ ਸਿੰਘ ਪੁਲਸ ਪਾਰਟੀ ਸਮੇਤ ਚੈਕਿੰਗ ਸਬੰਧੀ ਪੁਲ ਸੂਆ ਮੌਜੂਦ ਸੀ ਤਾਂ ਮੇਨ ਜੀ ਟੀ ਰੋਡ ਵੱਲੋਂ ਇੱਕ ਨੌਜਵਾਨ ਪਲੈਟੀਨਾ ਮੋਟਰਸਾਈਕਲ 'ਤੇ ਆਇਆ, ਜੋ ਪੁਲਸ ਨਾਕਾ ਦੇਖ ਕੇ ਘਬਰਾ ਗਿਆ ਤੇ ਆਪਣਾ ਮੋਟਰਸਾਈਕਲ ਪਿੱਛੇ ਮੋੜਨ ਲੱਗਾ ਤਾਂ ਉਸ ਦਾ ਮੋਟਰਸਾਈਕਲ ਸਲਿਪ ਹੋ ਕੇ ਡਿੱਗ ਪਿਆ। ਇਸੇ ਦੌਰਾਨ ਉਸ ਦੇ ਮੋਟਰਸਾਈਕਲ ਦੇ ਹੈਂਡਲ ਨਾਲ ਟੰਗੇ ਲਿਫਾਫੇ 'ਚੋਂ ਗੋਲੀਆਂ ਸੜਕ 'ਤੇ ਡਿੱਗ ਪਈਆਂ। ਉਕਤ ਨੌਜਵਾਨ ਭੱਜਣ ਲੱਗਾ ਤਾਂ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਲਿਫਾਫੇ 'ਚੋਂ 200 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ, ਜਿਸ 'ਤੇ ਮੋਟਰਸਾਈਕਲ ਚਾਲਕ ਸੁਖਦੀਪ ਸਿੰਘ ਉਰਫ ਸੀਪਾ ਵਾਸੀ ਡਾਂਗੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

# ਮਾਲਵਾ ਪਬਲਿਕ ਸਕੂਲ ਖਿਆਲਾ ਕਲਾਂ ਵਿਖੇ ਸਨਮਾਨ ਸਮਾਰੋਹ

## ਰੂਬਰੂ ਦੌਰਾਨ ਪੱਤਰਕਾਰ ਬੁੱਟਰ ਨੇ ਛੇੜੀ ਪਰਵਾਸ ਦੀ ਕਹਾਣੀ



**ਮਾਨਸਾ, (ਆਤਮਾ ਸਿੰਘ ਪਮਾਰ)**-ਮਾਲਵਾ ਪਬਲਿਕ ਹਾਈ ਸਕੂਲ ਖਿਆਲਾ ਕਲਾਂ ਦੇ ਵਿਹੜੇ ਵਿੱਚ ਇੱਕ ਰੰਗਾ ਰੰਗ ਪ੍ਰੋਗਰਾਮ ਤੇ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸੁਖਵਿੰਦਰ ਸਿੰਘ ਸਿੱਧੂ ਬੀ ਡੀ ਪੀ ਓ ਮਾਨਸਾ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਕੈਨੇਡਾ 'ਚ ਛਪਦੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਹਰਬੰਸ ਸਿੰਘ ਬੁੱਟਰ ਸ਼ਾਮਲ ਹੋਏ। ਸਮਾਗਮ ਦੀ ਰਸਮੀ ਸ਼ੁਰੂਆਤ ਕਰਦਿਆਂ ਸਕੂਲ ਮੁਖੀ ਹਰਦੀਪ ਸਿੰਘ ਜਟਾਣਾ ਨੇ ਆਏ ਮਹਿਮਾਨਾਂ, ਮਾਪਿਆਂ, ਪਤਵੰਤਿਆਂ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਸਮਾਗਮ ਦੀ ਸ਼ੁਰੂਆਤ ਧਾਰਮਿਕ ਗੀਤ 'ਦੱਸੀਂ ਕਲਗੀ ਵਾਲਿਆ ਵੇ' ਨਾਲ ਹੋਈ। ਸਕੂਲ ਦੇ ਕਲਾਕਾਰ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ, ਫੈਂਸੀ ਡਰੈੱਸ, ਐਕਸ਼ਨ ਸਾਂਗ, ਕੋਰੀਓਗ੍ਰਾਫੀਆਂ, ਸਕਿੱਟਾਂ, ਗਿੱਧਾ ਤੇ ਮਲਵਈ ਗਿੱਧਾ ਪੇਸ਼ ਕੀਤਾ। ਸਿੱਧੂ ਮੂਸੇਵਾਲਾ ਨੂੰ ਸ਼ਰਧਾਂਜਲੀ ਦਿੰਦੀ ਕੋਰੀਓਗਰਾਫੀ 'ਮਾਂ ਮੈਂ ਜਮਾਂ ਤੇਰੇ ਵਰਗਾ ਹਾਂ' ਨੇ ਸ੍ਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ।

ਇਸ ਦੌਰਾਨ ਮੁੱਖ ਮਹਿਮਾਨ ਸੁਖਵਿੰਦਰ ਸਿੰਘ ਸਿੱਧੂ ਨੇ ਵਿੱਦਿਅਕ, ਖੇਡਾਂ ਤੇ ਸਹਾਇਕ ਕ੍ਰਿਆਵਾਂ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਵੰਡੇ। ਕੈਨੇਡਾ ਨਿਵਾਸੀ ਹਰਬੰਸ ਬੁੱਟਰ ਨੇ ਸੰਵਾਦ ਦੌਰਾਨ ਪੰਜਾਬ ਦੀ ਨੌਜਵਾਨ ਪੀੜ੍ਹੀ ਵੱਲੋਂ ਅੰਨ੍ਹੇਵਾਹ ਕੀਤੇ ਜਾ ਰਹੇ ਪਰਵਾਸ ਨੂੰ ਚਿੰਤਾ ਦਾ ਵਿਸ਼ਾ ਦੱਸਿਆ। ਉਨ੍ਹਾ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਜਾਣਾ ਹੀ ਹੈ ਤਾਂ ਚੰਗੇ ਕੋਰਸਾਂ 'ਚ ਦਾਖਲਾ ਲੈ ਕੇ ਤੇ ਚੰਗੀ ਤਰ੍ਹਾਂ ਜਾਣਕਾਰੀ ਹਾਸਲ ਕਰਕੇ ਹੀ ਵਿਦੇਸ਼ ਜਾਣ।

ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪਰਸਨ ਜਸਵਿੰਦਰ ਕੌਰ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੱਭਿਆਚਾਰ ਚੇਤਨਾ ਮੰਚ ਦੇ ਪ੍ਰਧਾਨ ਹਰਿੰਦਰ ਸਿੰਘ ਮਾਨਸ਼ਾਹੀਆ, ਬਲਰਾਜ ਨੰਗਲ, ਕ੍ਰਿਸ਼ਨ ਫੱਤਾ, ਰਾਜ ਮਾਨਸਾ, ਡਾਕਟਰ ਗੁਰਦੇਵ ਸਿੰਘ, ਪਰਮਪ੍ਰੀਤ ਸਿੰਘ, ਕੁਲਦੀਪ ਸਿੰਘ, ਰਾਜਪਾਲ, ਮਨਦੀਪ ਕੌਰ, ਹਰਿੰਦਰ ਕੌਰ ਸਮੇਤ ਵੱਡੀ ਗਿਣਤੀ ਮਾਪੇ ਤੇ ਵਿਦਿਆਰਥੀ ਹਾਜ਼ਰ।

# ਅਮਨ ਅਰੋੜਾ ਵੱਲੋਂ ਨੈਸ਼ਨਲ ਅਮੇਚਿਓਰ ਚੈੱਸ ਚੈਂਪੀਅਨਸ਼ਿਪ ਦਾ ਉਦਘਾਟਨ



**ਸੰਗਰੂਰ, (ਪ੍ਰਵੀਨ ਸਿੰਘ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਸ਼ਨੀਵਾਰ ਸੰਗਰੂਰ ਵਿਖੇ ਐੱਮ ਪੀ ਐੱਲ 10ਵੀਂ ਨੈਸ਼ਨਲ ਅਮੇਚਿਓਰ ਚੈੱਸ ਚੈਂਪੀਅਨਸ਼ਿਪ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਆਏ ਖਿਡਾਰੀਆਂ ਨੂੰ ਸ਼ਾਨਦਾਰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੰਦਿਆਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਆਪਣੇ ਖੇਡ ਹੁਨਰ ਵਿੱਚ ਨਿਖਾਰ ਲਿਆਉਣ ਲਈ ਨਿਰੰਤਰ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਮਿਹਨਤ ਤੇ ਲਗਨ ਨਾਲ ਜੁਟੇ ਰਹਿਣ ਵਾਲੇ ਹੀ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਣ ਦੇ ਸਮਰੱਥ ਬਣਦੇ ਹਨ। ਉਨ੍ਹਾਂ ਚੈੱਸ ਖੇਡ ਮੁਕਾਬਲਿਆਂ ਦਾ ਆਯੋਜਨ ਕਰਨ ਲਈ ਜ਼ਿਲ੍ਹਾ ਸੰਗਰੂਰ ਚੈੱਸ ਐਸੋਸੀਏਸ਼ਨ ਦੀ ਸ਼ਲਾਘਾ ਕੀਤੀ। ਸ੍ਰੀ ਅਰੋੜਾ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ 'ਚ ਪਹਿਲੀ ਵਾਰ ਸ਼ਤਰੰਜ ਖੇਡ ਦਾ ਨੈਸ਼ਨਲ ਅਮੇਚਿਓਰ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਦੇ 24 ਰਾਜਾਂ ਦੇ 385 ਖਿਡਾਰੀ ਹਿੱਸਾ ਲੈ ਰਹੇ ਹਨ। ਉਨ੍ਹਾ ਕਿਹਾ ਕਿ 22 ਫਰਵਰੀ ਤੱਕ ਚੱਲਣ ਵਾਲੀ ਇਸ ਚੈੱਸ ਚੈਂਪੀਅਨਸ਼ਿਪ ਦੇ ਜੇਤੂ ਵਿਸ਼ਵ ਅਮੇਚਿਓਰ ਚੈੱਸ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਸ਼ਮ੍ਹਾਂ ਰੌਸ਼ਨ ਕਰਕੇ ਚੈਂਪੀਅਨਸ਼ਿਪ ਦਾ ਰਸਮੀ ਉਦਘਾਟਨ ਕੀਤਾ।

ਇਸ ਮੌਕੇ ਮਨੀਸ਼ ਥਾਪਰ ਪ੍ਰਧਾਨ ਪੰਜਾਬ ਸਟੇਟ ਚੈੱਸ ਐਸੋਸੀਏਸ਼ਨ, ਰਾਕੇਸ਼ ਗੁਪਤਾ ਸਕੱਤਰ ਪੰਜਾਬ ਸਟੇਟ ਚੈੱਸ ਐਸੋਸੀਏਸ਼ਨ, ਪੰਕਜ ਸ਼ਰਮਾ ਖਜ਼ਾਨਚੀ, ਦਿਨੇਸ਼ ਗੋਇਲ ਸੰਯੁਕਤ ਸਕੱਤਰ, ਰਾਜਪ੍ਰੀਤ ਗੋਇਲ ਸਕੱਤਰ ਜ਼ਿਲ੍ਹਾ ਸੰਗਰੂਰ ਚੈੱਸ ਐਸੋਸੀਏਸ਼ਨ, ਜਤਿੰਦਰ ਜੈਨ ਤੇ ਭਾਨੂ ਪ੍ਰਤਾਪ ਹਾਜ਼ਰ ਸਨ।

# ਪ੍ਰਾਚੀਨ ਸ਼ਿਵਾਲਾ ਮੰਦਰ 'ਚ ਸ਼ਿਵ ਭਗਤਾਂ ਦੀ ਲੱਗੀ ਭੀੜ



**ਮੱਖੂ (ਰਛਪਾਲ ਸਿੰਘ ਸੰਧੂ)** : ਮਹਾਂ ਸ਼ਿਵਰਾਤਰੀ ਵਾਲੇ ਦਿਨ ਪ੍ਰਾਚੀਨ ਸ੍ਰੀ ਸ਼ਿਵਾਲਾ ਮੰਦਰ ਵਿੱਚ ਸ਼ਿਵ ਭਗਤਾਂ ਦੀ ਭੀੜ ਦੇਖਣ ਨੂੰ ਮਿਲੀ। ਸ਼ਿਵ ਭਗਤਾਂ ਵੱਲੋਂ ਸਵੇਰੇ ਤੜਕੇ ਤੋਂ ਹੀ ਪ੍ਰਾਚੀਨ ਸ੍ਰੀ ਸ਼ਿਵਾਲਾ ਮੰਦਰ ਮੱਖੂ ਵਿੱਚ ਪਹੁੰਚ ਕੇ ਸ਼ਿਵਲਿੰਗ 'ਤੇ ਰੁਦਰ ਅਭਿਸ਼ੇਕ ਕਰਨਾ ਸ਼ੁਰੂ ਕੀਤਾ, ਜੋ ਕਿ ਦੇਰ ਰਾਤ ਤੱਕ ਚਲਦਾ ਰਿਹਾ। ਇਸ ਮੌਕੇ ਮੰਦਰ ਦੇ ਪੁਜਾਰੀ ਪੰਡਤ ਸਿਆ ਰਾਮ ਤੇ ਸ੍ਰੀ ਸਨਾਤਨ ਧਰਮ ਸਭਾ ਮੱਖੂ ਦੇ ਸਰਪ੍ਰਸਤ ਸੰਜੀਵ ਅਹੂਜਾ ਨੇ ਦੱਸਿਆ ਕਿ ਸ਼ਿਵ ਭਗਤਾਂ ਨੇ ਮਹਾਂ ਸ਼ਿਵਰਾਤਰੀ ਨੂੰ ਸਮਰਪਤ ਪਿਛਲੇ ਕਈ ਦਿਨਾਂ ਤੋਂ ਸ਼ਹਿਰ 'ਚ ਪ੍ਰਭਾਤ ਫੇਰੀਆਂ ਕੱਢੀਆਂ ਤੇ ਮੰਦਰ ਵਿੱਚ ਰੋਜ਼ਾਨਾ ਸ਼ਿਵਲਿੰਗ 'ਤੇ ਰੁਦਰ ਅਭਿਸ਼ੇਕ ਕੀਤਾ। ਪੰਡਤ ਸਿਆ ਰਾਮ ਨੇ ਕਿਹਾ ਕਿ ਮਹਾਂ ਸ਼ਿਵਰਾਤਰੀ ਵਾਲੇ ਦਿਨ ਵਰਤ ਤੇ ਸ਼ਿਵ ਪੂਜਨ, ਜੋ ਭਗਤ ਸ਼ਰਧਾ ਨਾਲ ਕਰਦਾ ਹੈ, ਭਗਵਾਨ ਸ਼ਿਵ ਸ਼ੰਕਰ ਭੋਲੇ ਨਾਥ ਉਸ ਦੀਆਂ ਮਨੋਕਾਮਨਾ ਜ਼ਰੂਰ ਪੂਰੀਆਂ ਕਰਦੇ ਹਨ। ਇਸ ਮੌਕੇ ਸ੍ਰੀ ਸਨਾਤਨ ਧਰਮ ਸਭਾ ਮੱਖੂ ਤੇ ਸ਼ਿਵ ਮੰਡਲੀ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਸ੍ਰੀ ਸ਼ਿਵਾਲਾ ਮੰਦਰ ਮੱਖੂ ਦੇ ਪੁਜਾਰੀ ਪੰਡਤ ਸਿਆਂ ਰਾਮ, ਸ੍ਰੀ ਸਨਾਤਨ ਧਰਮ ਸਭਾ ਮੱਖੂ ਦੇ ਸਰਪ੍ਰਸਤ ਸੰਜੀਵ ਅਹੂਜਾ, ਪ੍ਰਧਾਨ ਰਕੇਸ਼ ਕਾਲੜਾ, ਮੀਤ ਪ੍ਰਧਾਨ ਦੀਪਕ ਸਚਦੇਵਾ, ਖਜ਼ਾਨਚੀ ਲੱਕੀ ਗਰੋਵਰ, ਸੰਕਰ ਕਟਾਰੀਆ ਯੂਥ ਆਗੂ 'ਆਪ', ਮਹਿੰਦਰ ਮਦਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਮੱਖੂ, ਡਾ. ਅਮਿਤ ਕਾਲੜਾ ਸਾਬਕਾ ਐੱਮ ਸੀ, ਨਵੀਨ ਗਰੋਵਰ ਬੱਬੂ ਸਾਬਕਾ ਐੱਮ ਸੀ, ਜਤਿੰਦਰ ਠੁਕਰਾਲ ਪ੍ਰਧਾਨ ਸ੍ਰੀ ਗਰੀਬ ਦਾਸੀ ਸਾਧੂ ਸੇਵਾ ਆਸ਼ਰਮ ਮੱਖੂ ਆਦਿ ਵੱਲੋਂ ਹਾਜ਼ਰੀ ਲਵਾਈ ਗਈ।

# ਏ ਆਈ ਵਰਕਰਾਂ ਵੱਲੋਂ ਸੰਘਰਸ਼ ਤੇਜ਼ ਕਰਨ ਦਾ ਐਲਾਨ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪਸ਼ੂਆਂ ਵਿੱਚ ਬਨਾਉਟੀ ਗਰਭ ਧਾਰਨ ਰਾਹੀਂ ਨਸਲ ਸੁਧਾਰ ਦਾ ਕੰਮ ਪਸ਼ੂ ਪਾਲਣ ਵਿਭਾਗ ਦੇ ਡਾਇਰੈਟਰ ਦਫਤਰ ਸਾਹਮਣੇ ਪਿਛਲੇ ਚਾਰ ਮਹੀਨਿਆਂ ਤੋਂ ਚੱਲ ਰਹੇ ਪੱਕੇ ਮੋਰਚੇ ਦੌਰਾਨ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸੇ ਤਹਿਤ ਜੇਕਰ ਪੰਜਾਬ ਸਰਕਾਰ ਨੇ ਏ ਆਈ ਟੈਕਨੀਸ਼ੀਅਨ ਨੂੰ ਵਿਭਾਗ ਵਿੱਚ ਲੈ ਕੇ ਕੋਈ ਢੁੱਕਵਾਂ ਹੱਲ ਨਾ ਕੀਤਾ ਤਾਂ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਮਾਨ ਦੇ ਪਿੰਡ ਸਤੌਜ ਤੇ ਲਾਲਜੀਤ ਸਿੰਘ ਭੁੱਲਰ ਦੇ ਪਿੰਡ ਪੱਟੀ ਵਿਖੇ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਦਾ ਗੁਪਤ ਐਕਸ਼ਨ ਉਲੀਕਿਆ ਜਾਵੇਗਾ।

ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪਟਿਆਲਾ ਜ਼ਿਲ੍ਹੇ ਦੇ ਪ੍ਰਧਾਨ ਨਿਸ਼ਾਨ ਸਿੰਘ ਬਣਵਾਲਾ ਤੇ ਜਨਰਲ ਸੈਕਟਰੀ ਮਨਦੀਪ ਸਿੰਘ ਨੇ ਦੱਸਿਆ ਕਿ ਏ ਆਈ ਵਰਕਰ ਲਗਭਗ 14 ਸਾਲਾਂ ਤੋਂ ਪਸ਼ੂ ਪਾਲਣ ਵਿਭਾਗ ਵਿੱਚ ਬਿਨਾਂ ਤਨਖਾਹ ਤੋਂ ਕੰਮ ਕਰ ਰਹੇ ਹਨ।

ਪਸ਼ੂ ਪਾਲਣ ਵਿਭਾਗ ਏ ਆਈ ਵਰਕਰ ਨੂੰ ਬਿਨਾਂ ਤਨਖਾਹ ਦਿੱਤੇ ਪਸ਼ੂਆਂ ਦੇ ਬਨਾਉਟੀ ਗਰਭ ਧਾਰਨ ਤੇ ਵੈਕਸੀਨ ਦਾ ਕੰਮ ਲਗਾਤਾਰ ਲੈ ਰਿਹਾ ਹੈ, ਜਿਸ ਦੇ ਰੋਸ ਵਜੋਂ ਲਗਭਗ 5 ਮਹੀਨੇ ਤੋਂ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਮੋਹਾਲੀ ਦੇ ਗੇਟ ਮੂਹਰੇ ਧਰਨਾ ਚੱਲ ਰਿਹਾ ਹੈ। ਡਾਇਰੈਕਟਰ ਤੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਲਾਰਿਆਂ ਤੋਂ ਬਗੈਰ ਵਰਕਰ ਨੂੰ ਕੁਝ ਵੀ ਦੇਣ ਦੇ ਰੌਅ ਵਿੱਚ ਨਹੀਂ ਹੈ। ਪਸ਼ੂ ਪਾਲਣ ਵਿਭਾਗ ਦੇ ਮੰਤਰੀ ਤੇ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਨਾਲ 5 ਮਹੀਨੇ ਵਿੱਚ ਕੀਤੀਆਂ ਗਈਆਂ ਮੀਟਿੰਗਾਂ ਬੇਸਿੱਟਾ ਰਹੀਆਂ ਹਨ, ਜਿਸ ਦੇ ਰੋਸ ਵਜੋਂ 25 ਫਰਵਰੀ ਤੱਕ ਗੁਪਤ ਐਕਸ਼ਨ ਉਲੀਕਿਆ ਜਾਵੇਗਾ।

# ਆਰ ਟੀ ਆਈ ਐਕਟੀਵਿਸਟਾਂ ਦੀ ਐੱਸ. ਡੀ. ਐੱਮ. ਤੇ ਈ. ਓ. ਨਾਲ ਮੁਲਾਕਾਤ ਤੋਂ ਕਰਮਚਾਰੀ ਬੁਖਲਾਏ

## ਆਰ.ਟੀ.ਆਈ. ਐਕਟੀਵਿਸਟ ਐਸੋਸੀਏਸ਼ਨ ਨਿਰਸਵਾਰਥ ਲੋਕ ਮੁੱਦੇ ਚੁੱਕਣ ਤੇ ਉਨ੍ਹਾਂ ਦੇ ਹੱਲ ਲਈ ਪ੍ਰਤੀਬੱਧ : ਜਿੰਦਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਆਰ ਟੀ ਆਈ ਐਕਟੀਵਿਸਟਾਂ ਦੀ ਐਸੋਸੀਏਸ਼ਨ ਪਿਛਲੇ ਦਿਨੀਂ ਤੱਥਾਂ ਦੇ ਅਧਾਰਤ ਮੁੱਦਿਆਂ ਨੂੰ ਚੁੱਕਦਿਆਂ ਐੱਸ. ਡੀ. ਐੱਮ. ਰਾਮਪੁਰਾ ਫੂਲ ਤੇ ਨਗਰ ਕੌਂਸਲ ਦੇ ਈ. ਓ. ਨਾਲ ਮੁਲਾਕਾਤ ਕੀਤੀ, ਜਿਹੜੀ ਕਿ ਨਗਰ ਕੌਂਸਲ ਦੇ ਕੁੱਝ ਕਰਮਚਾਰੀਆਂ ਨੂੰ ਹਜਮ ਨਹੀਂ ਹੋ ਰਹੀ, ਜਿਸ ਨੂੰ ਲੈ ਕੇ ਨਗਰ ਕੌਂਸਲ ਕਰਮਚਾਰੀਆਂ ਤੇ ਪੈਨਸ਼ਨਰਾਂ ਦੀਆਂ ਐਸੋਸੀਏਸ਼ਨ ਯੂਨੀਅਨਾਂ ਵੱਲੋਂ ਕੁੱਝ ਅਖਬਾਰਾਂ 'ਚ ਖਬਰਾਂ ਪ੍ਰਕਾਸ਼ਤ ਕਰਵਾਈਆਂ ਗਈਆਂ ਸਨ, ਜਿਸ 'ਚ ਲਿਖਿਆ ਸੀ ਕਿ ਕੁੱਝ ਲੋਕ ਕੱਚੇ ਪੱਕੇ ਮੁਲਾਜ਼ਮਾਂ ਦੀਆਂ ਝੂਠੀਆਂ ਸ਼ਿਕਾਇਤਾਂ ਕਰ ਰਹੇ ਹਨ, ਸਾਨੂੰ ਰੁਟੀਨ ਦੇ ਕੰਮ ਤੋਂ ਰੋਕਦੇ ਹਨ। ਇਨ੍ਹਾਂ ਖਬਰਾਂ ਦੇ ਪ੍ਰਤੀਕਰਮ ਵਜੋਂ ਇਲਾਕੇ ਦੇ ਐਕਟੀਵਿਸਟਾਂ ਨੇ ਇਕ ਐਮਰਜੈਂਸੀ ਮੀਟਿੰਗ ਸਰਪ੍ਰਸਤ ਹਰਮੀਤ ਸਿੰਘ ਮਹਿਰਾਜ ਤੇ ਪ੍ਰਧਾਨ ਮਾਸਟਰ ਸੁਰਿੰਦਰ ਗੁਪਤਾ ਦੀ ਪ੍ਰਧਾਨਗੀ ਹੇਠ ਬੁਲਾਈ ਗਈ। ਇਸ ਦੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਦਰਸ਼ਨ ਜਿੰਦਲ ਨੇ ਦੱਸਿਆ ਕਿ ਇਸ ਗੱਲ 'ਤੇ ਵਿਚਾਰ ਹੋਇਆ ਕਿ ਅਖਬਾਰਾਂ 'ਚ ਲੱਗੀਆ ਖਬਰਾਂ ਤੋਂ ਇਹੀ ਸਾਬਿਤ ਹੁੰਦਾ ਹੈ ਕਿ ਨਗਰ ਕੌਂਸਲ ਰਾਮਪੁਰਾ ਦੇ ਕਰਮਚਾਰੀਆਂ ਵਿੱਚ ਬੁਖਲਾਹਟ ਪੈਦਾ ਹੋ ਗਈ ਹੈ। ਕੁੱਝ ਮੁਲਾਜ਼ਮ ਜੋ ਕਨੂੰਨ ਨੂੰ ਛਿੱਕੇ ਟੰਗ ਕੇ ਫਰਜ਼ੀ ਤਰੀਕੇ ਨਾਲ ਨੌਕਰੀਆਂ ਕਰ ਰਹੇ ਹਨ, ਅਪਣੇ ਤੱਥਾਂ ਨੂੰ ਲੁਕਾਉਂਦੇ ਹੋਏ ਪੰਜਾਬ ਸਰਕਾਰ ਦੇ ਨਾਲ ਨਾਲ ਅਪਣੇ ਸਟੇਟ ਆਗੂਆਂ ਨੂੰ ਵੀ ਗੁੰਮਰਾਹ ਕਰ ਰਹੇ ਹਨ। ਇਨ੍ਹਾਂ ਲੱਗੀਆਂ ਖਬਰਾਂ, ਜਿਸ 'ਚ ਸਥਾਨਕ ਸਰਕਾਰ ਦੇ ਲੋਕਲ ਅਹੁਦੇਦਾਰਾਂ ਤੋਂ ਇਲਾਵਾ ਸਟੇਟ ਆਗੂਆਂ ਦੇ ਨਾਮ ਸਨ, ਚੰਗਾ ਹੁੰਦਾ ਉਹ ਆਰ. ਟੀ. ਆਈ. ਐਕਟੀਵਿਸਟਾਂ ਦੀ ਐਸੋਸੀਏਸ਼ਨ ਨਾਲ ਰਾਬਤਾ ਬਣਾ ਕੇ ਜਾਂ ਅਪਣੇ ਪੱਧਰ 'ਤੇ ਆਰ.ਟੀ.ਆਈ. ਐਕਟੀਵਿਸਟਾਂ ਵੱਲੋਂ ਉਠਾਏ ਮੁੱਦਿਆਂ ਦੀ ਜਾਂਚ ਪੜਤਾਲ ਕਰਨ ਤੋਂ ਬਾਅਦ ਪ੍ਰੈੱਸ ਵਿੱਚ ਜਾਂਦੇ। ਆਰ.ਟੀ.ਆਈ. ਐਸੋਸੀਏਸ਼ਨ ਅਪਣੇ ਵੱਲੋਂ ਉਠਾਏ ਮੁੱਦਿਆਂ ਦੀ ਹੁਣ ਵੀ ਪ੍ਰੋੜਤਾ ਕਰਦੀ ਹੈ ਤੇ ਕਿਸੇ ਤਰ੍ਹਾਂ ਦੀਆਂ ਗਿੱਦੜ ਭਬਕੀਆਂ ਤੋਂ ਡਰਨ ਵਾਲੀ ਨਹੀਂ। ਸਾਡੀ ਸੰਸਥਾ ਨਿਰਸਵਾਰਥ ਲੋਕ ਮੁੱਦੇ ਚੁੱਕਣ ਤੇ ਉਨ੍ਹਾਂ ਦੇ ਹੱਲ ਲਈ ਪ੍ਰਤੀਬੱਧ ਹੈ।

ਉਨ੍ਹਾਂ ਕਿਹਾ ਕਿ ਨਗਰ ਕੌਂਸਲ ਰਾਮਪੁਰਾ ਫੂਲ ਵਿੱਚ ਹੋ ਰਹੀਆਂ ਬੇਨਿਯਮੀਆਂ ਹੁਣ ਜੱਗ ਜ਼ਾਹਰ ਹੋ ਰਹੀਆਂ ਹਨ, ਜਿਸ ਦੇ ਸਾਡੇ ਕੋਲ ਲਿਖਤੀ ਪੱਕੇ ਸਬੂਤ ਹਨ। ਕੁੱਝ ਮੁਲਾਜ਼ਮ ਗਲਤ ਢੰਗ ਨਾਲ ਨੌਕਰੀ ਲੱਗ ਕੇ ਸਿਰੇ ਦੀਆਂ ਕਾਰਵਾਈਆਂ ਕਰਕੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ 'ਤੇ ਐਸ਼ ਕਰਦੇ ਰਹਿਣਾ ਚਾਹੁੰਦੇ ਹਨ। ਜਦੋਂ ਸਾਡਾ ਵਫਦ ਨਗਰ ਕੌਂਸਲ ਰਾਮਪੁਰਾ ਫੂਲ ਦੇ ਈ. ਓ. ਨੂੰ ਮਿਲਿਆ ਤਾਂ ਨਗਰ ਕੌਂਸਲ ਦਾ ਕੋਈ ਵੀ ਕਰਮਚਾਰੀਆ ਈ.ਓ. ਦੇ ਸਾਹਮਣੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਿਆ, ਪਰ ਹੁਣ ਅਖਬਾਰਾਂ ਰਾਹੀਂ ਸਾਡੀ ਸੰਸਥਾ 'ਤੇ ਦਬਾਅ ਪਾਉਣਾ ਚਾਹੁੰਦੇ ਹਨ। ਸਾਡੀ ਸੰਸਥਾ ਇਨ੍ਹਾਂ ਦੇ ਦਬਾਅ ਵਿੱਚ ਨਹੀਂ ਅਵੇਗੀ। ਲੋਕ ਹਿੱਤ ਦੇ ਮੁੱਦਿਆਂ 'ਤੇ ਸਾਡਾ ਸੰਘਰਸ਼ ਜਾਰੀ ਰਹੇਗਾ।

ਇਸ ਮੌਕੇ ਕੈਸ਼ੀਅਰ ਸੁਮਿੰਦਰ ਕੁਮਾਰ, ਪ੍ਰਿੰਸੀਪਲ ਮਿਹਰ ਬਾਹੀਆ, ਮੇਜਰ ਸਿੰਘ ਰਿਟਾਇਰਡ ਇੰਸਪੈਕਟਰ ਪੀ ਆਰ ਟੀ ਸੀ, ਰਾਜ ਕੁਮਾਰ ਰਿਟਾਇਰਡ ਪੀ ਪੀ ਐੱਫ ਇੰਸਪੈਕਟਰ, ਹੈੱਡਮਾਸਟਰ ਸੁਖਮੰਦਰ ਸਿੰਘ, ਹੈੱਡਮਾਸਟਰ ਹਰਿੰਦਰ ਸਿੰਘ ਭੁੱਲਰ, ਰਜਿੰਦਰ ਸ਼ਰਮਾ ਸਮਾਜ ਸੇਵੀ, ਡੀ ਈ ਪੀ ਗੁਰਚਰਨ ਗਿੱਲ, ਰਕੇਸ਼ ਮਿੱਤਲ ਸਮਾਜ ਸੇਵੀ ਤੇ ਰਜਿੰਦਰ ਬਾਹੀਆ ਆਦ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਕੈਨੇਡਾ ਦੇ ਮੰਤਰੀ ਹਰਦੀਪ ਗਰੇਵਾਲ ਦਾ ਸਨਮਾਨ



ਕੈਨੇਡਾ ਦੇ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਗਰੇਵਾਲ ਨੂੰ ਸਨਮਾਨਤ ਕਰਦੇ ਹੋਏ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਤੇ ਹੋਰ ਆਗੂ।

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੈਨੇਡਾ ਦੇ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਸਿੰਘ ਗਰੇਵਾਲ, ਜੋ ਕਿ ਪੰਜਾਬ ਦੌਰੇ 'ਤੇ ਆਏ ਹੋਏ ਹਨ, ਦਾ ਮਾਛੀਵਾੜਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਤੇ ਸੀਨੀਅਰ ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ ਦੀ ਅਗਵਾਈ ਵਿੱਚ ਭਰਵਾਂ ਸਵਾਗਤ ਕਰਦਿਆਂ ਸਨਮਾਨ ਕੀਤਾ ਗਿਆ। ਇਕੱਤਰ ਹੋਏ ਅਕਾਲੀ ਅਹੁਦੇਦਾਰਾਂ ਨੇ ਹਰਦੀਪ ਸਿੰਘ ਗਰੇਵਾਲ ਨੂੰ 'ਜੀ ਆਇਆਂ' ਕਿਹਾ ਤੇ ਸਿਰੋਪਾ ਪਾ ਕੇ ਸਨਮਾਨਤ ਕੀਤਾ। ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਹਰਦੀਪ ਸਿੰਘ ਗਰੇਵਾਲ ਵੱਲੋਂ ਕੈਨੇਡਾ ਵਰਗੇ ਵੱਡੇ ਦੇਸ਼ ਵਿੱਚ ਚੋਣ ਲੜ ਕੇ ਜੋ ਡਿਪਟੀ ਟਰਾਂਸਪੋਰਟ ਮੰਤਰੀ ਦਾ ਅਹੁਦਾ ਹਾਸਲ ਕੀਤਾ ਹੈ, ਜਿੱਥੇ ਇਹ ਆਪਣੇ ਆਪ ਵਿੱਚ ਬਹੁਤ ਵੱਡੀ ਉਪਲੱਬਧੀ ਹੈ, ਉੱਥੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਹਰਦੀਪ ਸਿੰਘ ਗਰੇਵਾਲ ਕੈਨੇਡਾ ਸਰਕਾਰ ਵਿੱਚ ਰਹਿ ਕੇ ਪੰਜਾਬ ਤੋਂ ਕੈਨੇਡਾ ਜਾਣ ਵਾਲੇ ਪੰਜਾਬੀਆਂ ਦੀ ਹਰ ਸੰਭਵ ਸਹਾਇਤਾ ਕਰਨਗੇ। ਟਰਾਂਪੋਰਟ ਮੰਤਰੀ ਗਰੇਵਾਲ ਨੇ ਵੀ ਉਨ੍ਹਾਂ ਨੂੰ ਭਰੋਸਾ ਦਿਵਾਉਂਦਿਆਂ ਕਿਹਾ ਕਿ ਉਹ ਪੰਜਾਬੀਆਂ ਬਾਰੇ ਪਹਿਲਾਂ ਵੀ ਅਵਾਜ਼ ਉਠਾ ਰਹੇ ਹਨ, ਪਰ ਪੰਜਾਬੀ ਵੀ ਆਪਣੇ ਕਾਗਜ਼ਾਤ ਮੁਕੰਮਲ ਕਰਕੇ ਹੀ ਵੀਜ਼ਾ ਲਗਾਉਣ ਤਾਂ ਕਿ ਉਨ੍ਹਾਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਟਹਿਲ ਸਿੰਘ ਔਜਲਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਸਰਪੰਚ ਕੁਲਵਿੰਦਰ ਸਿੰਘ ਗਿੱਲ, ਨਗਿੰਦਰ ਸਿੰਘ ਮਾਂਗਟ, ਹਰਜੋਤ ਸਿੰਘ ਮਾਂਗਟ, ਹਰਜਿੰਦਰ ਸਿੰਘ ਖੇੜਾ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ, ਜਗਦੀਪ ਸਿੰਘ ਝੱਜ, ਸਰਪੰਚ ਮਹਿੰਦਰ ਸਿੰਘ ਧਨੂੰਰ, ਸਾਬਕਾ ਕੌਂਸਲਰ ਸੂਰਜ ਕੁਮਾਰ ਮੌਜੂਦ ਸਨ।

# ਆਲ ਇੰਡੀਆ ਅੰਤਰ-'ਵਰਸਿਟੀ ਖੋ-ਖੋ (ਮਹਿਲਾ) ਮੁਕਾਬਲੇ 'ਚ ਪੰਜਾਬੀ 'ਵਰਿਸਟੀ ਦੀ ਸ਼ਾਨਦਾਰ ਜਿੱਤ



ਆਲ ਇੰਡੀਆ ਅੰਤਰ-ਯੂਨੀਵਰਸਿਟੀ ਖੋ-ਖੋ (ਮਹਿਲਾ) ਦੀ ਜੇਤੂ ਟੀਮ ਨਾਲ ਮੁੱਖ ਮਹਿਮਾਨ ਤੇ ਪ੍ਰਬੰਧਕ।

**ਮੂਨਕ (ਰਾਜਪਾਲ ਸਿੰਗਲਾ)**-ਆਲ ਇੰਡੀਆ ਅੰਤਰ-ਯੂਨੀਵਰਸਿਟੀ ਖੋ-ਖੋ (ਮਹਿਲਾ) ਮੁਕਾਬਲਿਆਂ ਦੀ ਮੇਜ਼ਬਾਨੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਯੂਨੀਵਰਸਿਟੀ ਕਾਲਜ ਮੂਨਕ (ਸੰਗਰੂਰ) ਵਿਖੇ ਕੀਤੀ ਗਈ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਦੂਸਰੇ ਸਥਾਨ 'ਤੇ ਯੂਨੀਵਰਸਿਟੀ ਆਫ ਮੈਸੂਰ ਤੇ ਤੀਸਰੇ ਸਥਾਨ 'ਤੇ ਕ੍ਰਮਵਾਰ ਸਵਿੱਤਰੀ ਬਾਈ ਫੂਲੇ ਯੂਨੀਵਰਸਿਟੀ ਪੂਨੇ ਤੇ ਸੀ.ਆਰ.ਐੱਸ. ਯੂਨੀਵਰਸਿਟੀ ਜੀਂਦ ਰਹੀਆਂ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ/ਇੰਚਾਰਜ ਡਾ. ਗੁਰਪ੍ਰੀਤ ਸਿੰਘ ਹਰੀਕਾ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ। ਇਸ ਪ੍ਰੋਗਰਾਮ ਦੀ ਸਰਪ੍ਰਸਤੀ ਡਾ. ਅਰਵਿੰਦ (ਵਾਇਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਕੀਤੀ। ਸਮਾਪਤੀ ਸਮੇਂ ਉਨ੍ਹਾਂ ਨੇ ਖਿਡਾਰਨਾਂ ਨੂੰ ਅਸ਼ੀਰਵਾਦ ਦਿੱਤਾ। ਇਹ ਪ੍ਰੋਗਰਾਮ ਡਾ. ਅਜੀਤਾ (ਡਾਇਰੈਕਟਰ ਸਪੋਰਟਸ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦੀ ਆਗਵਾਈ ਹੇਠ ਤੇ ਡਾ. ਰਾਜਵਿੰਦਰ ਸਿੰਘ ਦੇ ਯਤਨਾਂ ਹੇਠ ਅਮਿੱਟ ਯਾਦਾਂ ਛੱਡਦਿਆਂ ਨੇਪਰੇ ਚੜ੍ਹਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਐੱਮ.ਐੱਲ.ਏ. ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਸ਼ਿਰਕਤ ਕੀਤੀ ਤੇ ਉਨ੍ਹਾ ਨੇ ਕਾਲਜ ਦੇ ਰੁਕੇ ਹੋਏ ਕੰਮਾਂ ਨੂੰ ਕਰਵਾਉਣ ਦਾ ਵਾਅਦਾ ਕੀਤਾ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਸਿੱਧ ਸਮਾਜ-ਸੇਵੀ ਸ੍ਰੀ ਆਰ. ਕੇ. ਗਰਗ ਮੂਨਕ ਨੇ ਕੀਤੀ ਤੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸ੍ਰ. ਅਵਤਾਰ ਸਿੰਘ (ਕੁਸ਼ਤੀ ਕੋਚ), ਮੈਡਮ ਮੁਕੇਸ਼ (ਯੋਗਾ ਕੋਚ), ਮੈਡਮ ਰੇਨੂ (ਬਾਕਸਿੰਗ ਕੋਚ) ਤੇ ਸ੍ਰ. ਅਵਤਾਰ (ਗੱਤਕਾ ਕੋਚ) ਉਚੇਚੇ ਤੌਰ 'ਤੇ ਪਹੁੰਚੇ। ਡਾ. ਰਜਿੰਦਰ ਸਿੰਘ ਤੇ ਪ੍ਰੋ. ਗੁਰਜੰਟ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਮੰਚ ਸੰਚਾਲਨ ਡਾ. ਬਲਦੇਵ ਸਿੰਘ, ਪ੍ਰੋ. ਰਾਜਪ੍ਰੀਤ ਕੌਰ ਤੇ ਸ੍ਰੀ ਰੋਸ਼ਨ ਲਾਲ ਨੇ ਬਾਖੂਬੀ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਤਕਨੀਕੀ ਪ੍ਰਬੰਧ ਡਾ. ਸੰਜੀਵ ਦੱਤਾ, ਡਾ. ਰਾਜਵਿੰਦਰ ਸਿੰਘ, ਡਾ. ਬਲਵਿੰਦਰ ਕੁਮਾਰ ਤੇ ਆਫੀਸ਼ੀਅਲ ਨੇ ਕੀਤਾ।

# 'ਸਰਕਾਰ ਆਪ ਕੇ ਦੁਆਰ' ਮੁਹਿੰਮ ਅਧੀਨ 350 ਸਮੱਸਿਆਵਾਂ ਦਾ ਨਿਪਟਾਰਾ



**ਬਰੇਟਾ (ਰੀਤਵਾਲ)**-ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਵੱਖ ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਮੁਹਿੰਮ 'ਪੰਜਾਬ ਸਰਕਾਰ ਆਪ ਕੇ ਦੁਆਰ' ਤਹਿਤ ਵਿਧਾਨ ਸਭਾ ਹਲਕਾ ਬੁਢਲਾਡਾ ਦੇ 10 ਪਿੰਡਾਂ ਦਾ ਸੁਵਿਧਾ ਕੈਂਪ ਪਿੰਡ ਦਿਆਲਪੁਰਾ ਦੇ ਗੁਰੂ ਘਰ ਦੇ ਵਿਹੜੇ ਵਿੱਚ ਲਗਾਇਆ ਗਿਆ। ਇਸ ਦੌਰਾਨ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਤੇ ਐਡੀਸ਼ਨਲ ਡਿਪਟੀ ਕਮਿਸ਼ਨਰ (ਡੀ) ਟੀ ਬੈਂਟਨ ਸਮੇਤ ਵੱਖ ਵੱਖ ਵਿਭਾਗਾਂ ਤੋਂ ਇਲਾਵਾ ਪੁਲਸ ਅਧਿਕਾਰੀ ਹਾਜ਼ਰ ਸਨ। ਕੈਂਪ ਦੌਰਾਨ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਬੈਠ ਕੇ ਇਲਾਕੇ ਦੀਆਂ 10 ਪੰਚਾਇਤਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਦੇ ਇਸ ਕੈਂਪ ਵਿੱਚ ਹਲਕੇ ਦੀਆਂ ਪਿੰਡ ਦਾਤੇਵਾਸ, ਰੰਘੜਿਆਲ, ਖੱਤਰੀਵਾਲ, ਸਿਰਸੀਵਾਲਾ, ਗੋਬਿੰਦਪੁਰਾ, ਜਲਵੇੜਾ, ਸੰਘਰੇੜੀ, ਕਿਸ਼ਨਗੜ੍ਹ, ਦਿਆਲਪੁਰਾ, ਬਹਾਦਰਪੁਰਾ ਆਦਿ ਪਿੰਡਾਂ ਦੇ ਲੋਕਾਂ ਦੀਆਂ 350 ਦੇ ਕਰੀਬ ਦਰਖਾਸਤਾਂ, ਸਮੱਸਿਆਵਾਂ ਦਾ ਇੱਕ ਬੈਂਚ ਰੱਖ ਕੇ ਨਿਪਟਾਰਾ ਕੀਤਾ ਗਿਆ। ਕੈਂਪ ਦੌਰਾਨ ਖੇਤੀਬਾੜੀ ਸੈਕਟਰ ਅਧੀਨ ਦੁਰਘਟਨਾ ਦਾ ਸ਼ਿਕਾਰ ਹੋ ਚੁੱਕੇ 12 ਅੰਗਹੀਣ ਵਿਅਕਤੀਆਂ ਨੂੰ ਮੰਡੀਕਰਨ ਬੋਰਡ ਵੱਲੋਂ 1 ਲੱਖ 90 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਵੀ ਵੰਡੇ ਗਏ। ਉਨ੍ਹਾ ਕਿਹਾ ਕਿ ਕੁਝ ਸਮੱਸਿਆਵਾਂ ਪਿੰਡਾਂ ਦੇ ਨਾਲ ਸੰਬੰਧਤ ਸੜਕਾਂ ਦਾ ਨਿਰਮਾਣ, ਮਾਲ ਵਿਭਾਗ, ਖੇਤੀਬਾੜੀ, ਪੰਚਾਇਤਾਂ, ਸਿਹਤ ਵਿਭਾਗ, ਫੂਡ ਸਪਲਾਈ ਵਿਭਾਗ, ਨਹਿਰੀ ਵਿਭਾਗ, ਮੰਡੀਕਰਨ, ਨਰੇਗਾ, ਸਮਾਜ ਭਲਾਈ ਆਦਿ ਵਿਭਾਗਾਂ ਨਾਲ ਸੰਬੰਧਤ ਸੀ, ਜਿਨ੍ਹਾਂ ਦਾ ਨਿਪਟਾਰਾ ਇੱਕ ਹਫਤੇ ਦੇ ਅੰਦਰ ਅੰਦਰ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਬਹੁ-ਗਿਣਤੀ ਸਮੱਸਿਆਵਾਂ ਅਧਿਕਾਰੀਆਂ ਤੱਕ ਲੋਕਾਂ ਦੀ ਪਹੁੰਚ ਨਾ ਹੋਣ ਕਾਰਨ ਅੱਧ ਵਿਚਕਾਰ ਹੀ ਲਟਕ ਰਹੀਆਂ ਸਨ, ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਏ ਗਏ ਫੈਸਲੇ ਅਧੀਨ ਲੋਕਾਂ ਨੂੰ ਉਨ੍ਹਾਂ ਦੇ ਘਰ ਨਜ਼ਦੀਕ ਸਮੱਸਿਆਵਾਂ ਦੇ ਹੱਲ ਕਰਨ ਦੀ ਮੁਹਿੰਮ ਨਾਲ ਲੋਕਾਂ ਨੂੰ ਕਾਫੀ ਰਾਹਤ ਮਿਲੀ ਹੈ। ਉਨ੍ਹਾ ਕਿਹਾ ਕਿ ਅਜਿਹੇ ਕੈਂਪਾਂ ਦੌਰਾਨ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਦਾ ਨਿਪਟਾਰਾ ਯਕੀਨੀ ਬਣਾਇਆ ਜਾ ਸਕਦਾ ਹੈ।

ਇਸ ਮੌਕੇ ਬੋਲਦਿਆਂ ਐਡੀਸ਼ਨਲ ਡਿਪਟੀ ਕਮਿਸ਼ਨਰ (ਡੀ) ਟੀ ਬੈਂਟਨ ਨੇ ਕਿਹਾ ਕਿ ਪ੍ਰਸ਼ਾਸਨ ਲੋਕਾਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ, ਇਸ ਲਈ ਅੱਜ ਇਸ ਮੁਹਿੰਮ ਅਧੀਨ ਪੰਜਾਬ ਸਰਕਾਰ ਆਪ ਜੀ ਦੇ ਦੁਆਰ ਪਹੁੰਚੀ ਹੈ। ਇਸ ਮੌਕੇ ਪਿੰਡਾਂ ਦੇ ਪੰਚਾਂ, ਸਰਪੰਚਾਂ ਤੋਂ ਇਲਾਵਾ ਐੱਸ.ਡੀ.ਐੱਮ. ਬੁਢਲਾਡਾ, ਡੀ.ਐੱਸ.ਪੀ. ਬੁਢਲਾਡਾ, ਨਾਇਬ ਤਹਿਸੀਲਦਾਰ ਬਲਕਾਰ ਸਿੰਘ, ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਸਿੱਧੂ, ਮਾਰਕਿਟ ਕਮੇਟੀ ਸਕੱਤਰ ਜੈ ਸਿੰਘ ਸਿੱਧੂ, ਖੇਤੀਬਾੜੀ ਅਧਿਕਾਰੀ ਸਿਕੰਦਰ ਸਿੰਘ, ਐੱਸ.ਐੱਮ.ਓ. ਗੁਰਚੇਤਨ ਪ੍ਰਕਾਸ਼ ਆਦਿ ਹਾਜ਼ਰ ਸਨ।

# ਸੰਤ ਕਬੀਰ ਕਾਨਵੈਂਟ ਸਕੂਲ 'ਚ ਆਸ਼ੀਰਵਾਦ ਸਮਾਗਮ



ਸੰਤ ਕਬੀਰ ਸਕੂਲ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਆਸ਼ੀਰਵਾਦ ਸਮਾਗਮ ਦੌਰਾਨ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ 'ਤੇ ਪ੍ਰਿੰਸੀਪਲ ਮੈਡਮ ਕੰਚਨ ਤੇ ਆਪਣੇ ਅਧਿਆਪਕਾਂ ਨਾਲ।

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਆਸ਼ੀਰਵਾਦ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਦੌਰਾਨ ਕਰਵਾਈ ਮਾਡਲਿੰਗ 'ਚ ਪ੍ਰਭਜੋਤ ਕੌਰ ਮਿਸ 10ਵੀਂ, ਨੂਰੁਲ ਮਿ. 10ਵੀਂ, ਲਾਜਿਕ ਮਿਸ ਚਾਰਮਿੰਗ, ਹਰ ਫਤਿਹ ਮਿ. ਹੈਂਡਸਮ ਤੇ ਯੁਵਰਾਜ ਸਿੰਘ ਨੂੰ ਲੱਕੀ ਬੁਆਏ ਆਫ ਦਿ ਡੇ ਚੁਣਿਆ ਗਿਆ। ਆਪਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਦਸਵੀਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕਵਿਤਾਵਾਂ ਨੂੰ ਸੁਣ ਕੇ ਸਾਰਿਆਂ ਦੀਆਂ ਅੱਖਾਂ 'ਚ ਹੰਝੂ ਛਲਕ ਆਏ। ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਨੇ ਇਸ ਸੰਸਥਾ ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ ਹੈ। ਇਸ ਸੰਸਥਾ ਵਿੱਚ ਪੜ੍ਹਦਿਆਂ ਜਿੱਥੇ ਉਨ੍ਹਾਂ ਦੇ ਚਿਹਰੇ 'ਤੇ ਮੁਸਕਰਾਹਟ ਸੀ, ਉੱਥੇ ਉਨ੍ਹਾਂ ਨੂੰ ਸੰਸਥਾ ਛੱਡਣ ਦਾ ਦੁੱਖ ਵੀ ਸੀ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਉਨ੍ਹਾਂ ਨੂੰ ਜੀਵਨ ਵਿੱਚ ਅਨੁਸ਼ਾਸਨ 'ਚ ਰਹਿਣ ਲਈ ਪ੍ਰੇਰਿਤ ਕੀਤਾ।

CMYK

19-Feb-Sunday.qxd 2/18/2023 9:23 PM Page 3

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



# ਗੁਰਚਰਨ ਸਿੰਘ ਨੂਰਪੁਰ ਦੀਆਂ ਨਵੀਂਆਂ .ਗ਼ਜ਼ਲਾਂ



(1)

ਨਾ ਸਾਰਾ ਸ਼ੀਸ਼ਿਆਂ ਵਰਗਾ, ਨਾ ਹੀ ਪੱਥਰਾਂ ਵਰਗਾ।
ਘਰਾਂ ਵਿੱਚ ਰਹਿਣ ਦੇਵੋ ਯਾਰੋ, ਕੁਝ ਤਾਂ ਘਰਾਂ ਵਰਗਾ।

ਦੁਆਵਾਂ ਲੋਰੀਆਂ ਵਰਗਾ, ਸੁਹਾਗਾਂ ਸਿੱਠਣੀਆਂ ਵਰਗਾ,
ਸਦਾ ਜ਼ਿੰਦਾ ਰਹੇ ਕੁਝ ਤਾਂ, ਗੁਰਮੁਖੀ ਅੱਖਰਾਂ ਵਰਗਾ।

ਹੈ ਖੁਦਗਰਜ਼ ਮੌਸਮ ਇਹ, ਵਿਕਦਾ ਬਹੁਤ ਕੁਝ ਏਥੇ,
ਦਿਲਾਂ ਚੋਂ ਮਾਰ ਨਾ ਲੈਣਾ, ਜੋ ਬਚਿਆ ਜਜ਼ਬਿਆਂ ਵਰਗਾ।

ਮੰਦਰ ਮਸਜਿਦਾਂ ਅੰਦਰ, ਨੇ ਰਹੀਆਂ ਜੁੜਦੀਆਂ ਭੀੜਾਂ,
ਬੜਾ ਚਾਹਿਆ ਉਨ੍ਹਾਂ, ਕੋਈ ਆਵੇ ਬੰਦਿਆਂ ਵਰਗਾ।

ਉਡਾਰੀ ਭੁੱਲ ਜਾਵਣ ਨਾ, ਪਾ ਕੇ ਪਿੰਜਰਿਆਂ ਸੰਗ ਮੋਹ,
ਸੁਨੇਹਾ ਭੇਜ ਉਹਨਾਂ ਨੂੰ, ਲਿਸ਼ਕਦੇ ਬੱਦਲਾਂ ਵਰਗਾ,

ਵਿਕਾਸ ਏ ਦੌਰ ਵਿੱਚ ਯਾਰੋ, ਰਿਸ਼ਤੇ ਵਿਕਣ ਲੱਗੇ ਨੇ,
ਹਰ ਸ਼ਖਸ ਦੇ ਅੰਦਰੋਂ, ਕੁਝ ਮਰਿਆ ਸੱਧਰਾਂ ਵਰਗਾ।

ਸਵਾਲੀ ਦਰ 'ਤੇ ਆਉਂਦਾ ਸੀ, ਮੁੜਦਾ ਕਦੇ ਨਾ ਖਾਲੀ,
ਮਾਂ ਜਦ ਮੀਟ ਗਈ ਅੱਖਾਂ, ਰਿਹਾ ਨਾ ਦਰ ਦਰਾਂ ਵਰਗਾ।

(2)

ਕਾਸ਼ ਕਿ ਧੁੱਪਾਂ ਲੂੰਆਂ ਵਿੱਚ ਵੀ ਪੱਤਿਆਂ ਨੂੰ ਧਰਵਾਸ ਮਿਲੇ।
ਜੜ੍ਹ ਤੋਂ ਹਿੱਲੇ ਬਿਰਖਾਂ ਨੂੰ, ਜ਼ਿੰਦਗੀ ਦੀ ਕੋਈ ਆਸ ਮਿਲੇ।

ਕੀ ਲੋਕਾਂ ਨੂੰ ਹੋਇਆ ਅੱਜਕੱਲ੍ਹ ਰੰਗ ਬਦਲਿਆ ਪਾਣੀ ਦਾ,
ਇੱਕ ਦੂਜੇ ਨੂੰ ਅਕਸਰ ਪੁੱਛਦੇ ਜਦ ਵੀ ਰਾਵੀ ਬਿਆਸ ਮਿਲੇ।

ਜੋ ਅਮਨਾਂ ਦਾ ਪਾਠ ਪੜ੍ਹਾਉਂਦਾ ਆਇਆ ਸਦਾ ਲੋਕਾਈ ਨੂੰ,
ਖਬਰਾਂ ਨੇ ਕਿ ਬੜੇ ਹੀ ਖੰਜਰ ਉਹਦੇ ਘਰ ਦੇ ਪਾਸ ਮਿਲੇ।

ਵਾਅਦੇ ਕਦੇ ਭਰੋਸੇ ਸਾਡੀ ਝੋਲੀ ਵਿੱਚ ਉਹ ਪਾ ਛੱਡਦੇ,
ਕਦ ਇਹ ਵਾਅਦੇ ਵਫਾ ਹੋਣਗੇ ਕਿੰਝ ਸਾਨੂੰ ਵਿਸ਼ਵਾਸ ਮਿਲੇ।

ਸਾਡੇ ਤੋਂ ਉਹ ਦੂਰ ਹੈ ਅੱਜਕੱਲ੍ਹ ਸਾਨੂੰ ਸਮਝੇ ਆਮ ਜਿਹੇ,
ਵੱਡੇ ਰੁਤਬੇ ਵਾਲੇ ਉਹਨੂੰ ਬੰਦੇ ਜਦ ਕੁਝ ਖਾਸ ਮਿਲੇ।

(3)

ਹਿੰਮਤ ਵਾਲਾ ਦੀਵਾ ਦਿਲ ਦੇ, ਵਿਹੜੇ ਦੇ ਵਿੱਚ ਬਾਲ ਕੁੜੇ।
ਕਾਲੀ ਬੋਲੀ ਰਾਤ ਵਰਗੀਆਂ, ਸਿਰੋਂ ਬਲਾਵਾਂ ਟਾਲ ਕੁੜੇ।

ਆਪਾ ਧਾਪੀ ਦੇ ਆਲਮ ਵਿੱਚ, ਕੌਣ ਕਿਸੇ ਦਾ ਬਣਦਾ ਈ?
ਆਪਣੇ ਹਿੱਸੇ ਦੇ ਸੂਰਜ ਨੂੰ, ਅੱਖਰਾਂ ਵਿੱਚੋਂ ਭਾਲ ਕੁੜੇ।

ਚੀਜ਼ ਖਰੀਦੇ ਜਾਵਣ ਵਾਲੀ ਜਿਹੜੇ ਤੈਨੂੰ ਕਹਿੰਦੇ ਨੇ,
ਵੱਡੇ ਸ਼ਾਹੂਕਾਰ ਕਹਾਉਂਦੇ ਦਿਲ ਦੇ ਉਹ ਕੰਗਾਲ ਕੁੜੇ।

ਆਪਣਾ ਚਾਨਣ ਆਪ ਬਣੀਂ ਤੂੰ, ਧਰਤੀ ਮਾਂ ਦੀਏ ਜਾਈਏ ਨੀ,
ਸੁਪਨੇ ਅੱਖਾਂ ਵਿੱਚ ਸਜਾਅ ਕੇ, ਤੁਰ ਮੜਕਾਂ ਦੇ ਨਾਲ ਕੁੜੇ।

ਸ਼ਰਮ ਧਰਮ ਦੀਆਂ ਕੰਧਾਂ ਉੱਤੇ, ਇੱਟਾਂ ਧਰਦੇ ਲੋਕਾਂ ਨੂੰ,
ਕਹਿ ਦੇ ਮੈਂ ਕਮਜ਼ੋਰ ਨਹੀਂ, ਹੁਣ ਛੱਡੋ ਮੇਰਾ ਖਿਆਲ ਕੁੜੇ।

ਬਾਜਾਂ ਉੱਤੇ ਝਪਟਣ ਦੀ ਵੀ, ਚਿੜੀਆਂ ਦੇ ਵਿੱਚ ਹਿੰਮਤ ਹੈ,
ਮਨ ਮਸਤਕ ਵਿੱਚ ਜਜ਼ਬਾ ਹੈ, ਤੇ ਪੈਰਾਂ ਹੇਠ ਭੁਚਾਲ ਕੁੜੇ।

ਗੁਰਚਰਨ ਨਿਤਾਣੀ ਹੋਵਣ ਥਾਂ, ਖੜ੍ਹ ਤੂੰ ਆਪਣੇ ਪੈਰਾਂ 'ਤੇ,
ਆਮ ਨਿਮਾਣੇ ਲੋਕਾਂ ਦੇ ਲਈ, ਬਣ ਜਾ ਇੱਕ ਮਿਸਾਲ ਕੁੜੇ।

(4)

ਘਰਾਂ ਦੇ ਅੰਦਰ ਭੋਗ ਰਹੇ ਬਨਵਾਸ ਅਸੀਂ।
ਰਹੇ ਪਿਆਸੇ ਨਦੀ ਦੇ ਰਹਿ ਕੇ ਪਾਸ ਅਸੀਂ।

ਰੋਟੀ ਦੇ ਚੱਕਰ ਨੇ ਚੱਕਰੀਂ ਪਾ ਛੱਡਿਆ,
ਉਂਝ ਤਾਂ ਬਣਨਾ ਚਾਹੁੰਦੇ ਸਾਂ ਕੁਝ ਖਾਸ ਅਸੀਂ।

ਘੁੱਪ ਹਨੇਰੀ ਰਾਤ ਸੀ ਫਿਰ ਵੀ ਐ ਜ਼ਿੰਦਗੀ,
ਤੈਨੂੰ ਮਿਲਣ ਦੀ ਛੱਡ ਸਕੇ ਨਾ ਆਸ ਅਸੀਂ।

ਆਪੋ ਆਪਣੀ ਲਾਸ਼ ਨੂੰ ਚੁੱਕੀ ਫਿਰਦੇ ਹਾਂ,
ਭਰਮ ਹੈ ਸਾਨੂੰ ਬਣਨਾ ਹੈ ਇਤਿਹਾਸ ਅਸੀਂ।

ਯਾਦ ਆਈ ਤਾਂ ਉਹ ਘਰਾਂ ਨੂੰ ਪਰਤਣਗੇ,
ਝੱਲੇ ਦਿਲ ਨੂੰ ਦਿੰਦੇ ਰਹੇ ਧਰਵਾਸ ਅਸੀਂ।

ਉਹ ਸਮਰਪਤ ਹੋ ਗਏ ਨੇ ਬਸ ਦੰਮਾਂ ਨੂੰ,
ਕਿਵੇਂ ਉਹਨਾਂ ਨੂੰ ਆ ਸਕਦੇ ਸੀ ਰਾਸ ਅਸੀਂ?

ਐ ਜ਼ਿੰਦਗੀ ਤੂੰ ਵਾਰ ਵਾਰ ਕਿਉਂ ਰੁਸਦੀ ਰਹੀ,
ਤੂੰ ਕੀ ਜਾਣੇ ਭੋਗਿਆ ਕਿੰਝ ਪਰਵਾਸ ਅਸੀਂ?

(5)

ਲਿਖ ਤੂੰ ਗੀਤ ਤੇ ਗਜ਼ਲਾਂ, ਭਾਵੇਂ ਤੂੰ ਕਵਿਤਾਵਾਂ ਲਿਖ।
ਧੁੱਪ 'ਚ ਬਲਦੇ ਬਿਰਖਾਂ ਲਈ ਪਰ, ਠੰਢੀਆਂ ਕੁਝ ਹਵਾਵਾਂ ਲਿਖ।

ਕੋਹਲੂ ਦੇ ਵਿੱਚ ਪੀੜ ਕੇ ਕੱਢੇ ਸਾਡੇ ਲਹੂ ਪਸੀਨੇ ਨੂੰ,
ਰੱਖਿਆ ਕਿਹੜੇ ਬੈਂਕਾਂ ਦੇ ਵਿੱਚ ਉਹਦਾ ਤੂੰ ਸਿਰਨਾਵਾਂ ਲਿਖ।

ਪੋਣਿਆਂ ਦੇ ਵਿੱਚ ਬੰਨ੍ਹੀ ਟੁੱਕਰ ਆ ਖੜਦੇ ਵਿੱਚ ਚੌਂਕਾਂ ਦੇ,
ਸੁੱਕੇ ਪਿੰਜਰ ਕੰਮ ਉਡੀਕਣ ਅੰਦਰੋਂ ਉਠਦੀਆਂ ਆਹਾਂ ਲਿਖ।

ਸੁਪਨੇ ਬੀਜਣ ਵਾਲਾ ਹੁਣ, ਨਸ਼ਿਆਂ ਵਿੱਚ ਗਲਤਾਨ ਫਿਰੇ,
ਕਿੰਨੇ ਸੁਪਨੇ ਮਾਰ ਬੈਠੀਆਂ, ਬਹੂ ਬੇਟੀਆਂ ਮਾਵਾਂ ਲਿਖ।

ਚਾਰੇ ਪਾਸੇ ਗਲਬਾ ਪਾ ਲਿਆ ਜ਼ਹਿਰਾਂ ਵੰਡਣ ਵਾਲੇ ਨੇ,
ਫਿਰਨ ਭਟਕਦੇ ਚਿੜੀ ਜਨੌਰਾਂ ਦੇ ਲਈ ਕੁਝ ਕੁ ਛਾਵਾਂ ਲਿਖ।

ਅੰਨਦਾਤਾ ਸੀ ਕਹਿੰਦੇ ਜਿਹਨੂੰ ਰੁੱਖਾਂ ਦੇ ਨਾਲ ਲਟਕ ਰਿਹਾ,
ਉਹਦੇ ਗਲ ਦਾ ਰੱਸਾ ਵੱਟਿਆ, ਕਿਹੜੇ ਹੱਥਾਂ ਬਾਹਵਾਂ ਲਿਖ।

ਪੜ੍ਹਿਆਂ-ਲਿਖਿਆਂ ਪੁੱਤਰਾਂ ਨੂੰ ਵੀ ਸ਼ਬਦਾਂ ਦੀ ਕੁਝ ਸਮਝ ਪਵੇ,
ਐਹੋ ਜਿਹੇ ਕੁਝ ਅੱਖਰ ਲਿਖ, ਅੱਖਰਾਂ ਵਿੱਚ ਦੁਆਵਾਂ ਲਿਖ।

ਮੋਬਾਇਲ 98550-51099

**ਕੌਮਾਂਤਰੀ ਮਾਂ-ਬੋਲੀ ਦਿਵਸ ਸੰਬੰਧੀ**

# ਪੰਜਾਬੀ ਮਾਂ ਬੋਲੀ ਦੀ ਗੁਹਾਰ

ਡਾ. ਲਾਭ ਸਿੰਘ ਖੀਵਾ

ਕੌਮਾਂਤਰੀ ਮਾਤ-ਭਾਸ਼ਾ ਦਿਵਸ ਪਹਿਲਾਂ ਆਉਂਦੇ ਰਹੇ ਹਨ ਤੇ ਫਿਰ ਵੀ ਆਉਂਦੇ ਰਹਿਣਗੇ, ਪਰ ਇਸ ਵਾਰ ਦਾ ਇਹ ਦਿਵਸ ਵਿਸ਼ੇਸ਼ ਮਹੱਤਤਾ ਰੱਖਦਾ ਜਾਪਦਾ ਹੈ। ਪੰਜਾਬੀ ਮਾਂ-ਬੋਲੀ ਦੀ ਗੁਹਾਰ 'ਤੇ ਕੰਨ ਧਰੇ ਜਾਣ ਦੇ ਕੁੱਝ ਉੱਜਲ ਮੌਕਿਆਂ ਦੀ ਕੱਚੀ-ਪੱਕੀ ਆਸ ਬੱਝੀ ਹੈ। ਇਸ ਗੁਹਾਰ 'ਚ ਤਲਖ਼ੀ ਵੀ ਹੈ ਤੇ ਨਰਮੀ ਵੀ। ਤਲਖ਼ੀ ਇਸ ਲਈ ਕਿ ਮਾਂ-ਬੋਲੀ ਪ੍ਰਤੀ ਪੰਜਾਬੀ ਬੜੇ ਸੰਵੇਦਨਹੀਣ ਹਨ। ਬੇਗਾਨੀਆਂ ਮਾਸੀਆਂ-ਚਾਚੀਆਂ ਦੀ ਉਂਗਲ ਫੜ ਕੇ ਉਹ ਖੜੀ ਮਾਂ ਨੂੰ ਛੱਡ ਜਾਂਦੇ ਹਨ, ਇਹ ਭਾਵੇਂ ਕੁਦੇਸਣਾਂ ਵੀ ਹੋਣ। ਮੰਨਿਆ ਕਿ ਮੁਸਲਸਲ ਬਾਹਰੀ ਹਮਲਾਵਰਾਂ ਦੀ ਆਮਦ ਨਾਲ ਇਨ੍ਹਾਂ ਵਿੱਚ ਕੁਦੇਸੀ ਖ਼ੂਨ ਦੀ ਮਿਲਾਵਟ ਹੋਵੇ, ਪਰ ਮਾਂ ਤਾਂ ਮਾਂ ਹੁੰਦੀ ਹੈ। ਬਾਹਰੋਂ ਆਈ ਕਥਿਤ ਮਾਸੀ/ਚਾਚੀ ਇਸ ਮਿਲਾਵਟ ਸਦਕਾ ਹੀ ਪੰਜਾਬੀਆਂ ਦੇ ਚੁੱਲ੍ਹੇ 'ਚੋਂ ਅੱਗ ਲੈਣ ਆਈ ਘਰ ਦੀ ਮਾਲਕਣ ਬਣ ਬੈਠਦੀ ਆਈ ਹੈ। "ਘਰਿ ਘਰਿ ਮੀਆ ਸਭਨਾਂ ਜੀਆ ਬੋਲੀ ਅਵਰ ਤੁਮਾਰੀ"। ਇਸ ਗੁਹਾਰ ਵਿੱਚ ਇਸ ਗੱਲੋਂ ਵੀ ਤਲਖ਼ੀ ਹੈ ਕਿ ਇਕੱਲੇ ਪਰਵਾਰਾਂ ਵਿਚ ਹੀ ਮਾਂ ਦੀ ਪੁੱਛਗਿੱਛ ਮਨਫ਼ੀ ਨਹੀਂ ਹੋਈ, ਆਪਣੀਆਂ ਸਰਕਾਰਾਂ ਨੇ ਵੀ ਕੁਦੇਸਣਾਂ ਨੂੰ ਬਰਾਬਰ ਸਿੰਘਾਸਨ 'ਤੇ ਬਿਠਾਇਆ। ਕਹਿਣ ਨੂੰ ਖਾਲਸਾ ਸਰਕਾਰ ਤੇ ਮਾਂ ਗੋਲੀ, ਜੋ ਕਦੇ ਨਾ ਬੋਲੀ ਕਿ ਖਾਲਸਾ ਦਰਬਾਰ 'ਚ ਮੈਂ ਬਾਹਰ ਕਿਉਂ ਖੜ੍ਹੀ ਹਾਂ?

ਪੰਜਾਬੀ ਮਾਂ-ਬੋਲੀ ਦੀ ਗੁਹਾਰ 'ਚ ਇਹ ਵੀ ਨਹੋਰਾ ਹੈ ਕਿ ਖਾਲਸਾ ਦਰਬਾਰ ਗੋਰੀ ਤਾਈ ਦੇ ਅਧੀਨ ਨਾ ਹੁੰਦਾ, ਜੇਕਰ ਪੰਜਾਬੀ ਮਾਂ-ਬੋਲੀ ਦੇ ਸਪੂਤ ਬਣ ਕੇ ਰਹਿੰਦੇ। ਗੋਰੀ ਤਾਈ ਨੇ ਪੰਜਾਬੀ ਬੋਲੀ ਤੋਂ ਹੀ ਸਾਨੂੰ ਮਹਿਰੂਮ ਨਾ ਕੀਤਾ, ਸੱਭਿਆਚਾਰ ਤੇ ਧਰਮ ਤੋਂ ਵੀ ਵਾਂਝੇ ਕਰਨ ਦਾ ਯਤਨ ਕੀਤਾ। ਇਸ ਕੋਹੜ ਤੋਂ ਅਜੇ ਵੀ ਸਾਡਾ ਤਨ-ਮਨ ਪ੍ਰਭਾਵਿਤ ਹੈ। ਸਾਡੇ ਮਨ ਨੂੰ ਗਿਰਜੇ ਖਿੱਚ ਰਹੇ ਹਨ। ਤਨ ਨੂੰ ਉਪਭੋਗੀ ਸੱਭਿਆਚਾਰ ਸੈਨਤਾਂ ਮਾਰ ਰਿਹਾ ਹੈ। ਇਉਂ ਪੰਜਾਬੀ ਮਾਂ-ਬੋਲੀ ਦੀ ਗੁਹਾਰ ਦਾ ਇਤਿਹਾਸਕ ਅਨੁਭਵ ਬੜਾ ਤੁਰਸ਼ ਤੇ ਤਰਸਮਈ ਹੈ। ਇਸ ਅਨੁਭਵ ਵਿਚ ਮਾਂ-ਬੋਲੀ ਦੇ ਜਾਇਆਂ ਦੀ ਵਫ਼ਾ ਵੀ ਹੈ ਤੇ ਜਫ਼ਾ ਵੀ। ਰਈਅਤ ਵਫ਼ਾ ਕਰਦੀ ਰਹੀ ਤੇ ਰਈਸ ਜਫ਼ਾ ਕਰਦੇ ਰਹੇ।

ਇਹ ਗੁਹਾਰ ਇਸ ਪੱਖੋਂ ਵੀ ਉਲਝਣ 'ਚ ਹੈ ਕਿ ਬੰਗਾਲੀ ਤਾਂ ਧਾਰਮਿਕ ਵੰਡੀਆਂ ਨੂੰ ਠੁੱਡ ਮਾਰ ਕੇ ਆਪਣੀ ਮਾਂ-ਬੋਲੀ ਦੇ ਚਰਨੀ— ਮੁੜ ਆ ਬੈਠਦੇ ਹਨ, ਪਰ ਪੰਜਾਬੀ ਅਜੇ ਵੀ ਮਾਂ ਦਾ ਸਾਂਝਾ ਵਿਹੜਾ ਛੱਡ ਕੇ ਆਪੋ-ਆਪਣੇ ਮਜ਼ਹਬੀ ਖੁੱਡਿਆਂ 'ਚ ਵੜੇ ਬੈਠੇ ਹਨ, ਕੋਈ ਅੰਦਰੋਂ ਬਾਂਗਾਂ ਦੇਈ ਜਾਂਦਾ ਹੈ ਤੇ ਕੋਈ ਉਪਰੋਂ ਬਾਂਗ ਦਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਬੰਗਾਲੀ ਮਾਂ ਦੇ ਲਖ਼ਤੇ-ਜਿਗਰ ਮਾਂ ਦੀ ਨਿੱਘੀ ਗੋਦ 'ਚ ਜਾਣ ਲਈ ਲੰਮਾ ਸਮਾਂ ਰਿਹਾੜ ਕਰਦੇ ਰਹੇ, ਚਪੇੜਾਂ ਵੀ ਖਾਧੀਆਂ, ਬਗ਼ਾਵਤਾਂ ਵੀ ਕੀਤੀਆਂ, ਸ਼ਹਾਦਤਾਂ ਵੀ ਦਿੱਤੀਆਂ ਤੇ ਅੱਜ ਕੌਮਾਂਤਰੀ ਮਾਤ-ਭਾਸ਼ਾ ਦਿਵਸ/ਉਤਸਵ ਦੇ ਬਾਨੀ ਹਨ। ਪੰਜਾਬੀ ਯੋਧੇ ਹਨ, ਬਹਾਦਰ ਹਨ, ਲੜਦੇ ਹਨ, ਸ਼ਹੀਦੀਆਂ ਦਿੰਦੇ ਹਨ, ਇਤਿਹਾਸ ਸਿਰਜਦੇ ਹਨ, ਪਰ ਕਾਹਦੇ ਲਈ? ਸਿਰਫ਼ ਇਲਾਕੇ ਜਿੱਤਣ ਲਈ, ਰਾਜ-ਭਾਗ ਮਾਨਣ ਲਈ ਪਰ ਮਾਂ-ਬੋਲੀ ਦੇ ਭਾਗਾਂ 'ਚ ਸਰਦਾਰੀ ਅਲੋਪ ਰਹੀ। ਖ਼ੈਰ, ਪੁੱਤ ਕਪੁੱਤ ਬਣ ਜਾਣ, ਪਰ ਮਾਂ ਕਦੇ ਕੁਮਾਂ ਨਹੀਂ ਹੋ ਸਕਦੀ।

ਮਾਂ-ਬੋਲੀ ਦੀ ਗੁਹਾਰ 'ਚ ਇਸ ਵਾਰ ਕੁੱਝ ਨਰਮੀ ਇਸ ਲਈ ਵੀ ਹੈ ਕਿ ਧਾਰਮਿਕ ਵੰਡਾਂ 'ਚ ਵੰਡੇ ਪੁੱਤ ਹੁਣ ਇਸ ਦੀ ਬੁੱਕਲ 'ਚ ਆਉਣ ਲਈ ਧੁਰਲੀ ਮਾਰਨ ਦੇ ਯਤਨ ਕਰਦੇ ਰਹਿੰਦੇ ਹਨ। ਮੱਲੋ-ਜ਼ੋਰੀ-ਬੇਗਾਨੀ ਦਾਦੀ ਦੇ ਵੱਸ ਪਾਏ ਲਹਿੰਦੇ ਪਾਸੇ ਦੇ ਪੁੱਤਰ ਉਸ ਦੀ ਚੁੰਗਲ 'ਚੋਂ ਨਿਕਲਣ ਲਈ ਹੱਥ-ਪੈਰ ਮਾਰ ਰਹੇ ਹਨ। ਇਸ ਗੁਹਾਰ 'ਚ ਰਤੀ-ਮਾਸਾ ਵੀ ਗ਼ਿਲਾ ਨਹੀਂ ਕਿ ਧਾਰਮਿਕ ਵਖ਼ਰੇਵੇਂ ਕਾਰਨ ਇਹ ਪੁੱਤਰ ਅੱਡਰੇ ਘਰ 'ਚ ਰਹਿ ਰਹੇ ਹਨ, ਹਨ ਤਾਂ ਸਾਂਝੀ ਮਾਂ ਦੀ ਔਲਾਦ। ਬੱਸ, ਮਾਂ ਤੋਂ ਮੁਨਕਰ ਨਾ ਹੋਣ। ਉਂਜ ਤਾਂ ਇਹ ਸਾਂਝੀ ਮਾਂ ਦੇ ਜੰਮੇ-ਜਾਏ ਕਈ ਮੁਲਕਾਂ 'ਚ ਜਾ ਵਸੇ ਹਨ। ਮਾਂ-ਬੋਲੀ ਦੀ ਗੁਹਾਰ 'ਚ ਇਸ ਕਾਰਨ ਵੀ ਨਰਮਾਈ ਹੈ, ਪਰ ਇਹ ਪਰਵਾਸਧਾਰੀ ਪੁੱਤਰ ਆਪਣੀ ਮਾਂ ਨੂੰ ਨਾ ਵਿਸਾਰਨ, ਜਿਹੜੇ ਮਰਜ਼ੀ ਦੇਸ-ਪ੍ਰਦੇਸ਼ 'ਚ ਰਹਿਣ। ਵੈਸੇ ਤਾਂ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਪੰਜਾਬੀ ਮਾਂ-ਬੋਲੀ ਦੀ ਹੋਂਦ ਨੂੰ ਸਵੀਕਾਰ ਕਰ ਲਿਆ ਹੈ, ਕਿਉਂਕਿ ਉੱਥੇ ਉਸ ਦੇ ਸ਼ੀਰਖ਼ੋਰ ਜਾ ਵਸੇ ਹਨ। ਕਿੰਨੀਆਂ ਚੰਗੀਆਂ ਨੇ ਇਹ ਸਰਕਾਰਾਂ।

ਪੰਜਾਬੀ ਮਾਂ-ਬੋਲੀ ਦੀ ਗੁਹਾਰ ਇਸ ਲਈ ਅੱਜ ਸੁਭਾਸ਼ੀ ਤੇ ਸੁੱਘੜ-ਸੁਜਾਨ ਹੈ, ਕਿਉਂਕਿ ਵਿਦੇਸ਼ੀ ਸਰਕਾਰਾਂ ਦੀ ਚੰਗਿਆਈ ਵਰਗੀ ਹਵਾ ਇਸ ਦੇ ਕੰਨਾਂ ਤੱਕ ਸਰਕੀ ਹੈ। ਹੁਣੇ-ਹੁਣੇ ਵਰਤਮਾਨ ਸਰਕਾਰ ਦੇ ਸਪੀਕਰ ਵੱਲੋਂ ਪੰਜਾਬ ਦੀਆਂ ਅਦਾਲਤਾਂ ਵਿਚ ਪੰਜਾਬੀ ਮਾਂ-ਬੋਲੀ ਨੂੰ ਕੁਰਸੀ 'ਤੇ ਬੈਠਾਏ ਜਾਣ ਸੰਬੰਧੀ ਕੀਤੀ ਮੀਟਿੰਗ ਦਾ ਸੁਖਾਵਾਂ ਬੁੱਲਾ ਵੀ ਇਸ ਗੁਹਾਰ ਨੂੰ ਲਰਜ਼ਿਤ ਕਰਕੇ ਲੰਘਿਆ ਹੈ। ਇਹ ਗੁਹਾਰ ਇਸ ਲਈ ਵੀ ਧੀਮੇ ਬੋਲਾਂ 'ਚ ਅਨੁਸ਼ਾਸਿਤ ਹੈ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਨੇ ਵੀ ਇੱਕੀ ਫਰਵਰੀ ਤੋਂ ਹਰ ਦੁਕਾਨ/ਹੱਟੀ ਦੇ ਫੱਟੇ ਨੂੰ ਇਸ ਰੂਪ ਵਿਚ ਤਬਦੀਲ ਕੀਤੇ ਜਾਣ ਦੇ ਫਰਮਾਨ ਜਾਰੀ ਕਰਨੇ ਹਨ ਕਿ ਹਰ ਗਾਹਕ ਦੁਕਾਨ ਦੇ ਬੂਹਿਓਂ ਮਾਂ-ਬੋਲੀ ਨੂੰ ਸਿਰ ਝੁਕਾ ਦੇ ਲੰਘੇ। ਮਾਂ-ਬੋਲੀ ਦੀ ਗੁਹਾਰ ਨੇ ਅਜਿਹਾ ਕੰਨਖੜਿੱਕਾ 1967, 2008 ਤੇ 2021 ਵਿਚ ਸੁਣਿਆ ਸੀ। ਭਲਾ ਹੋਵੇ 1967 ਵਾਲੇ ਮੁੱਖ ਮੰਤਰੀ ਦਾ, ਜਿਸ ਨੇ ਪੰਜਾਬੀ ਮਾਂ-ਬੋਲੀ ਨੂੰ ਸਿੰਘਾਸਨ ਉੱਤੇ ਬਰਾਬਰ ਬੈਠਾਇਆ। 2008 ਵਿਚ ਤਤਕਾਲੀ ਸਰਕਾਰ ਨੇ 10ਵੀਂ ਜਮਾਤ ਤੱਕ ਪੰਜਾਬੀ ਵਿਸ਼ੇ ਦੀ ਪੜ੍ਹਾਈ ਲਾਜ਼ਮੀ ਕੀਤੀ। 2021 ਨੂੰ ਗੁਰਮੁਖੀ ਲਿੱਪੀ ਵਿਚ ਪੰਜਾਬੀ ਦੀ ਵਰਤੋਂ ਨਾ ਕਰਨ ਵਾਲੇ ਦਫ਼ਤਰਾਂ/ਅਧਿਕਾਰੀਆਂ ਨੂੰ ਸਜ਼ਾ ਦੇਣ/ਜੁਰਮਾਨੇ ਕਰਨ ਦੇ ਹੁਕਮ ਜਾਰੀ ਹੋਏ। 1967 ਵੇਲੇ ਮਾਂ-ਬੋਲੀ ਦੀ ਗੁਹਾਰ ਨੇ ਸੁੱਖ ਦਾ ਸਾਹ ਤਾਂ ਲਿਆ, ਪਰ ਪੂਰੀ ਸੰਤੁਸ਼ਟੀ ਨਹੀਂ ਸੀ। 2008 ਤੇ 2021 ਵਿਚ ਵੀ ਬੜੀਆਂ ਗੁਹਾਰਾਂ ਲਾਈਆਂ, ਪਰ ਇੰਨੀ ਕੁ ਸੁਣਵਾਈ ਹੁੰਦੀ ਰਹੀ, ਜਿਵੇਂ ਊਠ ਤੋਂ ਛਾਨਣੀ ਲਾਹ ਦਿੱਤੀ ਜਾਵੇ ਤਾਂ ਜੋ ਊਠ ਅੜਿੰਗੇ ਨਾ।

2023 ਦੇ ਚੜ੍ਹੇ ਵਰ੍ਹੇ ਕਾਫ਼ੀ ਕੁੱਝ ਨਵਾਂ ਹੋਵਣ ਦੀਆਂ ਕਨਸੋਆਂ ਪੰਜਾਬੀ ਮਾਂ-ਬੋਲੀ ਦੀ ਗੁਹਾਰ ਵਿੱਚ ਸ਼ਾਮਲ ਹਨ। ਕਿਉਂਕਿ ਪੰਜਾਬ ਦੇ ਸਿਆਸੀ ਮਾਹੌਲ ਵਿਚ ਵੀ ਨਵੀਂ ਹਵਾ ਰੁਮਕੀ ਹੈ। ਇਸ ਬਦਲੇ ਸਿਆਸੀ ਮਾਹੌਲ ਦਾ ਮੁਖੀਆ, ਖੁਸ਼ਕਿਸਮਤ ਨਾਲ, ਪੰਜਾਬੀ ਮਾਂ-ਬੋਲੀ ਦਾ ਵਰੋਸਾਇਆ ਹੀ ਮੁੱਖ ਮੰਤਰੀ ਬਣਿਆ ਹੈ, ਪਰ ਪਿਛਲੇ ਕੌੜੇ ਤਜਰਬਿਆਂ ਤੋਂ ਇਹ ਗੁਹਾਰ ਬਹੁਤ ਡਰੀ ਹੋਈ ਹੈ। ਇਸ ਲਈ ਹੈ ਕਿ ਪੰਜਾਬੀ ਮਾਂ-ਬੋਲੀ ਦਾ ਝਾਟਾ ਬਹੁਤ ਉਲਝਿਆ ਹੋਇਆ ਹੈ। ਇਸ ਨੂੰ ਸੰਵਾਰਨ ਲਈ ਲਛਮਣ ਸਿੰਘ ਗਿੱਲ ਵਰਗੇ ਮੁੱਖ ਮੰਤਰੀ ਵਾਲੀ ਕੰਘੀ ਚਾਹੀਦੀ ਹੈ, ਜਿਹੜੀ ਅਫ਼ਸਰਸ਼ਾਹੀ/ਬਾਬੂਸ਼ਾਹੀ ਵੱਲੋਂ ਹੱਥਾਂ ਨਾਲ ਦਿੱਤੀਆਂ ਗੰਢਾਂ ਨੂੰ ਆਪਣੀਆਂ ਦੰਦੀਆਂ ਰਾਹੀਂ ਖੋਲ੍ਹਣ ਦੇ ਸਮਰੱਥ ਹੋਵੇ। ਕਿਉਂਕਿ ਇਨ੍ਹਾਂ ਗੰਢਾਂ ਦੇ ਵੀ ਕਈ-ਕਈ ਪੇਚ ਹਨ।

ਇਕ ਗੰਢ 55 ਸਾਲ ਪੁਰਾਣੀ ਹੈ। 1967 ਦੇ ਭਾਸ਼ਾ ਐਕਟ ਦੀ ਧਾਰਾ 5 ਮੁਤਾਬਕ ਪੰਜਾਬ ਵਿਧਾਨ ਸਭਾ 'ਚ ਬਣਾਏ ਜਾਂਦੇ ਕਾਨੂੰਨਾਂ ਦਾ ਪੰਜਾਬੀ ਅਨੁਵਾਦ ਉਪਲੱਬਧ ਕਰਾਉਣ ਲਈ ਇੱਕ ਨੋਟੀਫਿਕੇਸ਼ਨ ਜਾਰੀ ਕਰਨਾ ਸੀ, ਪਰ ਨਾ ਕੀਤਾ ਗਿਆ। ਫਿਰ 2012 ਵਿਚ ਜਾਰੀ ਕਰਨ ਲਈ ਜ਼ੋਰ ਲਾਇਆ, ਪਤਾ ਨਹੀਂ ਇਹ ਨੋਟੀਫਿਕੇਸ਼ਨ ਕਿੰਨਾ ਕੁ ਭਾਰਾ ਹੈ, ਅੱਜ ਤੱਕ ਨਹੀਂ ਚੁੱਕਿਆ ਗਿਆ। ਪੰਜਾਬ ਵਿਧਾਨ ਸਭਾ ਦੇ ਪਾਸ ਕੀਤੇ ਕਾਨੂੰਨ ਅਜੇ ਵੀ ਅੰਗਰੇਜ਼ੀ 'ਚ ਮਿਲਦੇ ਹਨ। ਇਕ ਗੰਢ 1973 ਵੇਲੇ ਦੀ ਹੋਰ ਹੈ। ਹੋਰਨਾਂ ਰਾਜਾਂ ਵਾਂਗ ਪੰਜਾਬ ਰਾਜ ਭਾਸ਼ਾ ਕਮਿਸ਼ਨ (ਵਿਧਾਨਿਕ) 1973 ਵਿਚ ਪੰਜ ਮੈਂਬਰ ਨਿਯੁਕਤ ਕਰਕੇ ਪੂਰੇ ਅਮਲੇ-ਫੈਲੇ ਸਮੇਤ ਬਣਾਇਆ ਗਿਆ ਸੀ। ਹੁਣ ਇਕ ਮੈਂਬਰ ਹੀ ਰਹਿ ਗਿਆ ਹੈ, ਜੋ ਅਗਸਤ 'ਚ ਸੇਵਾ-ਮੁਕਤ ਹੋ ਜਾਵੇਗਾ। ਕਮਿਸ਼ਨ ਨੇ ਪੰਜਾਬ ਤੇ ਕੇਂਦਰ ਨੂੰ ਪੰਜਾਬੀ ਅਨੁਵਾਦਿਤ ਦਸਤਾਵੇਜ਼ ਮੁਹੱਈਆ ਕਰਨੇ ਸਨ। ਅਦਾਲਤਾਂ ਨੂੰ ਲੋੜੀਂਦੀ ਪੰਜਾਬੀ ਅਨੁਵਾਦਿਤ ਸਮੱਗਰੀ ਦੇਣੀ ਸੀ। ਇਹ ਗੰਢ ਤੇਲ ਲਾ ਕੇ ਮੁੜ ਵਾਹੁਣ ਦੀ ਅਤਿ ਲੋੜ ਹੈ। ਸਭ ਤੋਂ ਪੀਡੀ ਗੰਢ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਵਾਲੀ ਹੈ। 2008 ਤੋਂ ਇਸ ਜ਼ੁਲਫ ਨੂੰ ਸੁਲਝਾਉਣ ਦੇ ਯਤਨ ਹੋ ਰਹੇ ਹਨ। ਦੱਖਣ ਦੇ ਚਾਰ-ਪੰਜ ਸੂਬਿਆਂ ਨੇ ਇਹ ਉਲਝਣ ਸੰਵਾਰ ਲਈ ਹੈ। ਪੰਜਾਬ ਵਿਚ ਜਦੋਂ ਇਸ ਮਸਲੇ ਦੀ ਉਲਝੀ ਤਾਣੀ ਨੂੰ ਸੰਵਾਰਨ ਦੀ ਗੱਲ ਚਲਦੀ ਹੈ ਤਾਂ ਕੋਰਟ ਹਰ ਵਾਰ ਗੇਂਦ ਪੰਜਾਬ ਦੇ ਪਾਲੇ ਵਿਚ 'ਚ ਸੁੱਟ ਕੇ ਸੁਰਖ਼ਰੂ ਹੋ ਜਾਂਦੀ ਹੈ। ਕੋਰਟ ਦਾ ਪੱਖ ਵੀ ਜਾਇਜ਼ ਹੈ। ਉਹ ਜ਼ਿਲ੍ਹਾ ਅਦਾਲਤ ਵਿਚ ਪੰਜਾਬ ਸਰਕਾਰ ਤੋਂ ਪੰਜਾਬੀ ਦਾ ਇੱਕ-ਇੱਕ ਜੱਜਮੈਂਟ ਰਾਇਟਰ, ਸਟੈਨੋਗਰਾਫਰ ਤੇ ਉਲੱਥਾਕਾਰ ਮੰਗਦੀ ਹੈ। ਸਿਰਫ਼ ਕੁੱਲ ਸਾਰੇ 2000 ਮੁਲਾਜ਼ਮਾਂ ਦੀ ਭਰਤੀ ਦਾ ਮਸਲਾ ਹੈ।

ਦੋ ਨਵੀਆਂ ਗੰਢਾਂ ਹਨ। ਇਕ ਪੇਚੀਦਾ ਗੰਢ ਭਾਸ਼ਾ ਵਿਭਾਗ, ਪੰਜਾਬ ਨਾਲ ਸੰਬੰਧਤ ਹੈ। 2019 ਵਿਚ ਇਸ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਿੱਤੇ ਗਏ ਹਨ, ਪਰ ਇਹ ਪੁਰਸਕਾਰ ਦਿੱਤੇ ਜਾਣ ਦੀ ਪ੍ਰਕਿਰਿਆ ਅਦਾਲਤ ਵਿਚ ਚੈਲੰਜ ਹੋ ਗਈ। ਜਿਸ ਕਰਕੇ ਸਾਰੇ ਪੁਰਸਕਾਰ-ਵਿਜੇਤਾ ਅਦਾਲਤ ਦੇ ਮੂੰਹ ਵੱਲ ਵੇਖਦੇ ਹਨ, ਕਦੋਂ ਊਠ ਦਾ ਬੁੱਲ੍ਹ ਡਿੱਗੇਗਾ ਜਾਂ ਊਠ ਕਿਹੜੀ ਕਰਵਟ ਬੈਠਦਾ ਹੈ? ਇਉਂ ਹੀ ਭਾਸ਼ਾ ਵਿਭਾਗ ਦੇ ਲੇਖਕ ਭਵਨ ਨੂੰ ਐਨ.ਸੀ.ਸੀ. ਵਿੰਗ ਤੋਂ ਮੁਕਤ ਕਰਾਉਣ ਦੀ ਸਮੱਸਿਆ ਹੈ। ਲੇਖਕ ਲਿਖਣ-ਪੜ੍ਹਨ ਦੇ ਕਾਰਜ ਲਈ ਇਸ ਭਵਨ ਦੀ ਘਾਟ ਬੁਰੀ ਤਰ੍ਹਾਂ ਮਹਿਸੂਸ ਕਰ ਰਹੇ ਹਨ। ਦੂਜੀ ਗੰਢ ਵਿਉਪਾਰਕ ਅਦਾਰਿਆਂ/ਦੁਕਾਨਾਂ ਦੇ ਨਾਂਅ ਪੰਜਾਬੀ ਵਿਚ ਲਿਖੇ ਜਾਣ ਦੇ ਸਰਕਾਰੀ ਐਲਾਨ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੀ ਹੈ। ਪ੍ਰਾਈਵੇਟ ਅਦਾਰਿਆਂ/ਦੁਕਾਨਾਂ ਦੇ ਨਾਂਵਾਂ ਦੀ ਉੱਪਰਲੀ ਪਹਿਲੀ ਪੜਤ ਗੁਰਮੁਖੀ ਪੰਜਾਬੀ ਵਿਚ ਲਾਜ਼ਮੀ ਕਰਨ ਲਈ ਕੋਈ ਕਾਨੂੰਨ ਹਾਮੀ ਨਹੀਂ ਭਰਦਾ। ਇਸ ਮਕਸਦ ਲਈ ਮਹਾਂਰਾਸ਼ਟਰ ਵਾਂਗ ਨਵਾਂ ਕਾਨੂੰਨ/ਆਰਡੀਨੈਂਸ ਮੌਜੂਦ ਹੋਵੇ ਜਾਂ ਪਹਿਲਾਂ ਵਾਲੇ ਕਾਨੂੰਨ ਵਿਚ ਸੋਧ ਹੋਵੇ।

ਪੰਜਾਬੀ ਮਾਂ-ਬੋਲੀ ਦੀ ਗੁਹਾਰ ਇਨ੍ਹਾਂ ਦਬਾਵਾਂ ਹੇਠ ਧੀਮੀ ਤਾਂ ਹੈ ਪਰ ਇੰਨੀ ਨੀਵੀਂ ਨਹੀਂ ਕਿ ਸਰਕਾਰਾਂ, ਦਰਬਾਰਾਂ, ਪਰਵਾਰਾਂ ਤੇ ਬਾਜ਼ਾਰਾਂ ਤੱਕ ਨਾ ਪੁੱਜ ਸਕੇ। ਪੰਜਾਬੀ ਭਾਸ਼ਾ ਦੀ ਆਦਰਸ਼ਕ ਵਰਤੋਂ ਲਈ ਇਹੀ ਧਾਰਨਾ ਦਰੁੱਸਤ ਹੈ ਕਿ ਇਹ ਪਰਵਾਰਾਂ ਤੇ ਸਰਕਾਰਾਂ ਵਿਚ ਬੇਝਿਜਕ ਵਿਚਰੇ ਤੇ ਰੁਜ਼ਗਾਰ ਤੇ ਵਿਉਪਾਰ ਦੀ ਮਾਧਿਅਮ ਬਣੇ। ਇਸ ਸਭ ਕੁੱਝ ਲਈ ਸਰਕਾਰ ਦੀ ਇੱਛਾ-ਸ਼ਕਤੀ ਤੇ ਪਰਵਾਰਾਂ ਦੀ ਭਾਸ਼ਾ-ਭਗਤੀ ਜ਼ਰੂਰੀ ਹੈ। ਵੇਖੋ! ਇਸ ਵਾਰ ਪੰਜਾਬੀਆਂ ਦੇ ਘਰ ਤੇ ਸਰਕਾਰਾਂ ਦੇ ਦਰ ਮਾਂ-ਬੋਲੀ ਦੀ ਗੁਹਾਰ ਦੇ ਪੱਲੇ ਕੀ ਕੁੱਝ ਪਾਉਂਦੇ ਹਨ।

ਸੰਪਰਕ : 94171-78487

ਸਫ਼ਾ 3 ਦੀ ਬਾਕੀ

## ਸਾਵੇਂ, ਸੰਘਰਸ਼ੀ ਤੇ ਸਫਲ ਜੀਵਨ...

ਅਤੇ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਪੰਜਾਬ ਵਿੱਚ 'ਹਰੇ ਇਨਕਲਾਬ' ਨਾਲ ਆਈ ਤਬਦੀਲੀ ਅਤੇ ਇਸ ਦੇ ਪ੍ਰਭਾਵ ਸੰਬੰਧੀ ਵਿਚਾਰ ਮਿਲਦੇ ਹਨ। ਇਸ ਦੇ ਨਾਲ ਹੀ 1984 ਦੇ ਪੰਜਾਬ ਸੰਕਟ, ਦਿੱਲੀ ਵਿੱਚ ਹੋਈ ਸਿੱਖ ਨਸਲਕੁਸ਼ੀ ਆਦਿਕ ਇਤਿਹਾਸ ਦੇ ਅਹਿਮ ਪੜਾਵਾਂ ਬਾਰੇ ਜ਼ਿਕਰ ਕਰਦਾ ਹੈ। ਇਸੇ ਤਰ੍ਹਾਂ ਕੈਨੇਡਾ ਰਹਿੰਦੇ ਹੋਏ ਉੱਥੋਂ ਦੀ ਰਾਜਸੀ ਸਥਿਤੀ, ਵੇਲੇ ਦੀਆਂ ਸਰਕਾਰਾਂ ਦੇ ਫੈਸਲੇ ਜੋ ਉਸ ਅਤੇ ਉਸ ਜਿਹੇ ਹੋਰਨਾਂ ਪਰਵਾਸੀਆਂ 'ਤੇ ਪ੍ਰਭਾਵੀ ਹੋਏ, ਉੱਥੋਂ ਦੇ ਸੰਵਿਧਾਨ, ਪੰਜਾਬੀ ਭਾਈਚਾਰੇ ਦੀਆਂ ਪ੍ਰਾਪਤੀਆਂ ਤੇ ਚੁਣੌਤੀਆਂ, ਭਾਰਤ ਤੇ ਕੈਨੇਡਾ ਦੀ ਤੁਲਨਾ, ਕੈਨੇਡਾ ਦੇ ਬਹੁ ਸੱਭਿਆਚਾਰਵਾਦ, ਆਰਥਿਕ ਮੰਦਵਾੜੇ ਆਦਿ ਬਾਰੇ ਅਹਿਮ ਜ਼ਿਕਰ ਮਿਲਦਾ ਹੈ। ਲੇਖਕ ਦੀ ਖਾਸੀਅਤ ਇਹ ਰਹੀ ਹੈ ਕਿ ਉਹ ਵੇਲੇ ਦੇ ਸਮਾਜ, ਸੱਭਿਆਚਾਰ, ਰਾਜਨੀਤੀ ਜਾਂ ਇਤਿਹਾਸ ਬਾਰੇ ਕੋਈ ਨਿਰਪੇਖ ਚਰਚਾ ਨਹੀਂ ਆਰੰਭਦਾ, ਬਲਕਿ ਇਹ ਸਭ ਉਸ ਦੇ ਜੀਵਨ ਬਿਰਤਾਂਤ ਦੀ ਲਗਾਤਾਰਤਾ ਵਿੱਚ ਉਸ ਦੇ ਇੱਕ ਅਹਿਮ ਹਿੱਸੇ ਵਜੋਂ ਤੇ ਉਸ ਦੇ ਆਪਣੇ ਨਜ਼ਰੀਏ ਤੋਂ ਪੇਸ਼ ਹੋਇਆ ਹੈ।

ਜਰਨੈਲ ਸਿੰਘ ਦੀ ਸ਼ਖਸੀਅਤ ਦਾ ਅਹਿਮ ਪਹਿਲੂ ਉਸ ਦੀ ਸਾਹਿਤ ਸਿਰਜਣਾ ਦੇ ਨਾਲ-ਨਾਲ ਘੁਮੱਕੜੀ ਬਿਰਤੀ ਵੀ ਹੈ। ਅਤਿਅੰਤ ਰੁਝੇਵਿਆਂ ਅਤੇ ਜ਼ਿੰਮੇਵਾਰੀਆਂ ਵਿੱਚ ਵੀ ਉਹ ਵੱਖ-ਵੱਖ ਥਾਵਾਂ ਵੇਖਣ ਲਈ ਸਮਾਂ ਕੱਢ ਹੀ ਲੈਂਦਾ ਹੈ। ਆਪਣੀ ਸਰਵਿਸ ਦੌਰਾਨ ਉਹ ਭਾਰਤ ਦੇ ਜਿਸ ਸ਼ਹਿਰ ਵੀ ਜਾਂਦਾ ਹੈ, ਉੱਥੋਂ ਦੀਆਂ ਅਹਿਮ ਥਾਵਾਂ ਦੀ ਸੈਰ ਕਰਦਾ ਹੈ। ਚੇਨਈ ਦੀ ਮਰੀਨਾ ਬੀਚ, ਅਸਾਮ ਦੇ ਚਾਹ ਦੇ ਬਾਗ, ਤਾਜ ਮਹੱਲ, ਪੁਣੇ, ਜੋਧਪੁਰ ਦੀਆਂ ਅਨੇਕ ਥਾਵਾਂ ਦੀਆਂ ਸੈਰਾਂ ਕਰਦਾ ਆਪਣੀ ਦ੍ਰਿਸ਼ਟਾਂਤ ਸਿਰਜਣ ਦੀ ਸਮਰੱਥਾ ਰਾਹੀਂ ਪਾਠਕ ਨੂੰ ਵੀ ਸੈਰ ਕਰਵਾ ਦਿੰਦਾ ਹੈ। ਇਸ ਦੇ ਨਾਲ ਹੀ ਉਹਨਾਂ ਥਾਵਾਂ ਬਾਰੇ ਇਤਿਹਾਸਕ, ਭੂਗੋਲਿਕ, ਸੱਭਿਆਚਾਰਕ, ਕਲਾ ਸੰਬੰਧੀ ਅਹਿਮ ਜਾਣਕਾਰੀ ਵੀ ਮੁਹੱਈਆ ਕਰਦਾ ਹੈ। ਇੰਜ ਹੀ ਪਾਠਕ ਉਸ ਨਾਲ ਵਾਟਾਂ ਮਾਰਦਿਆਂ ਨਿਊਯਾਰਕ ਦੇ ਹਡਸਨ ਦਰਿਆ, ਵਰਲਡ ਟਰੇਡ ਸੈਂਟਰ, ਕੈਨੇਡਾ ਦੇ ਵਿਸ਼ਵ ਪ੍ਰਸਿੱਧ ਨਿਆਗਰਾ ਫਾਲਜ਼ ਦੇ ਨਜ਼ਾਰੇ ਆਪਣੀਆਂ ਅੱਖਾਂ ਸਾਹਵੇਂ ਸਾਕਾਰ ਹੋਏ ਵੇਖਦਾ ਹੈ ਅਤੇ ਇਹਨਾਂ ਬਾਰੇ ਅਹਿਮ ਵਾਕਫੀਅਤ। 'ਕੈਨੇਡਾ ਦੀ ਪੂਰਬ ਤੋਂ ਪੱਛਮ ਤੱਕ ਯਾਤਰਾ' ਦੇ ਸਿਰਲੇਖ ਅਧੀਨ ਦਰਸਾਈ ਬਰੈਂਪਟਨ ਤੋਂ ਅਲਬਰਟਾ ਸੂਬੇ ਦੇ ਪ੍ਰਸਿੱਧ 'ਬੈਂਫ ਨੈਸ਼ਨਲ ਪਾਰਕ' ਦੀ 400 ਕਿਲੋਮੀਟਰ ਲੰਮੀ ਯਾਤਰਾ ਤਾਂ ਜਿਵੇਂ ਸਫਰਨਾਮੇ ਦੀ ਝਲਕ ਦੇ ਜਾਂਦੀ ਹੈ।

ਆਪਣੇ ਬਿਰਤਾਂਤ ਸਿਰਜਣ ਦੇ ਹੁਨਰ ਸਦਕਾ ਜਰਨੈਲ ਸਿੰਘ ਆਪਣਾ ਜੀਵਨ ਬਿਰਤਾਂਤ ਲਿਖਦੇ ਹੋਏ ਵੀ ਕਹਾਣੀ ਵਾਂਗ ਆਪਣੀਆਂ ਜੀਵਨ ਘਟਨਾਵਾਂ ਨੂੰ ਵੀ ਬੜੇ ਰੌਚਕ, ਉਤਸੁਕਤਾ ਭਰਪੂਰ ਤੇ ਨਾਟਕੀ ਅੰਦਾਜ਼ ਵਿੱਚ ਸਿਰਜਦਾ ਹੈ। ਮਿਸਾਲ ਵਜੋਂ ਟ੍ਰੇਨਿੰਗ ਸੰਬੰਧੀ ਅਨੁਭਵ, ਮਰੀਨਾ ਬੀਚ 'ਤੇ ਦੋਸਤਾਂ ਨਾਲ ਜਾਣਾ, ਨੇੜਿਓਂ ਤੱਕੀ ਮੌਤ, ਮੀਂਹ ਵਿੱਚ ਟਾਂਗੇ ਦਾ ਸਫਰ, ਭਾਰਤ-ਪਾਕਿਸਤਾਨ ਜੰਗ ਦਾ ਬਿਰਤਾਂਤ, ਸੀ ਬੀ ਸੀ ਵਿੱਚ ਸੁਰੱਖਿਆ ਅਧਿਕਾਰੀ ਦੀ ਨੌਕਰੀ ਦੌਰਾਨ ਚੋਰ ਨੂੰ ਫੜਾਉਣਾ, ਟਰੇਨਿੰਗ ਦੇ ਟੈਸਟ ਆਦਿ। ਉਹ ਨਾਲ ਹੀ ਬੜੇ ਪ੍ਰਭਾਵਮਈ ਵਾਰਤਾਲਾਪੀ ਅੰਸ਼ ਵੀ ਵਰਤਦਾ ਹੈ। ਇਸ ਦੇ ਨਾਲ ਹੀ ਭਾਰਤੀ ਸੈਨਾ ਤੇ ਕੈਨੇਡੀਅਨ ਸੁਰੱਖਿਆ ਅਧਿਕਾਰੀਆਂ ਦੇ ਆਪਣੇ ਸੈਨਿਕਾਂ ਨਾਲ ਵਿਹਾਰ ਸੰਬੰਧੀ, ਭਾਰਤ ਅਤੇ ਕੈਨੇਡਾ ਦਾ ਹੋਰਨਾਂ ਪੱਖਾਂ ਤੋਂ ਤੁਲਨਾਤਮਕ ਪਰਿਪੇਖ ਵੀ ਸਿਰਜਦਾ ਹੈ। ਉਹ ਆਪਣੇ ਪਰਵਾਰਕ ਮੈਂਬਰਾਂ, ਦੋਸਤਾਂ ਅਤੇ ਹੋਰ ਸਾਥੀਆਂ ਦੀ ਪਾਤਰ ਉਸਾਰੀ ਵਿੱਚ ਵੀ ਨਿਪੁੰਨਤਾ ਦਿਖਾਉਂਦਾ ਹੈ ਅਤੇ ਉਹਨਾਂ ਨੂੰ ਲੋੜੀਂਦੀ ਸਪੇਸ ਮੁਹੱਈਆ ਹੋਈ ਹੈ। ਬਤੌਰ ਕਹਾਣੀਕਾਰ ਜਰਨੈਲ ਸਿੰਘ ਵੱਲੋਂ ਆਪਣੀ ਕਥਾ ਸਿਰਜਣ ਪ੍ਰਕਿਰਿਆ-ਵਸਤੂ ਯਥਾਰਥ ਵਿਚਲੀਆਂ ਘਟਨਾਵਾਂ ਅਤੇ ਨੇੜਲੇ ਵਿਅਕਤੀਆਂ ਨੂੰ ਕਥਾ ਵਸਤੂ ਤੇ ਪਾਤਰਾਂ ਵਿੱਚ ਢਾਲਣ ਦੀ ਪ੍ਰਕਿਰਿਆ, ਕਿਸੇ ਘਟਨਾ ਵਿਹਾਰ, ਪ੍ਰਬੰਧ ਸੰਬੰਧੀ ਆਪਣੀ ਸੰਵੇਦਨਾ, ਨਜ਼ਰੀਏ ਦੀ ਪਾਠਕ ਨਾਲ ਭਰਵੀਂ ਸਾਂਝ ਪਾਉਣੀ ਇਸ ਸਵੈਜੀਵਨੀ ਦਾ ਅਹਿਮ ਤੇ ਵਿਲੱਖਣ ਪੱਖ ਬਣਦਾ ਹੈ, ਪਰ ਕਹਾਣੀਆਂ ਸੰਬੰਧੀ ਚਿੰਤਕਾਂ ਦੀਆਂ ਟਿੱਪਣੀਆਂ ਨੂੰ ਦਰਜ ਕਰਨਾ ਕਿਤੇ-ਕਿਤੇ ਬੇਲੋੜਾ ਤੇ ਪ੍ਰਸੰਸਾ ਮੂਲਕ ਲੱਗਦਾ ਹੈ। ਸਵੈ-ਜੀਵਨੀ ਵਿੱਚ ਅਜਿਹਾ ਕੋਈ ਵੇਰਵਾ ਜਾਂ ਘਟਨਾ ਨਹੀਂ, ਜੋ ਉਸ ਦੇ ਸਥਾਪਤ ਸ਼ਖਸੀ ਬਿੰਬ 'ਤੇ ਚੋਟ ਕਰਦਾ ਹੋਵੇ। ਜਰਨੈਲ ਸਿੰਘ ਦੀ ਸ਼ਖਸੀਅਤ ਇੱਕ ਸਿਰੜੀ, ਸਾਹਸੀ, ਸੰਘਰਸ਼ਸ਼ੀਲ, ਸਕਾਰਾਤਮਕ ਸੋਚ ਵਾਲੇ ਵਿਅਕਤੀ ਦੀ ਹੈ, ਜੋ ਬਿਹਤਰ ਜ਼ਿੰਦਗੀ ਦਾ ਸੁਪਨਾ ਵੇਖਦਾ ਹੈ ਅਤੇ ਆਪਣੀ ਹਿੰਮਤ, ਜਜ਼ਬੇ, ਮਿਹਨਤ ਸਦਕਾ ਉਹਨਾਂ ਨੂੰ ਸਾਕਾਰ ਕਰਦਾ ਹੈ। ਵਰਤਮਾਨ ਦੇ ਇਸ ਦਿਸ਼ਾਹੀਣਤਾ, ਕੁੰਠਾ, ਨਫਰਤ, ਖੰਡਿਤ ਆਪੇ, ਨਿਰਾਸ਼ਾ, ਖੁਦਕੁਸ਼ੀਆਂ, ਭਟਕਣਾਂ ਦੇ ਦੌਰ ਵਿੱਚ ਇਹ ਸਵੈਜੀਵਨੀ ਪਾਠਕ ਲਈ ਸੇਧ ਮੂਲਕ, ਉਤਸ਼ਾਹਵਰਧਕ, ਸੰਘਰਸ਼ਮਈ ਮਾਦੇ ਅਤੇ ਮਾਨਵੀ ਗੁਣਾਂ ਦਾ ਪ੍ਰਮਾਣਿਕ ਬਿਰਤਾਂਤ ਹੋਣ ਕਰਕੇ ਇੱਕ ਸਾਵੀਂ ਪੱਧਰੀ, ਸਹਿਜ ਤੇ ਸਫਲ ਜ਼ਿੰਦਗੀ ਜਿਊਣ ਲਈ ਪ੍ਰੇਰਨਾ ਸਰੋਤ ਹੋਣ ਦੀ ਸਮਰੱਥਾ ਵੀ ਰੱਖਦੀ ਹੈ।

ਮੋਬਾਇਲ : 99147-57779

ਸਫ਼ਾ 1 ਦੀ ਬਾਕੀ

## ਗੁਲਾਬੀ ਸ਼ਹਿਰ ਦੀ ਸੈਰ ...

ਬਾਜ਼ਾਰ 'ਚ ਇੱਕ ਮੂਹਰੇ ਲਿਆ ਖੜ੍ਹਾਇਆ, ਅਖੇ ਇੱਥੇ ਵਧੀਆ ਕੱਪੜੇ ਮਿਲਦੇ ਹਨ। ਅਸੀਂ ਥੱਕੇ-ਟੁੱਟੇ ਪਏ ਸਾਂ ਨਾ ਚਾਹੁੰਦੇ ਹੋਏ ਵੀ ਅਸੀਂ ਉਸ ਦਾ ਮਨ ਰੱਖਣ ਲਈ ਦੁਕਾਨ ਅੰਦਰ ਜਾ ਵੜੇ। ਲੇਡੀਜ਼ ਸੂਟਾਂ ਦੇ ਰੇਟ ਕਾਫੀ ਜ਼ਿਆਦਾ ਸਨ ਤੇ ਉਂਝ ਫਿਕਸ ਰੇਟ ਦੇ ਸਟਿੱਕਰ ਲੱਗੇ ਸਨ। ਅਸੀਂ ਕਈ ਸੂਟ ਵੇਖੇ। ਮੇਰੀ ਮੈਡਮ ਨਹੀਂ ਚਾਹੁੰਦੀ ਸੀ ਕੋਈ ਸੂਟ ਲਵੇ, ਪਰ ਜੈਪੁਰ ਦੀ ਨਿਸ਼ਾਨੀ ਕਹਿ ਇੱਕ ਸੂਟ ਉਸ ਨੂੰ ਦਿਲਵਾ ਹੀ ਦਿੱਤਾ। ਉਸ ਤੋਂ ਬਾਅਦ ਉਹ ਰਜਾਈਆਂ ਵਿਖਾਉਣ ਦੀ ਜ਼ਿੱਦ ਕਰੇ। ਮੈਂ ਸਾਫ ਕਹਿ ਦਿੱਤਾ, ਭਰਾਵਾ ਰਜਾਈਆਂ ਦੀਆਂ ਘਰੇ ਬਥੇਰੀਆਂ ਪੇਟੀਆਂ ਭਰੀਆਂ ਪਈਆਂ ਹਨ, ਪਰ ਉਸ ਦੇ ਜ਼ਿੱਦ ਕਰਨ 'ਤੇ ਅਸੀਂ ਰਜਾਈਆਂ ਵੇਖ ਤਾਂ ਪਰ ਕੋਈ ਖਰੀਦੀ ਨਹੀਂ, ਕਿਉਂਕਿ 5500-5500 ਦੀਆਂ ਤੇ ਇਸ ਤੋਂ ਉੱਚੇ ਰੇਟਾਂ ਦੀਆਂ ਰਜਾਈਆਂ ਪਈਆਂ ਸਨ, ਜੋ ਮੇਰੇ ਮੁਤਾਬਕ ਨਾਜਾਇਜ਼ ਮਹਿੰਗੀਆਂ ਸਨ। ਇਸ ਤੋਂ ਬਾਅਦ ਉਸੇ ਦੁਕਾਨ 'ਚ ਮੈਡਮ ਨੇ ਕੁਝ ਚੂੜੀਆਂ ਦੇ ਸੈੱਟ ਪਸੰਦ ਕੀਤੇ, ਜੋ ਮੈਂ ਉਸ ਨੂੰ ਦਿਵਾ ਦਿੱਤੇ। ਕਾਊਂਟਰ ਆ ਆਪਣੇ ਸਾਮਾਨ ਦੇ ਲਿਫਾਫੇ ਚੁੱਕੇ ਤੇ ਗੂਗਲ ਪੇ ਰਾਹੀਂ ਪੇਮੈਂਟ ਕਰ ਅਸੀਂ ਦੋਵੇਂ ਦੁਬਾਰਾ ਰਿਕਸ਼ੇ 'ਚ ਆ ਬੈਠੇ। ਰਿਕਸ਼ੇ ਵਾਲਾ ਇੱਕ ਹੋਰ ਕੱਲੂ ਜੁੱਤੀਆਂ ਆਲੇ ਸ਼ੋਅ ਰੂਮ ਮੂਹਰੇ ਰਿਕਸ਼ਾ ਰੋਕ ਕਹਿਣ ਲੱਗਾ-ਇੱਥੋਂ ਬਾਬੂ ਜੀ ਵਧੀਆ ਲੈਦਰ ਦੇ ਬੂਟ ਮਿਲਦੇ ਹਨ। ਮੈਂ ਉਸ ਨੂੰ ਸਾਫ ਮਨ੍ਹਾ ਕਰ ਦਿੱਤਾ ਅਤੇ ਆਖਿਆ-ਹੁਣ ਸਾਨੂੰ ਸਾਡੇ ਹੋਟਲ ਲੈ ਚੱਲ, ਬਸ ਹੋਰ ਕਿਤੇ ਨਹੀਂ ਜਾਣਾ ਅਸੀਂ ਤੇਰੇ ਨਾਲ। ਮੈਂ ਸਭ ਸਮਝਦਾ ਸਾਂ ਕਿ ਇਨ੍ਹਾਂ ਰਿਕਸ਼ਾ ਵਾਲਿਆਂ ਨੂੰ ਦੁਕਾਨਾਂ 'ਤੇ ਗਾਹਕ ਲਿਆਉਣ ਬਦਲੇ ਬਖਸ਼ੀਸ਼ ਮਿਲਦੀ ਹੈ, ਪਰ ਉਸ ਦੀ ਬਖਸ਼ੀਸ਼ ਲਈ ਅਸੀਂ ਲੁਟਾ ਹੋਈ ਜਾਈਏ, ਇਹ ਵੀ ਕੋਈ ਅਕਲਮੰਦੀ ਨਹੀਂ। ਸੋ ਅਸੀਂ ਆਪਣੇ ਹੋਟਲ ਮੂਹਰੇ ਉੱਤਰੇ ਤੇ ਰਿਕਸ਼ੇ ਵਾਲੇ ਨੂੰ ਉਹਦੀ ਬਣਦੀ ਪੇਮੈਂਟ ਕਰ ਆਪਣਾ ਖਹਿੜਾ ਛੁਡਾਇਆ। ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਹੋਟਲ 'ਚ ਦਾਖਲ ਹੁੰਦੇ। ਮੈਂ ਆਪਣੀ ਮੈਡਮ ਨੂੰ ਕਿਹਾ ਕਿ ਕਿਉਂ ਆਪਾਂ ਡਿਨਰ ਕਰਕੇ ਹੀ ਕਮਰੇ 'ਚ ਜਾਈਏ। ਚੁਨਾਚਿ ਅਸੀਂ ਚਾਂਦਪੋਲ ਚੌਂਕ ਨੇੜੇ ਸਥਿਤ ਮੁਸਲਮਾਨਾਂ ਦੇ ਹੋਟਲਾਂ 'ਚੋਂ ਇੱਕ ਹੋਟਲ ਅੰਦਰ ਜਾ ਵੜੇ। ਮੀਨੂੰ ਵੇਖ ਕੇ ਇੱਕ ਹਾਫ ਪਲੇਟ ਚਿਕਨ ਕੌਰਮਾ ਤੇ ਇੱਕ ਪਲੇਟ ਚਿਕਨ ਬਰਿਆਨੀ ਦਾ ਆਰਡਰ ਦੇ ਦਿੱਤਾ। ਕੁੱਝ ਹੀ ਮਿੰਟਾਂ ਅੰਦਰ ਸਾਡੇ ਸਾਹਮਣੇ ਕੌਰਮਾ ਤੇ ਬਰਿਆਨੀ ਦੀਆਂ ਪਲੇਟਾਂ ਆ ਲੱਗੀਆਂ। ਨਾਲ ਇੱਕ-ਇੱਕ ਵੱਡੇ ਸਾਈਜ਼ ਦੀ ਤੰਦੂਰੀ ਰੋਟੀ। ਖਾਣਾ ਖਾਧਾ, ਸੱਚਮੁੱਚ ਬਹੁਤ ਲਜੀਜ (ਸੁਆਦ) ਬਣੀਆਂ ਸਨ ਦੋਵੇਂ ਚੀਜ਼ਾਂ। ਪੇਟ ਇੱਕਦਮ ਭਰ ਗਿਆ। ਹੇਠਾਂ ਕਾਊਂਟਰ 'ਤੇ ਜਦੋਂ ਬਿੱਲ ਪੁੱਛਿਆ ਤਾਂ ਸਭ ਦਾ ਕੁੱਲ ਬਿੱਲ ਤਿੰਨ ਸੌ ਰੁਪਏ ਬਣਿਆ ਸੀ। ਮੈਂ ਇਹ ਪੈਮੇਂਟ ਵੀ ਆਨ ਲਾਈਨ ਹੀ ਕਰ ਦਿੱਤੀ।

ਦੂਜੀ ਸਵੇਰ ਅਸੀਂ ਸਵੇਰੇ ਕਰੀਬ ਸਾਢੇ ਛੇ ਵਜੇ ਉੱਠ ਖੜ੍ਹੇ ਤੇ ਦੋਵਾਂ ਨੇ ਫਜਰ ਦੀ (ਸਵੇਰ ਵੇਲੇ) ਦੀ ਨਮਾਜ਼ ਅਦਾ ਕੀਤੀ ਤੇ ਇਸ ਉਪਰੰਤ ਕਰੀਬ ਸੱਤ ਵਜੇ ਆਪਣੇ ਹੋਟਲ ਦੇ ਕਮਰੇ 'ਚੋਂ ਬਾਹਰ ਨਿਕਲ ਆਏ। ਮਖਿਆ ਚਾਹ-ਚੂਹ ਪੀ ਲਈ ਜਾਵੇ, ਨਾਲੇ ਵੇਖਿਆ ਜਾਵੇ ਕਿ ਜੈਪੁਰ ਦੀ ਸਵੇਰੇ ਕਿਹੋ ਜਿਹੀ ਲੱਗਦੀ ਹੈ। ਅਸੀਂ ਚਾਂਦਪੋਲ ਗੇਟ ਦੇ ਨੇੜੇ ਪਹੁੰਚੇ ਤਾਂ ਇੱਕ ਰੇਹੜੀ ਵਾਲਾ ਚਾਹ ਬਣਾ ਰਿਹਾ ਸੀ, ਜਿਸ ਦੇ ਆਲੇ-ਦੁਆਲੇ ਕਈ ਆਦਮੀ ਚਾਹ ਪੀਣ ਵਾਲੇ ਖੜ੍ਹੇ ਸਨ। ਅਸੀਂ ਵੀ ਚਲੇ ਗਏ ਤੇ ਦੋ ਕੱਪ ਚਾਹ ਦੇਣ ਲਈ ਕਿਹਾ। ਉਸ ਨੇ ਫੌਰਨ ਇੱਕ ਥਰਮਸ 'ਚੋਂ ਸਾਨੂੰ ਛੋਟੀਆਂ-ਛੋਟੀਆਂ ਡਿਸਪੋਜ਼ਲ ਦੋ ਗਲਾਸੀਆਂ 'ਚ ਚਾਹ ਪਾ ਕੇ ਦੇ ਦਿੱਤੀ। ਮੈਂ ਉਸ ਨੂੰ ਵੀਹ ਰੁਪਏ ਦਿੱਤੇ. ਉਸ ਨੇ ਉਸ 'ਚੋਂ ਵੀ ਦਸ ਰੁਪਏ ਮੈਨੂੰ ਮੋੜ ਦਿੱਤੇ। ਅਰਥਾਤ ਪੰਜ-ਪੰਜ ਰੁਪਏ ਦਾ ਕੱਪ ਬੈਠਿਆ। ਚਾਹ 'ਚ ਅਦਰਕ ਦੀ ਆਮੈਜਿਸ਼ ਜਿਵੇਂ ਰੂਹ 'ਚ ਤਾਜ਼ਗੀ ਭਰ ਰਹੀ ਸੀ। ਚਾਹ ਪੀਣ ਉਪਰੰਤ ਮੈਂ ਆਪਣੀ ਮੈਡਮ ਨੂੰ ਕਿਹਾ ਚਲੋ ਹੁਣ ਨਾਸ਼ਤਾ ਕਰਕੇ ਹੀ ਹੋਟਲ ਚੱਲਦੇ ਹਾਂ। ਉਸ ਨੇ ਕਿਹਾ, ਇੰਨੀ ਸਾਜਰੇ ਨਾਸ਼ਤਾ ਮਿਲਣਾ ਮੁਸ਼ਕਲ ਹੈ। ਜਿਵੇਂ ਹੀ ਮੈਂ ਚਾਂਦਪੋਲ ਦਾ ਗੇਟ ਪਾਰ ਕਰ ਖੱਬੇ ਪਾਸੇ ਮਸਜਿਦ ਵੱਲ ਪੈਂਦੇ ਹੋਟਲਾਂ ਵੱਲ ਵਧਿਆ ਤਾਂ ਉੱਥੇ ਫਿਰ ਇੱਕ ਰੇਹੜੀ ਦੁਆਲੇ ਲੋਕਾਂ ਦੀ ਜਮ੍ਹਾਂ ਹੋਈ ਭੀੜ ਵੇਖੀ। ਭੀੜ ਵੇਖ ਕੇ ਇੰਝ ਜਾਪਿਆ, ਜਿਵੇਂ ਕੋਈ ਮੁਫਤ ਖਾਣਾ ਵੰਡ ਰਿਹਾ ਹੋਵੇ। ਮੈਂ ਨੇੜੇ ਗਿਆ ਤਾਂ ਵੇਖਿਆ ਇੱਕ ਬਰਿਆਨੀ ਦੀ ਰੇਹੜੀ ਵਾਲਾ ਸੀ, ਜਿਸ ਨੂੰ ਲੋਕ "ਹਮੀਦ ਹਮੀਦ" ਕਹਿ ਕੇ ਪੁਕਾਰਦੇ ਸਨ ਤੇ ਕੋਈ ਸੌ ਦੀ, ਕੋਈ ਪੰਜਾਹ-ਪੰਜਾਹ ਦੀ ਦੋ ਜਗ੍ਹਾ ਬਰਿਆਨੀ ਪਵਾ ਰਿਹਾ ਸੀ। ਮੈਂ ਵੀ ਨੇੜੇ ਹੋ ਉਸ ਦੇ ਸਹਾਇਕ ਨੂੰ ਆਖਿਆ ਕਿ ਭਾਈ ਮੇਰੇ ਨਾਲ ਲੇਡੀ ਹੈ ਤੇ ਮੈਂ ਪੰਜਾਬ 'ਚੋਂ ਆਇਆ ਹਾਂ। ਹੋ ਸਕੇ ਮੈਨੂੰ ਵੀ ਜਲਦੀ ਦੇ ਕੇ 100 ਰੁਪਏ ਦੀ ਬਰਿਆਨੀ ਪੈਕ ਕਰ ਦਿਓ। ਥੋੜ੍ਹੀ ਹੀ ਦੇਰ ਵਿਚ ਹਮੀਦ ਬਾਈ ਨੇ ਮੈਨੂੰ ਇੱਕ ਕਿੱਲੋ ਬਰਿਆਨੀ ਪੈਕ ਕਰ ਦਿੱਤੀ। ਬਰਿਆਨੀ ਦਾ ਲਿਫਾਫਾ ਹੱਥ 'ਚ ਫੜ ਮੈਂ ਇੱਕ ਹੋਟਲ ਵਾਲੇ ਕੋਲ ਗਿਆ ਤੇ ਉਸ ਨੂੰ ਵੀਹ ਰੁਪਏ ਦੇ ਇੱਕ ਬਿਸਲੇਰੀ ਦੀ ਬੋਤਲ ਲਈ। ਇਸ ਉਪਰੰਤ ਮੈਂ ਤੇ ਮੇਰੀ ਮੈਡਮ ਹੋਟਲ ਦੇ ਕਮਰੇ 'ਚ ਵਾਪਸ ਪਰਤ ਆਏ। ਹੱਥ ਧੋ ਅਸੀਂ ਘਰੋਂ ਲਿਆਂਦੀ ਪਲੇਟ ਬੈਗ 'ਚੋਂ ਕੱਢੀ ਤੇ ਉਸ 'ਚ ਪਾ ਕੇ ਬਰਿਆਨੀ ਖਾਣ ਲੱਗੇ। ਬੜੀ ਹੀ ਸੁਆਦ ਸੀ ਉਹ ਬਰਿਆਨੀ। ਉਸ ਦਾ ਜਾਇਕਾ ਮੈਨੂੰ ਅਜੇ ਤੱਕ ਨਹੀਂ ਭੁੱਲਾ। ਇੰਨੇ ਨੂੰ ਸਾਢੇ ਕੁ ਅੱਠ ਦਾ ਟਾਈਮ ਹੋ ਗਿਆ, ਅਸੀਂ ਕੱਪੜੇ ਬਦਲੇ ਤੇ ਆਮੇਰ ਦੇ ਕਿਲ੍ਹੇ ਜਾਣ ਦੀ ਤਿਆਰੀ ਆਰੰਭ ਦਿੱਤੀ।

ਕਮਰੇ 'ਚੋਂ ਨਿਕਲ ਹੋਟਲ ਵਾਲੇ ਨੂੰ ਪੁੱਛਿਆ ਕਿ ਆਮੇਰ ਜਾਣਾ ਹੈ ਕਿੰਝ ਜਾਣਾ ਠੀਕ ਰਹੇਗਾ। ਉਸ ਨੇ ਦੱਸਿਆ ਕਿ ਇੱਥੋਂ ਦਸ ਰੁਪਏ 'ਚ ਈ-ਰਿਕਸ਼ਾ ਕਰ ਲਵੋ, ਬੜੀ ਚੋਪਟ ਚੌਂਕ ਤੱਕ ਦਾ, ਉਥੋਂ ਉੱਤਰ ਕੇ ਬੱਸ ਫੜ ਲੈਣਾ। ਆਮੇਰ ਦੇ ਕਿਲ੍ਹੇ ਲਈ ਉਸ ਦਾ ਪ੍ਰਤੀ ਸਵਾਰੀ ਵੀਹ ਰੁਪਏ ਲੱਗੇਗਾ ਤੁਹਾਡਾ। ਮੈਂ ਉਸ ਦੇ ਦੱਸਣ ਮੁਤਾਬਕ ਬਹੁਤ ਆਸਾਨੀ ਨਾਲ ਅੱਧੇ ਕੁ ਘੰਟੇ ਵਿੱਚ ਆਮੇਰ ਦੇ ਕਿਲ੍ਹੇ ਨੇੜੇ ਜਾ ਪੁੱਜਾ, ਜਿੱਥੇ ਬੱਸ ਨੇ ਉਤਾਰਿਆ, ਉਥੋਂ ਟੈਕਸੀ ਤੇ ਹਾਥੀਆਂ ਵਾਲੇ ਸੈਲਾਨੀਆਂ ਨੂੰ ਲੈ ਜਾ ਰਹੇ ਸਨ। ਇਸ ਦੇ ਨਾਲ-ਨਾਲ ਕੁਝ ਲੋਕ ਪੈਦਲ ਆਪ ਵੀ ਜਾ ਰਹੇ ਸਨ। ਮੈਂ ਪੱਥਰ ਦੀ ਇੱਕ ਸਿਲ ਲਿਖਿਆ ਪੜ੍ਹਿਆ ਕਿ ਕੁੱਲ 185 ਪੌੜੀਆਂ ਚੜ੍ਹ ਕੇ ਬੰਦਾ ਖੁਦ ਕਿਲ੍ਹੇ ਤੱਕ ਪਹੁੰਚ ਸਕਦਾ ਸੀ। ਫੇਰ ਕੀ ਸੀ, ਅਸੀਂ ਦੋਵੇਂ ਫੈਸਲਾ ਕੀਤਾ ਕਿ ਇਹ ਮੰਜ਼ਲ ਆਪ ਖੁਦ ਸਰ ਕਰਾਂਗੇ। ਪੰਦਰਾਂ-ਵੀਹ ਕੁ ਮਿੰਟਾਂ 'ਚ ਹੀ ਅਸੀਂ ਆਰਾਮ ਨਾਲ ਆਮੇਰ ਕਿਲ੍ਹੇ ਦੇ ਮੇਨ ਬੂਹੇ ਮੂਹਰੇ ਜਾ ਪਧਾਰੇ। ਇਸ ਦੌਰਾਨ ਅਸੀਂ ਵੇਖਿਆ ਦੂਜੇ ਰਸਤਿਓਂ ਜੋ ਪਲੇਨ ਟੇਪਰ ਸ਼ੈਡ ਸੀ, ਉਸ 'ਤੇ ਹੌਲੀ-ਹੌਲੀ ਹਾਥੀ ਆਪਣੀ ਮਸਤਾਨੀ ਥੰਮ-ਥੰਮ ਕਰਦੇ ਆ ਰਹੇ ਸਨ, ਜਿਨ੍ਹਾਂ ਤੇ ਕੁੱਝ ਵਿਦੇਸ਼ੀ ਸੈਲਾਨੀ ਸਵਾਰ ਸਨ।

ਇਸ ਦੌਰਾਨ ਰਸਤੇ ਵਿੱਚ ਸਾਨੂੰ ਪੰਜਾਬ ਦੇ ਮੁੰਡੇ-ਕੁੜੀਆਂ ਦੀਆਂ ਕੁਝ ਕੁ ਟੋਲੀਆਂ ਵੀ ਮਿਲੀਆਂ, ਜੋ ਸ਼ਾਇਦ ਕਿਸੇ ਕਾਲਜ ਜਾਂ ਹੋਰ ਸੰਸਥਾ ਦੇ ਟੂਰ ਰਾਹੀਂ ਆਏ ਹੋਏ ਸਨ।

ਅਸੀਂ ਕਿਲ੍ਹੇ ਦੇ ਮੇਨ ਦਰਵਾਜ਼ੇ 'ਚ ਦਾਖਲ ਹੋਏ ਤੇ ਅੱਗੇ ਜਾ-ਜਾ ਕੇ 100-100 ਦੇ ਦੋ ਟਿਕਟ ਲਏ ਤੇ ਕਿਲ੍ਹੇ ਦੇ ਅੰਦਰਲੇ ਦਰਵਾਜ਼ੇ 'ਚ ਪ੍ਰਵੇਸ਼ ਕਰਦਿਆਂ ਦੀਵਾਨ-ਏ-ਆਮ ਮੂਹਰੇ ਜਾ ਖੜ੍ਹੇ। ਬਹੁਤ ਹੀ ਖੂਬਸੂਰਤ ਪੱਥਰਾਂ ਦੇ ਘੜੇ ਪਿੱਲਰਾਂ ਨਾਲ ਬਣਿਆ ਦੀਵਾਨ-ਏ-ਆਮ ਜਿਵੇਂ ਆਪਣੇ ਅਤੀਤ ਦੀਆਂ ਸੁਨਹਿਰੀ ਤੇ ਸ਼ਾਨਦਾਰ ਕਹਾਣੀਆਂ ਬਿਆਨ ਕਰਦਾ ਪ੍ਰਤੀਤ ਹੋ ਰਿਹਾ ਸੀ। ਇਸ ਦੀ ਉਸਾਰੀ ਮੁਗਲ ਸ਼ੈਲੀ 'ਚ ਕੀਤੀ ਗਈ ਹੈ। ਇਸ 'ਚ ਲਾਲ ਪੱਥਰ ਬਲੂਆ ਤੇ ਸੰਗਮਰਮਰ ਜੜਿਆ ਹੋਇਆ ਹੈ। ਇਸ ਦਾ ਨਿਰਮਾਣ ਮਿਰਜਾ ਰਾਜਾ ਮਾਨ ਸਿੰਘ (1589-1614) ਨੇ ਕਰਵਾਇਆ ਸੀ।

ਇੱਥੇ ਜ਼ਿਕਰਯੋਗ ਹੈ ਕਿ ਇਹ ਕਿਲ੍ਹਾ ਜੈਪੁਰ ਸ਼ਹਿਰ ਤੋਂ ਕਰੀਬ 11 ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਸਥਿਤ ਹੈ। ਇਸ ਦਾ ਸ਼ੁਮਾਰ ਜੈਪੁਰ ਦੇ ਪ੍ਰਮੁੱਖ ਸੈਰ ਸਪਾਟਾ ਸਥਾਨਾਂ ਵਿੱਚ ਹੁੰਦਾ ਹੈ।

ਇਸ ਦੀ ਉਸਾਰੀ ਮੁਗਲ ਸ਼ੈਲੀ 'ਚ ਕੀਤੀ ਗਈ ਹੈ। ਇਸ 'ਚ ਲਾਲ ਪੱਥਰ ਬਲੂਆ ਤੇ ਸੰਗਮਰਮਰ ਜੜਿਆ ਹੋਇਆ ਹੈ। ਇਸ ਤੋਂ ਇਲਾਵਾ ਆਮੇਰ ਦੁਰਗ ਹਿੰਦੂ ਤੱਤਾਂ ਦੀ ਆਪਣੀ ਕਲਾਤਮਿਕ ਸ਼ੈਲੀ ਵਿਸ਼ੇਸ਼ ਤੌਰ 'ਤੇ ਜਾਣਿਆ ਜਾਂਦਾ ਹੈ। ਆਪਣੀ ਵਿਸ਼ਾਲ ਪ੍ਰਾਚੀਨ, ਦਰਵਾਜ਼ਿਆਂ ਦੀ ਖੂਬਸੂਰਤ ਲੜੀ ਅਤੇ ਲੰਬੇ ਸ਼ਿਲਪਾਕਾਰ ਰਸਤੇ ਦੇ ਨਾਲ ਇਹ ਕਿਲ੍ਹਾ ਆਪਣੇ ਸਾਹਮਣੇ ਵੱਲ ਸਥਿਤ ਜਿਵੇਂ ਮਾਵਠਾ ਝੀਲ ਵੱਲ ਵੇਖਦਾ ਮਹਿਸੂਸ ਹੁੰਦਾ ਹੈ।

ਇਸ ਕਿਲ੍ਹੇ ਦੀ ਸੁੰਦਰਤਾ ਦਾ ਅੰਦਾਜ਼ਾ ਇਸ ਦੀ ਚਾਰਦੀਵਾਰੀ ਅੰਦਰਲੀ ਬਣਤਰ ਤੋਂ ਲਗਾਇਆ ਜਾ ਸਕਦਾ ਹੈ, ਜਿਸ ਵਿੱਚ ਲਾਲ ਪੱਥਰ ਅਤੇ ਸੰਗਮਰਮਰ ਨਾਲ ਬਣੇ ਦੀਵਾਨ-ਏ-ਖਾਸ ਅਤੇ ਦੀਵਾਨ-ਏ-ਆਮ ਦੋਵੇਂ ਹਨ। ਦੀਵਾਨ-ਏ-ਆਮ ਆਮ ਜਨਤਾ ਲਈ ਬਣਿਆ ਹੈ ਅਤੇ ਦੀਵਾਨ-ਏ-ਖਾਸ ਦੀ ਵਰਤੋਂ ਨਿੱਜੀ ਪ੍ਰਯੋਜਨਾਂ ਲਈ ਕੀਤੀ ਜਾਂਦੀ ਸੀ। ਦੀਵਾਨ-ਏ-ਖਾਸ ਵਿੱਚ ਸੀਸ ਮਹਿਲ ਅਤੇ ਸੁਖ ਨਿਵਾਸ ਸ਼ਾਮਲ ਹਨ। ਕਿਲ੍ਹੇ ਦੇ ਥੰਮ੍ਹਾਂ ਵਿੱਚ ਬਣੇ ਪਾਣੀ ਦੇ ਝਰਨੇ ਗਰਮੀਆਂ ਵਿੱਚ ਵੀ ਕਿਲ੍ਹੇ ਨੂੰ ਠੰਢਾ ਰੱਖਦੇ ਹਨ। ਇਸ ਨੂੰ ਆਮੇਰ ਮਹਿਲ ਵੀ ਕਿਹਾ ਜਾਂਦਾ ਹੈ। ਉਸ ਜ਼ਮਾਨੇ 'ਚ ਰਾਜਪੂਤ ਮਹਾਰਾਜੇ ਆਪਣੇ ਪਰਵਾਰਾਂ ਨਾਲ ਕਿਲ੍ਹੇ ਅੰਦਰ ਰਿਹਾ ਕਰਦੇ ਸਨ। ਕਿਲ੍ਹੇ ਦੇ ਪ੍ਰਵੇਸ਼ ਦਰਵਾਜ਼ੇ ਕੋਲ ਮਾਂ ਸ਼ਿਲਾ ਦੇਵੀ ਦਾ ਮੰਦਰ ਸਥਿਤ ਹੈ।

ਆਮੇਰ ਕਿਲ੍ਹਾ, ਜੈਗੜ ਕਿਲ੍ਹੇ ਦੇ ਨਾਲ ਹੀ ਅਰਵਾਲੀ ਪਹਾੜ ਉੱਤੇ ਇੱਕ ਟਿੱਲੇ ਉੱਪਰ ਸਥਿਤ ਹੈ। ਇਹ ਦੋਵੇਂ ਕਿਲ੍ਹੇ ਅਲੱਗ ਹੁੰਦੇ ਹੋਏ ਵੀ ਇੱਕ ਸੰਰਚਨਾ ਵਾਲੀ ਦਿੱਖ 'ਚ ਦਿਖਾਈ ਦਿੰਦੇ ਹਨ। ਇੱਥੇ ਜ਼ਿਕਰਯੋਗ ਹੈ ਕਿ ਆਮੇਰ ਕਿਲ੍ਹਾ ਅਤੇ ਜੈਗੜ ਕਿਲ੍ਹਾ ਸੁਰੰਗ ਰਾਹੀਂ ਇੱਕ-ਦੂਜੇ ਨਾਲ ਜੁੜੇ ਹੋਏ ਹਨ। ਇਸ ਸੁਰੰਗ ਦਾ ਮੁੱਖ ਮਕਸਦ ਯੁੱਧ ਸਮੇਂ ਰਾਜ ਪਰਵਾਰ ਨੂੰ ਆਮੇਰ ਦੇ ਕਿਲ੍ਹੇ ਤੋਂ ਸੁਰੱਖਿਅਤ ਰੂਪ ਵਿੱਚ ਜੈਗੜ ਕਿਲ੍ਹੇ ਵਿੱਚ ਪਹੁੰਚਾਉਣਾ ਹੁੰਦਾ ਸੀ, ਜਿਹੜਾ ਕਿ ਆਮੇਰ ਕਿਲ੍ਹੇ ਦੇ ਮੁਕਾਬਲੇ ਜ਼ਿਆਦਾ ਸੁਰੱਖਿਅਤ ਖਿਆਲ ਕੀਤਾ ਜਾਂਦਾ ਸੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੈਪੁਰ ਤੋਂ ਪਹਿਲਾਂ ਕਸਵਾਹਾਂ (ਮੋਰੀਯਾ) ਰਾਜਵੰਸ ਦੀ ਰਾਜਧਾਨੀ ਆਮੇਰ ਸੀ। ਮਹਿਲ ਵਿੱਚ ਜੈ ਮੰਦਿਰ, ਸੀਸ ਮਹਿਲ, ਸੁੱਖ ਨਿਵਾਸ ਅਤੇ ਗਣੇਸ਼ ਪੋਲ ਆਦਿ ਕਈ ਸਾਰੀਆਂ ਦਿਲਕਸ਼ ਥਾਵਾਂ ਹਨ। ਆਮੇਰ ਕਿਲ੍ਹਾ ਕਲਾ ਦਾ ਇੱਕ ਵਧੀਆ ਨਮੂਨਾ ਹੈ। ਇਸ ਕਿਲ੍ਹੇ ਦੀ ਵਰਤੋਂ ਕਈ ਫਿਲਮਾਂ ਵਿੱਚ ਵੀ ਕੀਤੀ ਗਈ ਹੈ। ਕਿੱਲੇ 'ਚ ਦੀਵਾਨ ਏ ਖਾਸ ਅੰਦਰ ਸ਼ੀਸ਼ਿਆਂ ਦੀ ਜੜ੍ਹਤ ਦਾ ਕੰਮ ਵੇਖ ਇੱਕ ਵਾਰ ਤਾਂ ਫਿਲਮ ਮੁਗਲ ਏ ਆਜ਼ਮ ਦਾ ਉਹ ਗੀਤ ਯਾਦ ਆ ਗਿਆ, ਜਿਸ ਵਿਚ ਅਨਾਰ ਕਲੀ (ਮਧੂਬਾਲਾ), ਅਕਬਰ (ਪ੍ਰਿਥਵੀ ਰਾਜ ਕਪੂਰ) ਦੇ ਸਾਹਮਣੇ ਇਸ ਗੀਤ 'ਤੇ ਡਾਂਸ ਕਰਦੀ ਹੈ ਕਿ "ਜਬ ਪਿਆਰ ਕੀਆ ਤੋ ਡਰਨਾ ਕਿਯਾ" ਇਸ ਗੀਤ ਦੇ ਫਿਲਮਾਏ ਜਾਣ ਦੌਰਾਨ ਜੋ ਸ਼ੀਸ਼ ਮਹਿਲ ਵਿਖਾਈ ਦਿੰਦਾ ਹੈ, ਉਸ ਨੂੰ ਪ੍ਰਤੱਖ ਰੂਪ ਵਿਚ ਆਮੇਰ ਦੇ ਕਿਲ੍ਹੇ ਦੇ ਇਸ ਦੀਵਾਨ ਏ ਖਾਸ ਦੀ ਇਮਾਰਤ ਦੀ ਛੱਤ 'ਚ ਬਾਖੂਬੀ ਵੇਖਿਆ ਜਾ ਸਕਦਾ ਹੈ।

ਇਸ ਉਪਰੰਤ ਅਸੀਂ ਬੱਸ ਰਾਹੀਂ ਵਾਪਸੀ 'ਚ ਸਿਟੀ ਪੈਲੇਸ ਲਾਗੇ ਉੱਤਰ ਗਏ। ਸਿਟੀ ਪੈਲੇਸ ਵੀ ਕਾਫੀ ਕੁਝ ਵੇਖਣਯੋਗ ਹੈ, ਜਿਵੇਂ ਕਿ ਇਸ ਵਿਚ ਚੰਦਰਾਂ ਮਹਿਲ ਅਤੇ ਮੁਬਾਰਕ ਮਹਿਲ ਦੇ ਨਾਲ-ਨਾਲ ਹੋਰ ਵੀ ਕਈ ਆਲੀਸ਼ਾਨ ਇਮਾਰਤਾਂ ਮੌਜੂਦ ਹਨ। ਚੰਦਰਾਂ ਮਹਿਲ ਇੱਕ ਮਿਊਜ਼ੀਅਮ ਵਾਂਗੂ ਹੈ। ਇਸ ਦੇ ਇਲਾਵਾ ਇਸ ਵਿਚ ਮੁਬਾਰਕ ਮਹਿਲ, ਮੁਕਟ ਮਹਿਲ, ਸ੍ਰੀ ਗੋਵਿੰਦ ਦੇਵ ਮੰਦਰ, ਮਹਾਰਾਣੀ ਪੈਲੇਸ ਅਤੇ ਸਿਟੀ ਪੈਲੇਸ ਆਦਿ ਮੌਜੂਦ ਹਨ। ਇਸ ਤੋਂ ਇਲਾਵਾ ਇੱਕ ਵੱਡਾ ਮੀਟਿੰਗ ਹਾਲ ਆਪਣੇ ਆਲੀਸ਼ਾਨ ਭੂਤਕਾਲ ਦੀ ਆਪ ਦਾਸਤਾਨ ਬਿਆਨ ਕਰ ਰਿਹਾ ਹੈ। ਮੁਬਾਰਕ ਮਹਿਲ 'ਚ ਅੱਜਕੱਲ੍ਹ ਰਾਜੇ-ਰਾਣੀਆਂ ਦੇ ਕੱਪੜਿਆਂ ਦੀ ਨੁਮਾਇਸ਼ ਆਪਣੇ ਅਤੀਤ ਦੀ ਇੱਕ ਵਿਲੱਖਣ ਤੇ ਖੂਬਸੂਰਤ ਤਸਵੀਰ ਪੇਸ਼ ਕਰਦੀ ਹੈ, ਜਦੋਂ ਕਿ ਮੁਬਾਰਕ ਮਹਿਲ ਸਾਹਮਣੇ ਮੇਨ ਗੇਟ ਦੇ ਖੱਬੇ ਪਾਸੇ ਸ਼ਸਤਰ (ਹਥਿਆਰਾਂ) ਗੈਲਰੀ ਹੈ, ਜਿਸ 'ਚ ਪੁਰਾਣੇ ਸਮਿਆਂ ਦੇ ਤਮਾਮ ਕਿਸਮ ਦੇ ਜੰਗੀ ਸਾਜ਼ੋ-ਸਾਮਾਨ ਦੀ ਨੁਮਾਇਸ਼ ਲੱਗੀ ਹੈ। ਇਸ ਦੇ ਬਾਹਰ ਇੱਕ ਦੀਵਾਨ ਏ ਆਮ ਬਣਿਆ ਹੋਇਆ, ਜੋ ਆਪਣੇ-ਆਪ ਵਿੱਚ ਕਿਸੇ ਫਿਲਮੀ ਸੈੱਟ ਤੋਂ ਘੱਟ ਨਹੀਂ ਜਾਪਦਾ। ਜਦੋਂ ਇਸੇ ਦੀਵਾਨ ਦੇ ਸਾਹਮਣੇ ਇੱਕ ਛੋਟਾ ਦਰਵਾਜ਼ਾ ਲੰਘਦੇ ਹੋਏ ਇੱਕ ਵੱਡਾ ਮੀਟਿੰਗ ਹਾਲ ਬਣਿਆ ਹੋਇਆ ਹੈ, ਜਿਸ ਵਿੱਚ ਬੇਹੱਦ ਖੂਬਸੂਰਤ ਕੁਰਸੀਆਂ ਤੇ ਇੱਕ ਵੱਡੀ ਕੁਰਸੀ ਅੱਜ ਵੀ ਸਜਾਈ ਹੋਈ ਹੈ ਤੇ ਉਸ ਕੁਰਸੀ ਦੇ ਨੇੜੇ ਹੀ ਪਿੱਲਰਾਂ ਨਾਲ ਦੋ ਵੱਡੇ-ਵੱਡੇ ਝੱਲ ਮਾਰਨ ਵਾਲੇ ਪੱਖੇ ਖੜ੍ਹੇ ਕੀਤੇ ਗਏ ਹਨ। ਇਸ ਤੋਂ ਇਲਾਵਾ ਸਿਟੀ ਪੈਲੇਸ ਵਿਚ ਇੱਕ ਫੋਟੋ ਗੈਲਰੀ ਵੀ ਹੈ, ਜਿੱਥੇ ਰਾਜਸਥਾਨ ਦੇ ਵੱਖ-ਵੱਖ ਰਾਜਿਆਂ ਸਮੇਤ ਮੁਗਲ ਸ਼ਾਸਕਾਂ ਦੀਆਂ ਤਸਵੀਰਾਂ ਆਪਣੇ ਅਤੀਤ ਦੀਆਂ ਕਹਾਣੀਆਂ ਬਿਆਨ ਕਰਦੀਆਂ ਜਾਪਦੀਆਂ ਹਨ। ਸਿਟੀ ਪੈਲੇਸ ਦਾ ਨਿਰਮਾਣ 1729 ਤੋਂ 1732 ਵਿਚਕਾਰ ਸਵਾਈ ਰਾਜਾ ਜੈ ਸਿੰਘ ਦੋਇਮ ਨੇ ਕਰਵਾਇਆ ਸੀ. ਇੱਥੇ ਜ਼ਿਕਰਯੋਗ ਹੈ ਕਿ ਇਸ ਦੀ ਬਣਤਰ ਤੇ ਡਿਜ਼ਾਇਨਿੰਗ ਲਈ ਵਿਦਿਆਧਰ ਭੱਟਾਚਾਰੀਆ ਦੀ ਬੇਹੱਦ ਪ੍ਰਸੰਸਾ ਹੋਈ। ਇੱਥੇ ਦੱਸਦੇ ਚੱਲਾਂ ਕਿ ਇਸ ਸਿਟੀ ਪੈਲੇਸ ਵਿਚ ਦਾਖਲੇ ਦੀ ਟਿਕਟ ਤਿੰਨ ਸੌ ਰੁਪਏ ਪ੍ਰਤੀ ਵਿਅਕਤੀ ਹੈ।

ਸਿਟੀ ਪੈਲੇਸ ਨੂੰ ਵੇਖਦਿਆਂ-ਵੇਖਦਿਆਂ ਸਾਨੂੰ ਸ਼ਾਮ ਦੇ ਕਰੀਬ ਤਿੰਨ ਵੱਜ ਗਏ। ਸਾਡੀ ਵਾਪਸੀ ਦੀ ਗੱਡੀ ਦੇ ਚੱਲਣ ਦਾ ਸਮਾਂ ਸ਼ਾਮੀਂ 6.40 ਦਾ ਸੀ। ਸੋ ਅਸੀਂ ਦੋਵਾਂ ਨੇ ਹੁਣ ਆਪਣੇ ਹੋਟਲ ਨੂੰ ਜਾਣ 'ਚ ਹੀ ਭਲਾਈ ਸਮਝੀ। ਪੈਲੇਸ 'ਚੋਂ ਬਾਹਰ ਨਿਕਲਦਿਆਂ ਹੀ ਇੱਕ ਈ-ਰਿਕਸ਼ਾ ਕੀਤਾ ਤੇ ਦਸ-ਬਾਰਾਂ ਮਿੰਟਾਂ 'ਚ ਹੀ ਹੋਟਲ ਮੂਹਰੇ ਆ ਉੱਤਰੇ, ਰਿਕਸ਼ੇ ਆਲੇ ਨੂੰ ਪੈਸੇ ਦੇ ਆਪਣੇ ਕਮਰੇ 'ਚ ਆ ਵਾਸ਼ਰੂਮ ਆਦਿ ਤੋਂ ਫਾਰਗ ਹੋ ਆਪਣੀ ਦੁਪਹਿਰ ਦੀ ਨਮਾਜ਼ ਅਦਾ ਕੀਤੀ। ਇਸ ਉਪਰੰਤ ਕਮਰੇ ਨੂੰ ਲਾਕ ਕਰ ਇਕ ਵਾਰ ਫਿਰ ਰਾਤ ਵਾਲੇ ਹੋਟਲ ਦਾ ਰੁਖ ਕੀਤਾ ਤੇ ਮਟਨ ਕੌਰਮੇ ਨਾਲ ਰੋਟੀ ਖਾਧੀ, ਇੰਨੇ ਨੂੰ ਹੋਟਲ ਦੇ ਨੇੜਲੀ ਮਸਜਿਦ 'ਚੋਂ ਅਜਾਨ ਦੀ ਆਵਾਜ਼ ਸੁਣਾਈ ਦੇਣ ਲੱਗੀ। ਮੈਂ ਹੋਟਲ ਆਲੇ ਤੋਂ ਨਮਾਜ਼ ਖੜ੍ਹੇ ਹੋਣ ਦਾ ਸਮਾਂ ਪੁੱਛਿਆ। ਉਸ ਨੇ ਕਿਹਾ ਸਵਾ ਚਾਰ ਦਾ ਟਾਈਮ ਹੈ ਨਮਾਜ਼ ਦਾ। ਮੈਡਮ ਨੂੰ ਹੋਟਲ 'ਚ ਹੀ ਬਿਠਾ ਕੇ ਮੈਂ ਮਸਜਿਦ 'ਚ ਨਮਾਜ਼ ਅਦਾ ਕਰਨ ਚਲਾ ਗਿਆ ਨਮਾਜ਼ ਪੜ੍ਹਨ ਉਪਰੰਤ ਹੋਟਲ ਵਾਲੇ ਦੀ ਪੇਮੈਂਟ ਕਰ ਇੱਕ ਵਾਰ ਫਿਰ ਆਪਣੇ ਕਮਰੇ ਵਿਚ ਆਏ ਤੇ ਸਾਮਾਨ ਦੀ ਪੈਕਿੰਗ ਕੀਤੀ। ਕਮਰਾ ਹੋਟਲ ਆਲਿਆਂ ਨੂੰ ਹੈਂਡਓਵਰ ਕਰ ਉਨ੍ਹਾਂ ਤੋਂ ਆਪਣੀ ਬਕਾਇਆ ਰਕਮ ਵਸੂਲ ਕੀਤੀ ਤੇ ਹੋਟਲ ਤੋਂ ਬਾਹਰ ਆ ਇੱਕ ਵਾਰ ਫਿਰ ਈ-ਰਿਕਸ਼ਾ ਕਰ ਜੈਪੁਰ ਰੇਲਵੇ ਸਟੇਸ਼ਨ ਦਾ ਰੁਖ ਕੀਤਾ। ਸਾਡੇ ਆਲੀ ਟ੍ਰੇਨ ਦਾ ਨੰਬਰ ਸਾਰਣੀ ਦੀ ਡਿਸਪਲੇ 'ਤੇ ਆ ਰਿਹਾ ਸੀ। ਗੱਡੀ ਪੰਜ ਨੰਬਰ ਪਲੇਟਫਾਰਮ 'ਤੇ ਆਉਣੀ ਸੀ। ਅਸੀਂ ਸਟੇਸ਼ਨ ਦੇ ਅੰਦਰ ਦਾਖਲ ਹੋ ਸੱਜੇ ਪਾਸਿਓਂ ਲਿਫਟ ਚੜ੍ਹੇ ਤੇ ਉਸ 'ਚੋਂ ਉੱਤਰ ਕੇ ਬ੍ਰਿਜ ਦੇ ਰਸਤੇ ਹੁੰਦਿਆਂ ਸਿੱਧੇ ਪੰਜ ਨੰਬਰ ਪਲੇਟਫਾਰਮ ਵੱਲ ਨੂੰ ਉਤਰਦੀਆਂ ਪੌੜੀਆਂ ਰਾਹੀਂ ਆਪਣੀ ਗੱਡੀ ਵਾਲੇ ਸਥਾਨ 'ਤੇ ਆ ਗਏ।

ਛੇ ਵਜੇ ਦੇ ਕਰੀਬ ਟ੍ਰੇਨ ਪੰਜ ਨੰਬਰ ਪਲੇਟਫਾਰਮ 'ਤੇ ਆ ਲੱਗੀ। ਅਸੀਂ ਦੋਵੇਂ ਆਪਣੀਆਂ ਸਲੀਪਰ ਸੀਟਾਂ ਵਾਲੇ ਡੱਬੇ 'ਚ ਚੜ੍ਹੇ ਤੇ ਖਾਲੀ ਸੀਟਾਂ 'ਤੇ ਆਪਣੇ ਬੈਗ ਰੱਖ ਸਕੂਨ ਦਾ ਸਾਹ ਲਿਆ। ਆਪਣੇ ਚੱਲਣ ਦੇ ਟਾਈਮ ਗੱਡੀ ਨੇ ਹਾਰਨ ਮਾਰਿਆ ਤੇ ਉਸ ਉਪਰੰਤ ਹਲਕੀ ਸਪੀਡ 'ਚ ਚੱਲਣਾ ਸ਼ੁਰੂ ਕਰ ਦਿੱਤਾ ਤੇ ਇਸ ਦੌਰਾਨ ਵੱਖ-ਵੱਖ ਸਟੇਸ਼ਨਾਂ 'ਤੇ ਹੁੰਦੇ ਹੋਇਆਂ ਹਿਸਾਰ ਆਪਣੇ ਮਿੱਥੇ ਸਮੇਂ ਸਵੇਰੇ ਤਿੰਨ ਵਜੇ ਲਗਾ ਦਿੱਤਾ। ਸਟੇਸ਼ਨ 'ਤੇ ਉੱਤਰੇ ਤਾਂ ਦਸੰਬਰ ਦਾ ਮਹੀਨਾ ਹੋਣ ਦੇ ਚੱਲਦਿਆਂ ਠੰਢ ਤਾਂ ਸੀ, ਪਰ ਫਿਰ ਵੀ ਪਿਛਲੇ ਸਾਲਾਂ ਨਾਲੋਂ ਘੱਟ ਸੀ। ਸਾਨੂੰ ਦੋਵਾਂ ਨੂੰ ਚਾਹ ਦੀ ਤਲਬ ਲੱਗੀ। ਮੈਂ ਮੈਡਮ ਨੂੰ ਪਲੇਟਫਾਰਮ 'ਤੇ ਸਟੀਲ ਆਲੇ ਬੈਂਚ 'ਤੇ ਬਿਠਾ ਖੁਦ ਚਾਹ ਲੈਣ ਲਈ ਚਲਾ ਗਿਆ। ਦੋ ਕੱਪ ਚਾਹ ਲੈ ਕੇ ਆਇਆ ਤਾਂ ਮੈਡਮ ਨਾਲ ਬੈਠੀ ਇੱਕ ਬੁੱਢੀ ਠੁਰ-ਠੁਰ ਕਰ ਰਹੀ ਸੀ। ਮੈਨੂੰ ਉਸ 'ਚ ਮੇਰੀ ਮਾਸੀ (ਜੋ ਇਸ ਹੁਣ ਇਸ ਦੁਨੀਆ 'ਚ ਨਹੀਂ ਹੈ) ਜਾਪੀ। ਮੈਂ ਇੱਕ ਕੱਪ ਮੈਡਮ ਨੂੰ ਫੜਾ, ਦੂਜਾ ਉਸ ਬੁੱਢੀ ਦੇ ਹਵਾਲੇ ਕਰ ਦਿੱਤਾ। ਉਸ ਨੇ ਵੀ ਬਿਨਾਂ ਕਿਸੇ ਨਾਂਹ-ਨੁੱਕਰ ਕੀਤਿਆਂ ਕੱਪ ਝੱਟ ਫੜ ਲਿਆ। ਸ਼ਾਇਦ ਉਸ ਨੂੰ ਵੀ ਚਾਹ ਦੀ ਬੇਹੱਦ ਤਲਬ ਸੀ। ਮੈਂ ਮਾਲੇਰਕੋਟਲਾ ਕੋਲ ਜਾਣ ਵਾਲੀ ਗੱਡੀ ਬਾਰੇ ਸੋਚਣ ਲੱਗਾ ਕਿ ਪਤਾ ਨਹੀਂ ਉਹ ਕਦੋਂ ਲੱਗੇਗੀ। ਇੰਨੇ ਨੂੰ ਦੂਜੇ ਪਾਸੇ ਸਾਹਮਣੇ ਵਾਲੇ ਪਲੇਟਫਾਰਮ ਵੱਲ ਵੇਖਿਆ ਲਾਈਨ 'ਤੇ ਸਾਡੇ ਆਲੀ ਗੱਡੀ ਖੜੀ ਸੀ। ਉਸ ਦੇ ਉੱਪਰ ਹਿਸਾਰ ਤੋਂ ਜੈਪੁਰ ਦੀ ਪਲੇਟ ਲੱਗੀ ਸੀ। ਮੈਂ ਮੈਡਮ ਨੂੰ ਚਾਹ ਫਟਾਫਟ ਪੀਣ ਲਈ ਕਹਿ, ਆਪ ਫੌਰਨ ਗੱਡੀ ਦੇ ਡੱਬੇ 'ਚ ਖਾਲੀ ਸੀਟਾਂ ਵੇਖਣ ਲਈ ਚਲਾ ਗਿਆ। ਗੱਡੀ ਦੇ ਲੱਗਭੱਗ ਸਾਰੇ ਡੱਬੇ ਹੀ ਖਾਲੀ ਸਨ। ਬਸ ਇੱਕਾ-ਦੁੱਕਾ ਸਵਾਰੀਆਂ ਸੀਟਾਂ 'ਤੇ ਲੇਟੀਆਂ ਹੋਈਆਂ ਸਨ। ਮੈਂ ਵਾਪਸ ਮੈਡਮ ਪਾਸ ਆਇਆ। ਇੰਨੇ ਨੂੰ ਉਸ ਬੁੱਢੀ ਦੇ ਨਾਲ ਦੀ ਅਧੇੜ ਉਮਰ ਦੀ ਜ਼ਨਾਨੀ ਮੈਨੂੰ ਦਸ ਰੁਪਏ ਦੇਣ ਲੱਗੀ। ਮੈਂ ਆਖਿਆ, "ਇਹ ਕਾਹਦੇ" ਉਹ ਆਖਣ ਲੱਗੀ, "ਚਾਹ ਦੇ"। ਮੈਂ ਕਿਹਾ, "ਮੈਂ ਨਹੀਂ ਲੈਣੇ ਇਹ ਪੈਸੇ".. "ਮੈਂ ਤਾਂ ਚਾਹ ਇਸ ਨੂੰ ਆਪਣੀ ਮਾਸੀ ਸਮਝ ਕੇ ਪਿਲਾਈ ਹੈ"... "ਮੇਰੀ ਮਾਸੀ ਬਠਿੰਡੇ ਦੀ ਸੀ।" ਇਸ 'ਤੇ ਉਸ ਨੇ ਆਖਿਆ, "ਪੁੱਤਰ ਅਸੀਂ ਵੀ ਬਠਿੰਡੇ ਤੋਂ ਹੀ ਹਾਂ "... "ਜੈਪੁਰ ਤੋਂ ਆਏ ਹਾਂ" ਫਿਰ ਉਸ ਨੇ ਕਿਹਾ, "ਚੱਲ ਪੁੱਤ ਇਨ੍ਹਾਂ ਪੈਸਿਆਂ ਦਾ ਮੈਨੂੰ ਇੱਕ ਕੱਪ ਲਿਆ ਦਿਓ।"

ਮੈਂ ਉਸ ਨੂੰ ਚਾਹ ਦਾ ਕੱਪ ਲਿਆ ਕੇ ਫੜਾਇਆ ਤੇ ਆਪਣੇ ਸਾਮਾਨ ਵਾਲਾ ਬੈਗ ਚੁੱਕਿਆ ਤੇ ਮੈਡਮ ਨਾਲ ਸਿੱਧੇ ਗੱਡੀ ਦੇ ਡੱਬੇ ਦਾ ਰੁਖ ਕੀਤਾ। ਇਸ ਦੌਰਾਨ ਮੈਡਮ ਨੇ ਮੈਨੂੰ ਦੱਸਿਆ ਕਿ ਉਹ ਬੁੱਢੀ ਤੁਹਾਨੂੰ ਬਹੁਤ ਅਸੀਸਾਂ ਦੇ ਰਹੀ ਸੀ ਤੇ ਕਹਿ ਰਹੀ ਸੀ "ਰੱਬ ਮੁੰਡੇ ਦਾ ਭਲਾ ਕਰੇ ਮੈਨੂੰ ਚਾਹ ਪਿਲਾ ਗਿਆ...!"

ਇਸ ਤੋਂ ਬਾਅਦ ਅਸੀਂ ਆਪਣੀ ਮਾਲੇਰਕੋਟਲਾ ਜਾਣ ਵਾਲੀ ਗੱਡੀ 'ਚ ਸਵਾਰ ਹੋ ਗਏ। ਸਾਮਾਨ ਸੀਟਾਂ 'ਤੇ ਟਿਕਾ ਲਵੇ ਮੈਡਮ ਨੂੰ ਬਿਠਾ, ਮੈਂ ਪਲੇਟਫਾਰਮ ਤੋਂ ਬ੍ਰਿਜ ਨੂੰ ਪਾਰ ਕਰ ਟਿਕਟ ਖਿੜਕੀ 'ਤੇ ਆਇਆ ਤੇ ਦੋ ਟਿਕਟਾਂ ਮਾਲੇਰਕੋਟਲਾ ਦੀਆਂ ਲੈ ਵਾਪਸ ਗੱਡੀ 'ਚ ਆ ਕੇ ਖਾਲੀ ਪਈ ਸੀਟ 'ਤੇ ਕੱਪੜਾ ਲੈ ਲੇਟ ਗਿਆ ਤੇ ਦੂਜੀ ਸੀਟ 'ਤੇ ਮੈਡਮ ਨੂੰ ਢੂਹੀ ਸਿੱਧੀ ਕਰਨ ਲਈ ਕਿਹਾ।

ਗੱਡੀ ਸਵੇਰੇ ਕਰੀਬ 5.20 ਮਿੰਟ 'ਤੇ ਚੱਲੀ। ਸਾਨੂੰ ਮਾਲੇਰਕੋਟਲਾ ਕਰੀਬ 9.15 ਵਜੇ ਸਵੇਰੇ ਲਗਾ ਦਿੱਤਾ। ਮਾਲੇਰਕੋਟਲਾ ਸਟੇਸ਼ਨ 'ਤੇ ਉਤਰਦੇ ਸਾਰ ਅਸੀਂ ਬਾਹਰ ਆ ਇੱਕ ਈ-ਰਿਕਸ਼ਾ ਕੀਤਾ ਤੇ ਸਾਢੇ ਨੌਂ ਵਜੇ ਨੂੰ ਆਪਣੇ ਘਰ ਆ ਗਏ।

ਵੈਸੇ ਇਹ ਇੱਕ ਹਕੀਕਤ ਹੈ ਕਿ ਇਨਸਾਨ ਜਿੱਥੇ ਮਰਜ਼ੀ ਘੁੰਮ-ਫਿਰ ਆਏ, ਉਸ ਨੂੰ ਹਕੀਕੀ ਸਕੂਨ ਆਪਣੇ ਘਰ 'ਚ ਹੀ ਆ ਕੇ ਮਿਲਦਾ ਹੈ। ਉਂਝ ਮੇਰੇ ਘੁੰਮਣ-ਫਿਰਨ ਜਾਣ ਲਈ ਦਾ ਮਕਸਦ ਰੱਬ ਦੇ ਉਸ ਆਦੇਸ਼ ਦੀ ਪਾਲਣਾ ਕਰਨਾ ਸੀ, ਜਿਹਦੇ 'ਚ ਰੱਬ ਨੇ ਕਿਹਾ ਹੈ ਕਿ ਲੋਕੋ ਦੁਨੀਆ ਨੂੰ ਘੁੰਮ-ਫਿਰ ਕੇ ਵੇਖੋ ਤਾਂ ਕਿ ਤੁਹਾਨੂੰ ਮੇਰੀ ਵਡਿਆਈ ਦਾ ਪਤਾ ਚੱਲੇ। ਉਕਤ ਤਮਾਮ ਮਹਿਲ ਮੁਨਾਰਿਆਂ ਨੂੰ ਵੇਖ ਕੇ ਇਹੋ ਮਹਿਸੂਸ ਹੋਇਆ ਕਿ ਇਸ ਦੁਨੀਆ ਵਿਚ ਸਭ ਕੁੱਝ ਫਾਨੀ (ਨਾਸ਼ਵਾਨ) ਹੈ। ਜੇਕਰ ਕੋਈ ਚੀਜ਼ ਬਾਕੀ ਰਹਿਣ ਵਾਲੀ ਹੈ ਤਾਂ ਉਹ ਸਿਰਫ ਤੇ ਸਿਰਫ ਰੱਬ ਦੀ ਜਾਤ ਹੈ। ਪਤਾ ਨਹੀਂ ਅਸੀਂ ਆਪਣੀ ਤਾਕਤ, ਸੱਤਾ ਤੇ ਧਨ-ਦੌਲਤ ਦੇ ਘੁਮੰਡ ਕਿਉਂ ਇਤਰਾਉਂਦੇ ਫਿਰ ਰਹੇ ਹਾਂ।

ਉਕਤ ਫੇਰੀ ਦੌਰਾਨ ਜੋ ਆਲੀਸ਼ਾਨ ਇਮਾਰਤਾਂ ਵੇਖੀਆਂ, ਉਨ੍ਹਾਂ ਨੂੰ ਵੇਖਣ ਉਪਰੰਤ ਮੈਂ ਇਹੋ ਮਹਿਸੂਸ ਕੀਤਾ ਕਿ ਅੱਜ ਉਨ੍ਹਾਂ ਇਮਾਰਤਾਂ ਨੂੰ ਬਣਵਾਉਣ ਵਾਲਿਆਂ ਦਾ ਕੋਈ ਵਾਲੀ-ਵਾਰਸ ਤੱਕ ਨਜ਼ਰ ਨਹੀਂ ਆਉਂਦਾ।

ਇਸ ਸਭ ਕਾਸੇ ਨੂੰ ਵੇਖ ਮੈਨੂੰ ਇੱਕ ਹਦੀਸ ਯਾਦ ਆ ਗਈ, ਜਿਸ ਵਿਚ ਇਬਨੇ ਉਮਰ (ਰ) ਆਖਦੇ ਹਨ ਕਿ ਅੱਲ੍ਹਾ ਦੇ ਪਿਆਰੇ ਨਬੀ (ਸ) ਨੇ ਫਰਮਾਇਆ : ਅੱਲ੍ਹਾ ਤਾਅਲਾ ਕਿਆਮਤ (ਪਰਲੋ) ਦੇ ਦਿਨ ਆਸਮਾਨਾਂ ਨੂੰ ਲਪੇਟ ਲਵੇਗਾ ਅਤੇ ਉਨ੍ਹਾਂ ਨੂੰ ਸਿੱਧੇ ਹੱਥ (ਸੱਜੇ ਹੱਥ) ਵਿੱਚ ਲੈ ਲਵੇਗਾ, ਫੇਰ ਆਖੇਗਾ ਕਿ ਮੈਂ ਹਾਂ ਬਾਦਸ਼ਾਹ। ਕਿੱਥੇ ਹਨ ਜ਼ੋਰ (ਤਾਕਤ ਰੱਖਣ) ਵਾਲੇ? ਕਿੱਥੇ ਨੇ ਘੁਮੰਡ ਕਰਨ ਵਾਲੇ? ਫੇਰ ਖੱਬੇ ਹੱਥ ਨਾਲ ਧਰਤੀ ਨੂੰ ਲਪੇਟ ਲਵੇਗਾ (ਜਿਹੜਾ ਕਿ ਸੱਜੇ ਹੱਥ ਦੇ ਵਾਂਗੂ ਹੀ ਹੈ ਅਤੇ ਇਸੇ ਤਰ੍ਹਾਂ ਇਕ-ਦੂਜੀ ਹਦੀਸ 'ਚ ਆਉਂਦਾ ਹੈ ਕਿ ਅੱਲ੍ਹਾ ਦੇ ਦੋਵੇਂ ਹੱਥ ਸੱਜੇ ਹਨ) ਫਿਰ ਆਖੇਗਾ ਕਿ ਮੈਂ ਬਾਦਸ਼ਾਹ ਹਾਂ ਕਿੱਥੇ ਨੇ ਜ਼ੋਰ ਵਾਲੇ? ਕਿੱਥੇ ਨੇ ਵਡਿਆਈ ਕਰਨ ਵਾਲੇ?

19-Feb-Sunday.qxd 2/18/2023 9:22 PM Page 2



# ਸਾਡੇ ਲਈ ਪਾਰਟੀ ਪਹਿਲਾਂ ਸੀ, ਜ਼ਿੰਦਗੀ ਬਾਅਦ 'ਚ

# ਕਾਮਰੇਡ ਗੁਰਦੀਪ ਸਿੰਘ ਅਣਖੀ

ਪੈੜਾਂ-2

## ਮੁਲਾਕਾਤੀ-ਅਜਮੇਰ ਸਿੱਧੂ

**? ਅੰਕਲ ਜੀ, ਜੇ ਮੈਂ ਗਲਤ ਨਾ ਹੋਵਾਂ। ਤੁਹਾਡੇ ਸਹੁਰੇ ਵੀ ਰੋਪੜ ਵੱਲ ਹੀ ਹਨ। ਆਂਟੀ ਪ੍ਰੇਮ ਕੌਰ ਨਾਲ ਪ੍ਰੇਮ ਵਿਆਹ ਕਰਵਾਇਆ ਜਾਂ ਫਿਰ....।**

– ਭਰਾਵਾ, ਸਾਡੇ ਵੇਲੇ ਕੁੜੀਆਂ-ਮੁੰਡਿਆਂ ਨੂੰ ਇਸ਼ਕ ਨਹੀਂ ਸੀ ਚੜ੍ਹਦਾ। ਅਸੀਂ ਪਾਰਟੀ ਡਸਿਪਲਿਨ ਵਿੱਚ ਰਹਿੰਦੇ ਸਾਂ। ਸਾਡੇ ਲਈ ਪਾਰਟੀ ਪਹਿਲਾਂ ਸੀ ਤੇ ਆਪਣੀ ਜ਼ਿੰਦਗੀ ਬਾਅਦ ਵਿੱਚ। ਕੈਰੀਅਰ ਬਾਰੇ ਤਾਂ ਸੋਚਿਆ ਹੀ ਨਹੀਂ। ਰਹੀ ਮੇਰੇ ਵਿਆਹ ਦੀ ਗੱਲ। ਸਾਡੇ ਨਾਲ ਕਾਮਰੇਡ ਕੇਸਰ ਸਿੰਘ ਰੋਪੜ ਪਾਰਟੀ ਵਿੱਚ ਕੰਮ ਕਰਦਾ ਸੀ। ਉਹ ਕੱਟੜ ਕਾਮਰੇਡ ਸੀ। ਉਹ ਖੱਤਰੀ ਬਰਾਦਰੀ ਵਿੱਚੋਂ ਸੀ। ਉਦੋਂ ਸਭ ਬਰਾਦਰੀਆਂ ਪਾਰਟੀ ਵਿੱਚ ਸਰਗਰਮ ਹੁੰਦੀਆਂ ਸਨ। ਕੇਸਰ ਸਿੰਘ ਦਾ ਪਰਵਾਰ ਧਾਰਮਿਕ ਸੀ। ਉਹ ਆਪਣੀ ਧੀ ਦਾ ਰਿਸ਼ਤਾ ਇੱਕ ਪਾਠੀ ਨਾਲ ਕਰਨ ਲੱਗੇ ਸਨ। ਨਾ ਉਹ ਬੰਦਾ ਕੇਸਰ ਸਿੰਘ ਨੂੰ ਪਸੰਦ ਸੀ ਤੇ ਨਾ ਹੀ ਉਹਦੀ ਭੈਣ ਨੂੰ। ਕੇਸਰ ਸਿੰਘ ਕਹਿੰਦਾ-'ਮੇਰੀ ਭੈਣ ਦੀ ਜ਼ਿੰਦਗੀ ਖਰਾਬ ਹੋ ਜਾਣੀ ਹੈ। ਤੂੰ ਵਿਆਹ ਕਰਵਾ ਲੈ।' ਨਾ ਰੁਪਈਆ ਮੇਰੇ ਕੋਲ ਸੀ ਤੇ ਨਾ ਕੇਸਰ ਸਿੰਘ ਕੋਲ। ਅਸੀਂ ਵਿਆਹ ਕਰਨ ਦਾ ਫੈਸਲਾ ਕਰ ਲਿਆ। ਮੇਰੇ ਤੇੜ ਪੁਰਾਣੇ ਕੱਪੜੇ ਸਨ। ਉਹ ਵੀ ਵਿਆਹ ਵਾਲੇ ਦਿਨ ਪਾਏ। ਮੈਂ ਤੇ ਸ਼ਮਸ਼ੇਰ ਸਿੰਘ ਜੋਸ਼ ਨਹਿਰ ਵਿੱਚ ਨਹਾਤੇ। ਸਦਾ-ਬਹਾਰ ਗੁਰਦੁਆਰਾ ਸਾਹਿਬ ਪੁੱਜ ਗਏ। ਕੁੜੀ ਵੱਲੋਂ ਕੇਸਰ ਸਿੰਘ ਤੇ ਉਹਨਾਂ ਦਾ ਬਾਪ ਸੀ। ਦੋ ਜਣੇ ਅਸੀਂ ਸੀ। ਆਨੰਦ ਕਾਰਜ ਕਰਕੇ ਪ੍ਰੇਮ ਕੌਰ ਨੂੰ ਪਿੰਡ ਲੈ ਗਿਆ। 23 ਮਾਰਚ 1957 ਨੂੰ ਵਿਆਹ ਹੋਇਆ ਸੀ। ਮੇਰੇ ਘਰ ਦੇ ਕਹਿੰਦੇ-'ਵਹੁਟੀ ਘਰ ਰਹੇਗੀ। ਤੂੰ ਜਿੱਥੇ ਫਿਰਨਾ ਫਿਰੀ ਜਾਹ।' ਫਿਰ ਮੈਨੂੰ ਪਾਰਟੀ ਨੇ ਜਲੰਧਰ ਜ਼ਿਲ੍ਹੇ ਵਿੱਚ ਟਰਾਂਸਫਰ ਕਰ ਦਿੱਤਾ। ਇੱਥੇ ਹਰਬੰਸ ਸਿੰਘ ਪਰਵਾਨੇ ਨਾਲ ਕੰਮ ਕਰਨ ਲੱਗਾ। ਸਾਡੇ ਗਰੁੱਪ ਵਿੱਚ ਬਾਗੀ ਨਾਮਧਾਰੀਏ ਸਨ, ਪਰ ਉਹ ਸੱਚੇ-ਸੁੱਚੇ ਕਮਿਊਨਿਸਟ ਸਨ।




**? ਤੁਸੀਂ ਪਾਰਟੀ ਵਿੱਚ ਕਿਹੜੇ-ਕਿਹੜੇ ਅਹੁਦਿਆਂ 'ਤੇ ਰਹੇ ਹੋ।**

– ਮੈਂ 1950 ਵਿੱਚ ਸੀ ਪੀ ਆਈ ਦਾ ਮੈਂਬਰ ਬਣਿਆ। 1950 ਤੋਂ 1957 ਤੱਕ ਕੁਲਵਕਤੀ ਕਾਰਕੁੰਨ ਵਜੋਂ ਕੰਮ ਕੀਤਾ। 1964 ਵਿੱਚ ਜਦੋਂ ਪਾਰਟੀ ਵਿੱਚ ਫੁੱਟ ਪੈ ਗਈ, ਮੈਂ ਸੀ ਪੀ ਐੱਮ ਨਾਲ ਸਟੈਂਡ ਕਰ ਗਿਆ। ਉਦੋਂ ਹੀ ਮੈਨੂੰ ਸੀ ਪੀ ਐੱਮ ਤਹਿਸੀਲ ਕਮੇਟੀ ਫਿਲੌਰ ਦਾ ਮੈਂਬਰ ਲੈ ਲਿਆ ਗਿਆ। 1966 ਵਿੱਚ ਸ਼ਿਵ ਦਿਆਲ ਦੀ ਫੈਕਟਰੀ ਵਿੱਚ ਮਜ਼ਦੂਰਾਂ ਦੀ ਹੜਤਾਲ ਕਰਵਾਈ ਗਈ ਸੀ। ਬਾਬਾ ਠਾਕੁਰ ਦਾਸ ਕੁਤਬੇਵਾਲ ਮਜ਼ਦੂਰਾਂ ਦੇ ਬਹੁਤ ਤਿੱਖੇ ਆਗੂ ਸਨ। ਉਹਨਾਂ ਦੀ ਅਗਵਾਈ ਹੇਠ 63 ਦਿਨ ਹੜਤਾਲ ਚੱਲੀ। ਕਾ. ਠਾਕੁਰ ਦਾਸ 'ਤੇ ਕੇਸ ਪੈ ਗਿਆ। ਪੁਲਸ ਉਹਨਾ ਨੂੰ ਰਾਹ ਵਿੱਚੋਂ ਹਟਾਉਣਾ ਚਾਹੁੰਦੀ ਸੀ। ਉਹ ਰੂਪੋਸ਼ ਹੋ ਗਏ। ਮਜ਼ਦੂਰਾਂ ਦੀ ਹੜਤਾਲ ਕਾਇਮ ਰੱਖਣ ਲਈ ਗੁਪਤ ਰੂਪ ਵਿੱਚ ਮੈਨੂੰ ਵੀ ਮਜ਼ਦੂਰਾਂ ਦਾ ਲੀਡਰ ਬਣਾ ਦਿੱਤਾ। ਮੈਨੂੰ ਫੈਕਟਰੀ ਦੇ ਬਾਹਰ ਚਾਹ ਦੀ ਦੁਕਾਨ ਪੁਆ ਦਿੱਤੀ। ਮੈਂ ਦੋ ਸਾਲ ਚਾਹ ਦੀ ਦੁਕਾਨ ਕੀਤੀ ਤੇ ਮਜ਼ਦੂਰਾਂ ਦੇ ਘੋਲ ਵਿੱਚ ਹਿਸਾ ਪਾਇਆ। ਇਸ ਪਿੱਛੋਂ ਮੈਨੂੰ ਕਿਸਾਨ ਸਭਾ ਦਾ ਆਗੂ ਬਣਾ ਦਿੱਤਾ ਗਿਆ। ਮੈਂ 1970 ਵਿੱਚ ਪਾਰਟੀ ਦੀ ਜ਼ਿਲ੍ਹਾ ਜਲੰਧਰ ਕਮੇਟੀ ਦਾ ਜ਼ਿਲ੍ਹਾ ਕਮੇਟੀ ਮੈਂਬਰ ਚੁਣਿਆ ਗਿਆ। ਮੈਂ 1970 ਤੋਂ 1999 ਤੱਕ ਜ਼ਿਲ੍ਹਾ ਕਮੇਟੀ ਮੈਂਬਰ ਰਿਹਾ। ਮੈਂ ਸੀ ਪੀ ਐੱਮ ਪੰਜਾਬ (ਪਾਸਲਾ ਗਰੁੱਪ) ਦਾ ਜ਼ਿਲ੍ਹਾ ਜਲੰਧਰ ਦਾ ਸਕੱਤਰ 1996 ਤੋਂ 1999 ਤੱਕ ਰਿਹਾ। ਦੋ ਟਰਮਾਂ ਸਕੱਤਰੇਤ ਮੈਂਬਰ ਰਿਹਾ।

**? ਕਾਮਰੇਡਾਂ ਦੇ ਪੱਲੇ ਪੁਲਸ ਤਸ਼ੱਦਦ, ਧੱਕੇ ਤੇ ਜੇਲ੍ਹਾਂ ਪੈਂਦੇ ਹਨ। ਤੁਸੀਂ ਵੀ ਕਦੇ ਜੇਲ੍ਹ ਗਏ।**

– ਅਕਾਲੀਆਂ ਨੇ ਪੰਜਾਬੀ ਸੂਬਾ ਬਣਾਉਣ ਲਈ ਮੋਰਚਾ ਲਾਇਆ ਸੀ। ਕਮਿਊਨਿਸਟ ਪਾਰਟੀ ਉਹਨਾਂ ਦੀ ਹਮਾਇਤ ਕਰਦੀ ਸੀ। ਪੰਜਾਬੀ ਸੂਬੇ ਦੀ ਹਮਾਇਤ ਵਿੱਚ ਜੇਲ੍ਹ ਭਰੋ ਅੰਦੋਲਨ ਚੱਲਿਆ ਸੀ। ਮੈਂ 1955 ਵਿੱਚ ਦੋ ਮਹੀਨੇ ਅੰਬਾਲਾ ਜੇਲ੍ਹ ਵਿੱਚ ਰਿਹਾ। 1959 ਦਾ ਕਮਿਊਨਿਸਟਾਂ ਦਾ ਖੁਸ਼ਹੈਸੀਅਤੀ ਟੈਕਸ ਵਿਰੁੱਧ ਮੋਰਚਾ ਅੱਜ ਤੱਕ ਦਾ ਬਹੁਤ ਵੱਡਾ ਜਨਤਕ ਉਭਾਰ ਸੀ। ਕਿਸਾਨ ਜਥੇ ਜੇਲ੍ਹਾਂ ਵਿੱਚ ਜਾਂਦੇ ਸਨ। ਮੈਂ ਡੇਢ ਮਹੀਨਾ ਜਲੰਧਰ ਜੇਲ੍ਹ ਵਿੱਚ ਰਿਹਾ। ਮੈਂ ਕਿਸਾਨ ਸਭਾ ਵਿੱਚ ਸਰਗਰਮ ਸੀ। 1970 ਵਿੱਚ ਨਕਸਲੀ ਲਹਿਰ ਜ਼ੋਰਾਂ 'ਤੇ ਸੀ। ਉਹਨਾਂ 'ਜ਼ਮੀਨ ਹਲਵਾਹਕ ਦੀ' ਦਾ ਨਾਅਰਾ ਦਿੱਤਾ ਸੀ। ਕਿਸਾਨ ਸਭਾ ਨੇ ਵੀ ਆਬਾਦਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਦੀ ਮੁਹਿੰਮ ਛੇੜੀ। ਅਸੀਂ ਲਸਾੜੇ ਤੋਂ ਲੈ ਕੇ ਸੰਗੋਵਾਲ (ਬੇਟ ਏਰੀਆ) ਤੱਕ ਫੈਲ ਗਏ। ਅਕਤੂਬਰ 1970 ਵਿੱਚ ਅਸੀਂ ਮੰਡ ਵਿੱਚ ਸਰਗਰਮ ਹੋ ਗਏ। ਅੱਛਾਹੂਰ ਦੇ ਥੱਲੇ ਮੰਡ ਵਿੱਚ ਜ਼ਮੀਨ ਬਹੁਤ ਸੋਹਣੀ ਸੀ। ਇਹ ਕੋਈ 200 ਕੁ ਏਕੜ ਦਾ ਟੁਕੜਾ ਆਬਾਦ ਸੀ। ਇਹ ਜ਼ਮੀਨ ਆਧਰਮੀਆਂ ਅਤੇ ਹੋਰ ਗਰੀਬ ਜਾਤਾਂ ਦੇ ਲੋਕਾਂ ਨੇ ਆਬਾਦ ਕੀਤੀ ਸੀ। ਭਾਜਪਾ ਦਾ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਸਵਰਨਾ ਰਾਮ, ਉਸ ਦਾ ਪਿਓ ਤੇ ਭਰਾ ਵੀ ਇਸ ਵਿੱਚ ਜ਼ਮੀਨ ਸ਼ਾਮਲ ਸੀ। ਉੱਥੇ ਦੋ ਅੰਮ੍ਰਿਤਸਰ ਦੇ ਭਰਾ ਸੰਤੋਖ ਸਿੰਘ ਅਤੇ ਜਿੰਦਾ ਸਿੰਘ ਦੇ 40 ਕੁ ਖੇਤ ਸਨ। ਉਹ ਸਮਗੱਲਿੰਗ ਕਰਦੇ ਸਨ ਤੇ ਇਲਾਕੇ ਵਿੱਚ ਉਹਨਾ ਦੀ ਪੂਰੀ ਬਦਮਾਸ਼ੀ ਸੀ। ਉਹਨਾ ਦਾ ਇੱਕ ਥਾਣੇਦਾਰ ਮਿੱਤਰ ਜਸਵੰਤ ਸਿੰਘ ਫਿਲੌਰ ਆ ਗਿਆ। ਉਨ੍ਹਾ ਨੇ ਥਾਣੇਦਾਰ ਨਾਲ ਮਿਲ ਕੇ 200 ਏਕੜ ਜ਼ਮੀਨ ਹੜੱਪਣ ਦੀ ਸਕੀਮ ਬਣਾ ਲਈ। ਗਰੀਬ ਬੰਦਿਆਂ ਨੇ ਪਤਾ ਨਹੀਂ ਕਿੰਨੇ ਸਾਲ ਲਾ ਕੇ ਜ਼ਮੀਨ ਆਬਾਦ ਕੀਤੀ ਸੀ। ਉਹਨਾ ਇਹਨਾਂ ਗਰੀਬਾਂ ਨਾਲ ਪੰਗਾ ਲੈ ਲਿਆ। ਇਹਨਾਂ ਨੂੰ ਉੱਥੋਂ ਭਜਾਉਣ ਲੱਗੇ। ਉਹਨਾਂ ਸਵਰਨਾ ਰਾਮ ਦੇ ਝਟੇ ਦੇ ਬਰਛਾ ਮਾਰਿਆ। ਉਹ ਹਰ ਰੋਜ਼ ਡਾਂਗ-ਸੋਟਾ ਵਰਤਦੇ। ਮੁਜ਼ਾਹਰਿਆਂ ਵਿੱਚ ਭਗਦੜ ਮਚ ਗਈ। ਛੋਹਲੇ, ਬਜਾੜਾ, ਝੁੱਗੀਆਂ, ਚਾਨ ਚਕ ਪਿੰਡਾਂ ਦੀ ਇਹ ਜ਼ਮੀਨ ਸੀ, ਜਿਹੜੀ ਉਹ ਦੱਬਣੀ ਚਾਹੁੰਦੇ ਸਨ। ਅਸੀਂ ਪੰਜਾਬ ਕਿਸਾਨ ਸਭਾ ਵੱਲੋਂ ਅੱਛਾਹੂਰ ਕਿਸਾਨ ਕਾਨਫਰੰਸ ਰੱਖੀ ਹੋਈ ਸੀ। ਉਸ ਕਾਨਫਰੰਸ ਦੇ ਸੰਬੰਧ ਵਿੱਚ ਉਹਨਾਂ ਪਿੰਡਾਂ ਵਿੱਚ ਮੀਟਿੰਗਾਂ ਕਰਦੇ ਸਨ। ਉਹਨਾਂ ਸਾਨੂੰ ਆਪਣੀ ਸਮੱਸਿਆ ਦੱਸੀ। ਅਸੀਂ ਉਹਨਾਂ ਦੇ ਹੱਕ ਵਿੱਚ ਖੜਨ ਦਾ ਫੈਸਲਾ ਕਰ ਲਿਆ। ਇੱਕ ਵਾਰ ਮੀਟਿੰਗ ਕਰਵਾਉਣ ਗਏ। ਉਨ੍ਹਾ ਫਾਇਰਿੰਗ ਖੋਲ੍ਹ ਦਿੱਤੀ। ਸਾਡਾ ਇੱਕ ਬੰਦਾ ਜ਼ਖਮੀ ਹੋ ਗਿਆ। ਅਸੀਂ ਉਹਨਾਂ ਤੋਂ ਰਫਲ ਖੋਹ ਲਈ। ਜ਼ਖਮੀ ਨੂੰ ਹਸਪਤਾਲ ਦਾਖਲ ਕਰਵਾਇਆ। ਥਾਣੇ 100 ਬੰਦੇ ਦੇ ਜਥੇ ਨੇ ਜਾ ਕੇ ਰਿਪੋਰਟ ਲਿਖਵਾਈ। ਅਗਲੇ ਦਿਨ ਢਾਈ-ਤਿੰਨ ਸੌ ਬੰਦਾ ਥਾਣੇ ਮੋਹਰੇ ਧਰਨਾ ਮਾਰ ਕੇ ਬੈਠ ਗਿਆ। ਇੱਕ ਬੰਦਾ ਗ੍ਰਿਫਤਾਰ ਕਰ ਲਿਆ। ਸੰਤੋਖ ਸਿੰਘ ਤੇ ਜਿੰਦਾ ਸਿੰਘ ਨੇ ਲੋਕਾਂ ਵਿੱਚ ਆ ਕੇ ਮਾਫੀ ਮੰਗ ਲਈ। ਸਮਝੌਤਾ ਹੋ ਗਿਆ। ਅੰਦਰੋਂ-ਅੰਦਰੀਂ ਉਹ ਤਿਆਰੀ ਕਰਨ ਲੱਗੇ। ਅਸੀਂ ਵੀ ਆਪਣੀ ਤਿਆਰੀ ਵਿੱਚ ਰਹੇ। ਉਹਨਾ ਨੇ ਮੁੜ ਆਬਾਦਕਾਰਾਂ 'ਤੇ ਅੱਤਿਆਚਾਰ ਕਰਨਾ ਸ਼ੁਰੂ ਕਰ ਦਿੱਤਾ। 10 ਅਕਤੂਬਰ ਨੂੰ ਆਬਾਦਕਾਰਾਂ ਤੇ ਸੰਤੋਖ ਜਿੰਦੇ ਵਾਲੀ ਧਿਰ ਵਿੱਚ ਟਕਰਾਅ ਹੋ ਗਿਆ। ਆਬਾਦਕਾਰਾਂ ਨੇ ਸੰਤੋਖ ਸਿੰਘ ਤੇ ਜਿੰਦਾ ਸਿੰਘ ਨੂੰ ਮਾਰ ਦਿੱਤਾ। ਅੱਕੇ ਆਬਾਦਕਾਰਾਂ ਨੇ ਸੰਤੋਖ ਸਿੰਘ ਦੇ ਟੁਕੜੇ-ਟੁਕੜੇ ਕਰ ਦਿੱਤੇ। ਪੁਲਸ ਨੇ 9 ਆਬਾਦਕਾਰਾਂ ਦੇ ਸਿਰ ਇਹ ਕਤਲ ਪਾਇਆ। ਉਹਨਾ 'ਤੇ ਪਰਚਾ ਕਰਕੇ ਜੇਲ੍ਹ ਭੇਜ ਦਿੱਤਾ। ਪੁਲਸ ਮੈਨੂੰ ਵੀ ਇਸ ਕੇਸ ਵਿੱਚ ਫਸਾਉਣਾ ਚਾਹੁੰਦੀ ਸੀ, ਪਰ ਅਸੀਂ ਪੰਜਾਬ ਕਿਸਾਨ ਸਭਾ ਵੱਲੋਂ ਇਸ ਕੇਸ ਦੀ ਪੈਰਵਾਈ ਕਰਦੇ ਰਹੇ। ਆਬਾਦਕਾਰ ਢਾਈ ਸਾਲ ਜੇਲ੍ਹ ਵਿੱਚ ਰਹੇ। ਸਭਾ ਨੇ ਉਹਨਾ ਦਾ ਕੇਸ ਲੜਿਆ ਤੇ ਉਹਨਾਂ ਨੂੰ ਰਿਹਾਅ ਕਰਵਾਇਆ। ਇਸ ਸਮੇਂ ਦੌਰਾਨ ਸਾਡੀਆਂ ਪੁਲਸ ਨਾਲ ਟੱਕਰਾਂ ਹੁੰਦੀਆਂ ਰਹੀਆਂ। ਇਸ ਪਿੱਛੋਂ ਐਮਰਜੈਂਸੀ ਦੌਰਾਨ ਸਾਢੇ ਪੰਜ ਸਾਲ ਜੇਲ੍ਹ ਕੱਟੀ। ਬੱਸ ਕਿਰਾਇਆ ਘੋਲ ਵਿੱਚ 3 ਮਹੀਨੇ ਜੇਲ੍ਹ ਕੱਟੀ।

**? ਕਮਿਊਨਿਸਟਾਂ ਨੂੰ ਇਹ ਮਿਹਣਾ ਮਾਰਿਆ ਜਾਂਦਾ ਹੈ ਕਿ ਉਹ ਦਲਿਤ ਦੇ ਸਵਾਲ ਨੂੰ ਹੱਲ ਨਹੀਂ ਕਰ ਸਕੇ। ਜਾਤ-ਪਾਤ ਨੂੰ ਖਤਮ ਕਰਨ ਬਾਰੇ ਉਹਨਾਂ ਸੋਚਿਆ ਹੀ ਨਹੀਂ।**

– ਮੈਂ ਲਾਇਲਪੁਰ ਦੀ ਗੱਲ ਸੁਣਾਉਂਦਾ। ਉਦੋਂ ਨਿਆਣੇ ਸੀ। ਉਦੋਂ ਸਾਡੇ ਪਿੰਡ ਗੁਰੂ ਰਵਿਦਾਸ ਜੀ ਦਾ ਨਵਾਂ-ਨਵਾਂ ਗੁਰਦੁਆਰਾ ਬਣਿਆ ਸੀ। ਗੁਰਪੁਰਬ 'ਤੇ ਨਗਰ ਕੀਰਤਨ ਕੱਢਿਆ। ਉਹਨਾ ਪਿੰਡ ਦੇ ਸਭ ਘਰਾਂ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸਾਡੇ ਗੱਡੇ ਉੱਤੇ ਬੀੜ ਰੱਖ ਕੇ ਜਲੂਸ ਕੱਢਿਆ। ਉਦੋਂ ਜਲੂਸ ਕਹਿੰਦੇ ਹੁੰਦੇ ਸਨ। ਮੈਂ ਚਿਮਟਾ ਵਜਾਇਆ ਸੀ। ਉਹ ਪਤਾਸਿਆਂ ਦਾ ਜਾਂ ਗੁੜ ਵਾਲਾ ਪ੍ਰਸ਼ਾਦਿ ਵੰਡਦੇ ਸਨ। ਜਦੋਂ ਪ੍ਰਸ਼ਾਦਿ ਵੰਡਣਾ, ਸਾਡੇ ਜੱਟਾਂ ਨੇ ਮਲਕ ਦੇਣੀ ਗੁਰਦੁਆਰਾ ਸਾਹਿਬ ਤੋਂ ਉੱਠ ਕੇ ਬਾਹਰ ਆ ਜਾਣਾ। ਜੇ ਪਤਾਸਿਆਂ ਦਾ ਹੋਣਾ, ਲੈ ਲੈਣਾ। ਉਹ ਵੀ ਖਾਣਾ ਨਾ। ਬਾਹਰ ਆ ਕੇ ਕਿਸੇ ਕੁੱਤੇ-ਬਿੱਲੇ ਨੂੰ ਪਾ ਦੇਣਾ। ਮੈਂ ਤੇ ਮੇਰਾ ਚਾਚਾ ਕਰਮ ਸਿੰਘ ਪ੍ਰਸ਼ਾਦਿ ਲੈਂਦੇ ਵੀ ਸਾਂ ਤੇ ਖਾਂਦੇ ਵੀ ਸਾਂ। ਸਾਡਾ ਬਾਬਾ ਗੁਰਬਚਨ ਸਿੰਘ ਹੁੰਦਾ ਸੀ। ਪਿੰਡ ਦੇ ਦਰਵਾਜ਼ੇ ਵਿੱਚ ਬੈਠੇ ਸੀ। ਉਨ੍ਹਾਂ ਕੋਲ ਪਿੰਡ ਦੇ ਜੱਟਾਂ ਨੇ ਸ਼ਿਕਾਇਤ ਕੀਤੀ। 'ਚਮਾਰਾਂ ਦੇ ਗੁਰਦੁਆਰੇ 'ਚੋਂ ਪ੍ਰਸ਼ਾਦ ਖਾ ਕੇ ਆਏ ਹਨ।' ਮੈਨੂੰ ਤੇ ਚਾਚੇ ਨੂੰ ਪੁੱਛਿਆ-'ਪ੍ਰਸ਼ਾਦਿ ਖਾਧਾ?' ਅਸੀਂ ਹਾਂ ਵਿੱਚ ਸਿਰ ਮਾਰਿਆ। 'ਕਿਉਂ ਖਾਧਾ ਪ੍ਰਸ਼ਾਦਿ ਚਮਾਰਾਂ ਦੇ?' ਮੈਂ ਕਿਹਾ 'ਕਿਰਪਾਨ ਭੇਟ ਕੀਤੀ ਸੀ।' ਚਾਚੇ ਨੇ ਕਿਹਾ-'ਅਰਦਾਸ ਵੀ ਹੋਈ ਸੀ'। ਮੈਂ ਕਿਹਾ-'ਉਹ ਪ੍ਰਸ਼ਾਦ ਤਾਂ ਗੁਰੂ ਦਾ ਸੀ। ਬਾਣੀ ਦਾ ਵੀ।' ਸਾਰੇ ਚੁੱਪ ਕਰ ਗਏ। ਬਾਬੇ ਨੇ ਸਾਨੂੰ ਕੋਈ ਸਜ਼ਾ ਨਾ ਸੁਣਾਈ। ਸਾਰੇ ਜੱਟ ਬੋਲੇ-'ਇਹਦੇ ਆਪਣੇ ਆ। ਤਾਂ ਮਾਫ ਕਰ ਦਿੱਤਾ।'

ਇਹ ਮੇਰੇ ਬਚਪਨ ਦੀ ਘਟਨਾ ਹੈ। ਮੇਰੀ ਬਹੁਤੀ ਡਿਊਟੀ ਪਾਰਟੀ ਨੇ ਦਲਿਤਾਂ ਵਿੱਚ ਹੀ ਲਾਈ ਰੱਖੀ ਹੈ। ਉੱਥੇ ਸੌਣਾ, ਉੱਥੇ ਖਾਣਾ-ਪੀਣਾ। ਉਹਨਾ ਨੂੰ ਜਾਗਰੂਕ ਕਰਨਾ। ਮਜ਼ਦੂਰਾਂ ਨੂੰ ਹੱਕਾਂ ਲਈ ਜਾਗ੍ਰਿਤ ਕਰਨਾ। ਕਮਿਊਨਿਸਟ ਪਾਰਟੀ ਵਿੱਚ ਜਾਤ-ਪਾਤ ਦਾ ਮੁੱਦਾ ਅਹਿਮ ਨਹੀਂ ਸੀ। ਇਨਕਲਾਬ ਦਾ ਏਜੰਡਾ ਸੀ। ਕਿਹਾ ਇਹ ਜਾਂਦਾ ਸੀ ਕਿ ਜਦੋਂ ਇਨਕਲਾਬ ਆ ਗਿਆ, ਉਸ ਵੇਲੇ ਜਾਤ-ਪਾਤ ਦੇ ਸਵਾਲ ਨੂੰ ਹੱਲ ਕਰ ਲਿਆ ਜਾਵੇਗਾ। ਪਾਰਟੀ ਦਾ ਫੈਸਲਾ ਸੀ-ਪਹਿਲਾਂ ਝੋਟਾ ਮਾਰ ਦਿਓ। ਝੋਟੇ ਦੀਆਂ ਚੰਮ ਜੂਆਂ ਆਪੇ ਮਰ ਜਾਣਗੀਆਂ। ਇਸ 'ਤੇ ਅਸੀਂ ਲੋਕ ਇਨਕਲਾਬ ਨਹੀਂ ਕਰ ਸਕੇ। ਅਸਫਲ ਹੋਏ ਬੰਦਿਆਂ 'ਤੇ ਕੋਈ ਵੀ ਦੋਸ਼ ਲਾਇਆ ਜਾ ਸਕਦਾ ਹੈ, ਪਰ ਮੈਂ ਇੱਕ ਗੱਲ ਦਾਅਵੇ ਨਾਲ ਕਹਿੰਦਾ ਹਾਂ ਆਦਿ ਧਰਮ ਮੰਡਲ ਸਮਾਜ, ਡਾ. ਅੰਬੇਡਕਰ ਦੀ ਪਾਰਟੀ, ਰਿਪਬਲਿਕਨ ਪਾਰਟੀ, ਡੀ ਐੱਸ ਫੋਰ ਅਤੇ ਬਹੁਜਨ ਸਮਾਜ ਪਾਰਟੀ ਜਾਤ-ਪਾਤ ਨੂੰ ਖਤਮ ਕਰਨ ਦੇ ਨਾਂਅ 'ਤੇ ਪਾਰਟੀਆਂ ਬਣੀਆਂ, ਪਰ ਜਦੋਂ ਦਲਿਤਾਂ ਲਈ ਕਮਿਊਨਸਟਾਂ ਨੇ ਕੀਤਾ, ਇਹ ਪਾਰਟੀਆਂ ਉਹਨਾਂ ਦੇ ਨੇੜੇ-ਤੇੜੇ ਵੀ ਨਹੀਂ ਖੜ੍ਹਦੀਆਂ। ਇਹ ਤਾਂ ਜਦੋਂ ਇਤਿਹਾਸ ਲਿਖਿਆ ਜਾਏਗਾ, ਉਦੋਂ ਸੱਚ ਸਾਹਮਣੇ ਆਵੇਗਾ। ਬਹੁਜਨ ਸਮਾਜ ਪਾਰਟੀ ਨੇ ਜਾਤ ਨੂੰ ਤੋੜਨ ਲਈ ਕੰਮ ਨਹੀਂ ਕੀਤਾ, ਸਗੋਂ ਜਾਤ ਬਣਾਈ ਰੱਖਣਾ ਚਾਹੁੰਦੀ ਹੈ ਤਾਂ ਕਿ ਆਪਣੀ ਵੋਟ ਬੈਂਕ ਬਣਾਈ ਰੱਖੇ। ਮੈਂ ਇੱਕ ਗੱਲ ਜ਼ਰੂਰ ਕਹਾਂਗਾ। ਕਮਿਊਨਿਸਟਾਂ ਨੇ ਮਜ਼ਦੂਰਾਂ/ਦਲਿਤਾਂ ਲਈ ਬਹੁਤ ਕੰਮ ਕੀਤਾ ਹੈ, ਪਰ ਉਹ ਜਾਤ-ਪਾਤ ਦੇ ਸਵਾਲ ਨੂੰ ਹੱਲ ਕੀਤੇ ਤੋਂ ਬਿਨਾਂ ਇਨਕਲਾਬ ਨਹੀਂ ਕਰ ਸਕਦੇ।



**? ਹਿੰਦੁਸਤਾਨ ਵਿੱਚ ਕਮਿਊਨਿਸਟ ਇਨਕਲਾਬ ਕਿਉਂ ਨਹੀਂ ਕਰ ਸਕੇ।**

– ਮੈਨੂੰ ਲੱਗਦਾ ਦੁਨੀਆ ਭਰ ਦੀ ਸਰਮਾਏਦਾਰੀ ਕਮਿਊਨਿਜ਼ਮ ਦੇ ਖਿਲਾਫ ਡਟੀ ਹੋਈ ਹੈ। ਉਹ ਇਹਦੇ ਵਿਰੁੱਧ ਇੱਕਮੁੱਠ ਹੈ। ਇਕੱਠੀ ਹੋ ਕੇ ਪਲੈਨਿੰਗ ਨਾਲ ਕੰਮ ਕਰ ਰਹੀ ਹੈ। ਸੋਵੀਅਤ ਸੰਘ ਟੁੱਟਣ ਤੋਂ ਬਾਅਦ ਇਸ ਦਾ ਅਸਰ ਭਾਰਤੀ ਕਮਿਊਨਿਸਟਾਂ 'ਤੇ ਵੀ ਪਿਆ ਹੈ। ਸਭ ਤੋਂ ਵੱਧ ਨੁਕਸਾਨ ਖੱਬੀਆਂ ਪਾਰਟੀਆਂ ਦੀ ਆਪਸੀ ਸ਼ਰੀਕੇਬਾਜ਼ੀ ਹੈ। ਇਹਨਾਂ ਦੀ ਟੁੱਟ-ਭੱਜ ਵਿੱਚ ਬਹੁਤਾ ਹੱਥ ਸਟੇਟ ਭਾਵ ਕਾਂਗਰਸ ਸਰਕਾਰ ਦਾ ਹੈ, ਪਰ ਆਗੂਆਂ ਦੀ ਆਪਣੀ ਹਾਊਮੈ ਅਤੇ ਚੌਧਰਵਾਦ ਨੇ ਵੀ ਨੁਕਸਾਨ ਪਹੁੰਚਾਇਆ ਹੈ। ਉਂਝ ਗਰੀਬ ਲੋਕਾਂ ਦਾ ਭਵਿੱਖ ਸਮਾਜਵਾਦ ਵਿੱਚ ਹੀ ਹੈ। ਅੱਜ ਜਦੋਂ ਆਮ ਬੰਦੇ ਦੀ ਜ਼ਿੰਦਗੀ ਗੁੰਝਲਦਾਰ ਹੋ ਗਈ ਹੈ ਤੇ ਉਹਦਾ ਜੀਊਣਾ ਮੁਹਾਲ ਹੋ ਗਿਆ ਹੈ ਤਾਂ ਅਜਿਹੀ ਸਥਿਤੀ ਵਿੱਚ ਇਹਦਾ ਮੁਕਾਬਲਾ ਕਮਿਊਨਿਸਟ ਹੀ ਕਰ ਸਕਦੇ ਹਨ। ਕਮਿਊਨਿਸਟਾਂ ਦੀ ਟੁੱਟ-ਭੱਜ ਨੇ ਹੀ ਲੋਕਾਂ ਨੂੰ ਨਿਰਾਸ਼ ਕੀਤਾ ਹੋਇਆ ਹੈ। ਇਸ ਨਿਰਾਸ਼ਾ ਵਿੱਚੋਂ ਹੀ ਲੋਕਾਂ ਨੂੰ ਕੱਢ ਕੇ ਕੁਝ ਕੀਤਾ ਜਾ ਸਕਦਾ ਹੈ।



**? ਦੋਵਾਂ ਕਮਿਊਨਿਸਟ ਪਾਰਟੀਆਂ ਨੇ ਪੰਜਾਬ ਸਮੱਸਿਆ ਵੇਲੇ ਗਲਤ ਨੀਤੀ ਨਹੀਂ ਅਪਣਾਈ? ਮੈਨੂੰ ਲੱਗਦਾ ਇਹਦੇ ਨਾਲ ਵੀ ਤੁਹਾਡਾ ਨੁਕਸਾਨ ਹੋਇਆ।**

– ਅੱਤਵਾਦ ਬਾਰੇ ਸੀ ਪੀ ਐੱਮ ਦੀ ਸਮਝ ਸੀ ਕਿ ਇਹ ਅਮਰੀਕੀ ਸਾਮਰਾਜ ਦੀ ਦੇਣ ਹੈ। ਉਹ ਸਾਡੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨਾ ਚਾਹੁੰਦਾ ਹੈ। ਪਾਰਟੀ ਦੀ ਲਾਈਨ ਸੀ ਕਿ ਅੱਤਵਾਦ ਦਾ ਵਿਰੋਧ ਕਰਨਾ ਸਾਮਰਾਜ ਦਾ ਵਿਰੋਧ ਕਰਨਾ ਹੈ। ਜਿਵੇਂ ਪੇਸ਼ ਕੀਤਾ ਜਾ ਰਿਹਾ ਹੈ, ਇਹ ਸਿੱਖਾਂ ਦੀ ਲੜਾਈ ਨਹੀਂ ਸੀ। ਸਿੱਖ ਤਾਂ ਅਸੀਂ ਵੀ ਹਾਂ। ਇਸ ਸਮੇਂ ਦੌਰਾਨ ਸਭ ਤੋਂ ਵੱਧ ਸਿੱਖਾਂ ਨੂੰ ਹੀ ਕਤਲ ਕੀਤਾ ਗਿਆ ਹੈ। ਮੈਂ ਤੇ ਕਾਮਰੇਡ ਸਰਬਣ ਸਿੰਘ ਚੀਮਾ ਇਕੱਠੇ ਕੰਮ ਕਰਦੇ ਹੁੰਦੇ ਸਾਂ। ਅਸੀਂ ਪਾਰਟੀ ਦੇ ਹੁਕਮ 'ਤੇ ਨਿਰਦੋਸ਼ਾਂ ਦੇ ਕਤਲਾਂ ਦਾ ਵਿਰੋਧ ਕਰ ਰਹੇ ਹਾਂ। ਇਸ ਵਿਰੋਧ ਦਾ ਸਾਨੂੰ ਮੁੱਲ ਤਾਰਨਾ ਪਿਆ। ਇਕੱਲੀ ਸਾਡੀ ਪਾਰਟੀ ਦੇ 300 ਤੋਂ ਵੱਧ ਆਗੂ ਤੇ ਵਰਕਰ ਸ਼ਹੀਦ ਕਰ ਦਿੱਤੇ ਗਏ। ਮੇਰਾ ਭਰਾ ਜਰਨੈਲ ਸਿੰਘ ਫਿਲੌਰ ਟੈਕਸੀ ਚਲਾਉਂਦਾ ਸੀ। ਉੱਥੇ ਅੱਤਵਾਦੀਆਂ ਨੇ ਇੱਕ ਗਰੀਬ ਮੁੰਡਾ ਮਾਰ ਦਿੱਤਾ। ਜਦੋਂ ਉਹਨੂੰ ਮਾਰ ਕੇ ਭੱਜੇ, ਮੇਰੇ ਭਰਾ ਜਰਨੈਲ ਸਿੰਘ ਨੇ ਉਹਨਾਂ ਦੇ ਮਗਰ ਗੱਡੀ ਲਾ ਲਈ। ਉਹ ਹੱਥ ਤਾਂ ਨਾ ਆਏ ਪਰ ਉਹਨਾਂ ਜ਼ਿੱਦ ਰੱਖੀ। 21 ਜੁਲਾਈ 1987 ਨੂੰ ਸਾਡੀ ਪਾਰਟੀ ਦੇ ਆਗੂ ਡਾ. ਗੁਰਦਿਆਲ ਸਿੰਘ ਮੁਠੱਡਾ ਨੂੰ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ ਸੀ। 21 ਜੁਲਾਈ 1989 ਨੂੰ ਉਹਨਾ ਦੀ ਬਰਸੀ ਮਨਾਉਣੀ ਸੀ। ਮੈਂ ਮੁਠੱਡੇ ਤਿਆਰੀ ਕਰਵਾ ਕੇ ਰਾਤ ਨੂੰ (30 ਜੁਲਾਈ) ਪਿੰਡ ਆ ਗਿਆ। ਅੱਤਵਾਦੀਆਂ ਨੇ ਜਰਨੈਲ ਸਿੰਘ ਵਾਲੇ ਘਰ ਹਮਲਾ ਕੀਤਾ। ਦੋ ਜਰਨੈਲ ਦੇ ਮੁੰਡੇ, ਇੱਕ ਹੋਰ ਭਤੀਜਾ ਕੋਠੇ 'ਤੇ ਪਏ ਸਨ ਤੇ ਜਰਨੈਲ ਥੱਲੇ ਵਿਹੜੇ ਵਿੱਚ ਸੁੱਤਾ ਪਿਆ ਸੀ। ਰਾਤ 10 ਕੁ ਵਜੇ ਅੱਤਵਾਦੀ ਆ ਧਮਕੇ। ਤਿੰਨ-ਚਾਰ ਕੋਠੇ 'ਤੇ ਇੱਧਰੋਂ-ਉਧਰੋਂ ਚੜ੍ਹ ਗਏ। ਬਾਕੀ ਅੰਦਰ ਆ ਗਏ। ਉਪਰੋਂ ਇੱਕ ਅੱਤਵਾਦੀ ਨੇ ਥੱਲੇ ਸੁੱਤੇ ਪਏ ਭਰਾ ਦੇ ਬਰਾਸਟ ਮਾਰਿਆ। ਭਤੀਜੇ ਜਾਗ ਪਏ। ਉਹ ਤਿੰਨੋਂ ਉਹਨਾਂ ਨੂੰ ਉਪਰੋਂ ਪੈ ਗਏ। ਜੱਫੇ ਮਾਰ ਲਏ। ਹੇਠਲੇ ਅੱਤਵਾਦੀ ਨੇ ਉਪਰ ਨੂੰ ਬਰਾਸਟ ਮਾਰਿਆ। ਜਰਨੈਲ ਦਾ ਮੁੰਡਾ ਮਹਿੰਦਰ ਸਿੰਘ ਪੱਪੀ ਐੱਸ ਐੱਫ ਆਈ ਦਾ ਕਾਰਕੁੰਨ ਸੀ। ਉਹਦੇ ਬਰਾਸਟ ਲੱਗਾ। ਪਹਿਲੀ ਗੋਲੀ ਨਾਲ ਮੇਰੀ ਜਾਗ ਖੁੱਲ੍ਹ ਗਈ ਸੀ। ਅਸੀਂ ਰਫਲਾਂ ਲੈ ਕੇ ਜਰਨੈਲ ਸਿੰਘ ਦੇ ਘਰ ਵੱਲ ਨੂੰ ਭੱਜ ਗਏ। ਬਾਕੀ ਅੱਤਵਾਦੀ ਤਾਂ ਭੱਜ ਗਏ। ਇੱਕ ਬਿਲਗੇ ਦਾ ਅੱਤਵਾਦੀ ਅਸੀਂ ਢੇਰ ਕਰ ਦਿੱਤਾ। ਮੇਰਾ ਭਰਾ ਤੇ ਭਤੀਜੇ ਬਹੁਤ ਬਹਾਦਰ ਸਨ। ਉਹ ਸੁੱਤੇ ਪਏ ਦੱਬ ਲਏ। ਭਤੀਜਿਆਂ ਨੇ ਬਿਨਾਂ ਹਥਿਆਰਾਂ ਤੋਂ ਬਿਲਗੇ ਵਾਲਾ ਕਾਬੂ ਕਰ ਲਿਆ ਸੀ। ਫਿਰ ਅਸੀਂ ਉਹ ਸੋਧ ਦਿੱਤਾ। ਜਰਨੈਲ ਸਿੰਘ ਤਾਂ ਮੌਕੇ 'ਤੇ ਹੀ ਦਮ ਤੋੜ ਗਿਆ। ਪੱਪੀ 24 ਜੁਲਾਈ ਨੂੰ ਹਸਪਤਾਲ ਵਿੱਚ ਦਮ ਤੋੜ ਗਿਆ। ਹੁਣ ਤੁਸੀਂ ਦੱਸੋ ਅਸੀਂ ਗਰੀਬ ਕਿਸਾਨ ਪਰਵਾਰ ਵਿੱਚ ਜੰਮੇ। ਸਿੱਖੀ ਸਾਡਾ ਵਿਰਸਾ ਹੈ। ਅਸੀਂ ਜਿਨ੍ਹਾਂ ਸਾਰੀ ਉਮਰ ਗਰੀਬ ਮਜ਼ਦੂਰਾਂ, ਕਿਸਾਨਾਂ ਦੇ ਲੇਖੇ ਲਾਈ। ਜੇਲ੍ਹਾਂ ਵੀ ਕੱਟੀਆਂ। ਸਾਨੂੰ ਹੀ ਮਾਰਨ ਪੈ ਗਏ। ਤੁਸੀਂ ਬੁੱਧੀਜੀਵੀ ਲੋਕ ਲਿਖੋ ਇਹ ਲੜਾਈ ਕਿਹੜੀ ਸੀ।

**? ਤੁਸੀਂ ਪੰਜ ਸਾਲ ਸਰਪੰਚੀ ਕੀਤੀ ਹੈ। ਪਾਰਲੀਮਾਨੀ ਰਾਹ ਦੀ ਇਹ ਪਹਿਲੀ ਪੌੜੀ ਹੈ। ਇਹਦਾ ਸੁਆਦ ਮਾਣ ਕੇ ਕੀ ਮਹਿਸੂਸ ਹੋਇਆ ਹੈ।**

–ਮੈਂ 1976 ਤੋਂ 1980 ਤੱਕ ਪਿੰਡ ਕੰਗ ਅਰਾਈਆਂ ਦੀ ਸਰਪੰਚੀ ਕੀਤੀ। ਜਿਵੇਂ ਹੁਣ ਚੋਣਾਂ ਬਹੁਤ ਖਰਚੀਲੀਆਂ ਅਤੇ ਪੈਸੇ ਦੀ ਖੇਡ ਬਣ ਗਈਆਂ ਹਨ। ਉਦੋਂ ਇਦਾਂ ਨਹੀਂ ਸੀ ਹੁੰਦਾ। ਮੈਨੂੰ ਸਰਬ-ਸੰਮਤੀ ਨਾਲ ਸਰਪੰਚ ਚੁਣਿਆ ਗਿਆ ਸੀ। ਇੱਕ ਤੇ ਮੈਂ ਗਰੀਬਾਂ, ਖਾਸ ਕਰਕੇ ਛੋਟੀਆਂ ਬਰਾਦਰੀਆਂ ਦੇ ਹੱਕ ਵਿੱਚ ਖੜ੍ਹਦਾ ਸੀ। ਮੈਂ ਲੋਕਾਂ ਨਾਲ ਥਾਣੇ, ਕਚਹਿਰੀਆਂ ਤੇ ਹੋਰ ਸਰਕਾਰੀ ਦਫਤਰਾਂ ਵਿੱਚ ਜਾਂਦਾ ਸਾਂ। ਕਿਸੇ ਤੋਂ ਸ਼ਰਾਬ ਨਹੀਂ ਪੀਤੀ। ਇੱਥੋਂ ਤੱਕ ਕਿਸੇ ਤੋਂ ਰੋਟੀ ਨਹੀਂ ਖਾਧੀ। ਨਾ ਕਿਸੇ ਅਫਸਰ ਨੂੰ ਵੱਢੀ ਦੁਆਈ। ਕੰਮ ਚਾਹੇ ਹੋਇਆ, ਚਾਹੇ ਨਹੀਂ ਹੋਇਆ। ਮੈਂ ਕੰਮ ਕਰਵਾਉਣ ਜ਼ਰੂਰ ਗਿਆ। ਕਦੇ ਟਾਲਾ ਨਹੀਂ ਵੱਟਿਆ। ਜਿਹੜਾ ਤੇਰਾ ਸਵਾਲ ਸੁਆਦ ਮਾਨਣ ਵਾਲਾ। ਕਮਿਊਨਿਸਟਾਂ ਦੀਆਂ ਪਾਲਸੀਆਂ ਵਿੱਚ ਕਈ ਨੁਕਸ ਹੋ ਸਕਦੇ ਹਨ, ਪਰ ਅੱਜ ਵੀ ਹਿੰਦੁਸਤਾਨ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਰਿਸ਼ਵਤਖੋਰੀ ਵਿੱਚ ਘਿਰ ਜਾਂਦੇ ਹਨ, ਪਰ ਕਦੇ ਕਮਿਊਨਿਸਟਾਂ ਦਾ ਨਾਂਅ ਨਹੀਂ ਆਉਂਦਾ।

**? ਤੁਸੀਂ ਸਾਰੀ ਉਮਰ ਅਮਰੀਕੀ ਸਾਮਰਾਜ ਨੂੰ ਗਾਲ੍ਹਾਂ ਕੱਢੀਆਂ। ਫਿਰ ਇੱਥੇ ਅਮਰੀਕਾ ਕਿਉਂ ਆ ਗਏ? ਅਮਰੀਕਾ ਰਹਿੰਦੇ ਵੀ ਓ ਤੇ ਇਸ ਨੂੰ ਨਿੰਦਦੇ ਵੀ ਓ।**

– ਮੈਂ 68 ਸਾਲ ਦੀ ਉਮਰ ਤੱਕ ਪੰਜਾਬ ਰਿਹਾ। 50 ਸਾਲ ਪਾਰਟੀ ਵਿੱਚ ਕੰਮ ਕੀਤਾ। ਪਾਰਟੀ ਵਿੱਚ 68 ਸਾਲ ਦੀ ਉਮਰ ਤੋਂ ਬਾਅਦ ਰਿਟਾਇਰਮੈਂਟ ਲੈ ਲਈ। ਮੈਂ ਬੇਜ਼ਮੀਨਾ ਕਿਸਾਨ ਹਾਂ। ਮੇਰੇ ਕੋਲ ਰੋਟੀ ਦਾ ਕੋਈ ਵਸੀਲਾ ਨਹੀਂ ਸੀ। ਪੰਜਾਬ ਦੇ ਬਜ਼ੁਰਗ ਬੁਢਾਪੇ ਵਿੱਚ ਆਪਣੇ ਮੁੰਡਿਆਂ ਕੋਲ ਹੀ ਰਹਿੰਦੇ ਹਨ। ਮੇਰਾ ਇੱਕੋ- ਇੱਕ ਲੜਕਾ ਹੈ। ਉਹ ਇੱਥੇ ਅਮਰੀਕਾ ਵਿੱਚ ਵਿਆਹਿਆ ਹੋਇਆ ਹੈ। ਜਿੱਥੇ ਮੁੰਡੇ ਨੇ ਰਹਿਣਾ ਸੀ, ਮੈਂ ਉੱਥੇ ਹੀ ਰਹੂੰਗਾ। ਬਾਕੀ ਸਾਡੀ ਅਮਰੀਕਾ ਦੇ ਲੋਕਾਂ ਨਾਲ ਕੋਈ ਲੜਾਈ ਨਹੀਂ ਹੈ। ਰਾਜ ਕਰਨ ਵਾਲਿਆਂ ਨਾਲ ਹੈ। ਉਹ ਰਹਿਣੀ ਹੈ। ਅਸੀਂ ਸਾਮਰਾਜ ਦੀਆਂ ਗਲਤ ਨੀਤੀਆਂ ਦਾ ਪੰਜਾਬ ਵਿੱਚ ਵੀ ਵਿਰੋਧ ਕਰਦੇ ਸਾਂ ਤੇ ਇੱਥੇ ਵੀ ਕਰਦੇ ਹਾਂ। ਅਸੀਂ ਹਰ ਸ਼ਹਿਰ ਵਿੱਚ ਗਦਰ ਦੇ ਨਾਂਅ 'ਤੇ ਸੰਸਥਾਵਾਂ ਬਣਾਈਆਂ ਹੋਈਆਂ ਹਨ। ਗਦਰੀਆਂ ਦੇ ਨਾਂਅ 'ਤੇ ਹਰ ਸਾਲ ਮੇਲੇ ਲਾਉਂਦੇ ਹਾਂ। ਆਪਣੇ ਵਿਰਸੇ ਨੂੰ ਯਾਦ ਕਰਦੇ ਹਾਂ। ਸਾਮਰਾਜ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਦੇ ਹਾਂ। ਅਸੀਂ ਇੱਥੇ ਮਿਹਨਤ-ਮਜ਼ਦੂਰੀ ਕਰਦੇ ਹਾਂ, ਤਾਂ ਜਾ ਕੇ ਰੋਟੀ ਮਿਲਦੀ ਹੈ। ਹੁਣ ਇਹ ਵੀ ਸਾਡਾ ਦੇਸ਼ ਹੈ। ਜੇ ਇੱਥੇ ਗਲਤ ਹੋ ਰਿਹਾ ਹੈ ਤਾਂ ਉਹਦਾ ਵਿਰੋਧ ਕਰਨਾ ਬਣਦਾ ਹੈ। ਅਮਰੀਕੀ ਲੋਕ ਵੀ ਵਿਰੋਧ ਕਰਦੇ ਹਨ। ਅਸੀਂ ਉਹਨਾਂ ਦਾ ਸਮਰਥਨ ਕਰਦੇ ਹਾਂ।

**? ਕਾਮਰੇਡ ਚਾਹੁੰਦੇ ਹਨ ਕਿ ਨੌਜਵਾਨ ਪੀੜ੍ਹੀ ਅੱਗੇ ਆਵੇ ਤੇ ਦੇਸ਼ ਵਿੱਚ ਇਨਕਲਾਬ ਕਰੇ, ਪਰ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਆਪਣੇ ਬੱਚੇ ਵਿਦੇਸ਼ ਵਿੱਚ ਸੈਟਲ ਕਰ ਲਏ ਹਨ।**

– ਇੱਕ ਕਾਮਰੇਡ ਤਾਂ ਉਹ ਹਨ, ਜਿਹੜੇ ਘਰ ਵਿੱਚ ਡਿਕਟੇਟਰ ਹਨ। ਨਾ ਬੱਚਿਆਂ ਨਾਲ ਰਹਿੰਦੇ ਹਨ ਤੇ ਨਾ ਉਹਨਾਂ ਨਾਲ ਕਮਿਊਨਿਜ਼ਮ ਦੀ ਗੱਲ ਕਰਦੇ ਹਨ। ਉਹ ਉਹਨਾਂ ਨੂੰ ਪਾਰਟੀ ਤੋਂ ਦੂਰ ਰੱਖਦੇ ਹਨ। ਕਿਸੇ ਸਰਗਰਮੀ ਵਿੱਚ ਸ਼ਾਮਲ ਨਹੀਂ ਕਰਦੇ। ਅਜਿਹੇ ਕਾਮਰੇਡਾਂ ਦੀ ਪਹਿਲਾਂ ਤਾਂ ਗਿਣਤੀ ਘੱਟ ਹੁੰਦੀ ਸੀ। ਹੁਣ ਮੈਨੂੰ ਪਤਾ ਨਹੀਂ। ਦਰਅਸਲ ਆਮ ਆਦਮੀ ਕਮਾਉਂਦਾ ਹੈ ਤੇ ਕਮਾਈ ਘਰ ਲੈ ਕੇ ਆਉਂਦਾ ਹੈ। ਉਸ ਨਾਲ ਘਰ ਚੱਲਦੇ ਹਨ। ਖੁਸ਼ਹਾਲ ਹੁੰਦੇ ਹਨ, ਪਰ ਕਾਮਰੇਡਾਂ ਦੀ ਤਰਾਸਦੀ ਇਹ ਹੈ ਕਿ ਉਹ ਪਾਰਟੀ ਕੰਮਾਂ ਵਿੱਚ ਮਸ਼ਰੂਫ ਰਹਿੰਦੇ ਹਨ। ਘਰ ਟਾਈਮ ਦੇ ਨਹੀਂ ਸਕਦੇ। ਨਾ ਹੀ ਘਰ ਉਹਨਾ ਦੀ ਕਮਾਈ ਜਾਂਦੀ ਹੈ। ਆਰਥਕ ਹਾਲਤ ਮਾੜੀ ਹੋ ਜਾਂਦੀ ਹੈ। ਉਹਨਾਂ ਨੂੰ ਕੋਈ ਸੁੱਖ-ਸਹੂਲਤ ਨਹੀਂ ਮਿਲਦੀ। ਪਤਨੀ ਤੇ ਬੱਚੇ ਦੁਖੀ ਹੋ ਜਾਂਦੇ ਹਨ। ਉਹਨਾਂ ਵਿੱਚ ਫਰਾਸਟ੍ਰੇਸ਼ਨ ਆ ਜਾਂਦੀ ਹੈ। ਉਹ ਕਾਮਰੇਡ ਦੇ ਵਿਰੁੱਧ ਹੋ ਜਾਂਦੇ ਹਨ। ਨਫਰਤ ਕਰਦੇ ਹਨ। ਕਿਸੇ ਰਿਸ਼ਤੇਦਾਰ ਦੀ ਮਦਦ ਨਾਲ ਜ਼ਿੰਦਗੀ ਤੋਰਦੇ ਹਨ ਜਾਂ ਵਿਦੇਸ਼ ਨਿਕਲ ਆਉਂਦੇ ਹਨ। ਇਹਦਾ ਮਤਲਬ ਇਹ ਨਹੀਂ ਕਿ ਕਾਮਰੇਡ ਉਹਨਾਂ ਨੂੰ ਜਾਣ-ਬੁੱਝ ਕੇ ਕੱਢਦੇ ਹਨ। ਕਈ ਕਾਮਰੇਡ ਵੀ ਇਹ ਸੋਚਦੇ ਹਨ ਕਿ ਅਸੀਂ ਤਾਂ ਜਿਹੜਾ ਭੱਠ ਝੋਕਣਾ ਸੀ, ਝੋਕ ਲਿਆ। ਇਹ ਆਪਣਾ ਰਾਹ ਆਪ ਤਲਾਸ਼ਣ। ਨਾਲੇ ਇਨਕਲਾਬ ਦਾ ਕੰਮ ਇਕੱਲੇ ਕਾਮਰੇਡਾਂ ਤੇ ਉਹਨਾਂ ਦੇ ਬੱਚਿਆਂ ਦਾ ਥੋੜ੍ਹਾ ਹੈ। ਇਹ ਤਾਂ ਸਾਂਝਾ ਉੱਦਮ ਹੈ।

(**ਸਮਾਪਤ**)



# ਬਾਲ ਕੋਨਾ

## ਵਿਗਿਆਨਕ ਕਵਿਤਾ

### ਪੰਛੀ ਕੀਕੁਣ ਉੱਡਦੇ

ਸੋਚਾਂ ਸੋਚ ਸੋਚ ਕੇ
ਹੋ ਜਾਈਦਾ ਹੈਰਾਨ
ਖੰਭ ਫੈਲਾ ਕੇ ਪੰਛੀ
ਕੀਕੁਣ ਉੱਡਦੇ ਜਾਣ
ਕਿਸ਼ਤੀ ਵਾਂਗੂੰ ਹੁੰਦਾ ਹੈ
ਇਨ੍ਹਾ ਦਾ ਸਰੀਰ
ਲੰਘ ਜਾਂਦੇ ਤਾਂਹੀਓਂ ਪੰਛੀ
ਪੌਣਾਂ ਨੂੰ ਚੀਰ
ਥੈਲੀਆਂ ਫੇਫੜਿਆਂ ਦੀਆਂ
ਵਿੱਚ ਹਵਾ ਭਰ ਲੈਂਦੇ
ਹੌਲਾ ਬਣੇ ਸਰੀਰ
ਉੱਡਣ ਨੂੰ ਖੰਭ ਪੈਂਦੇ
ਖੋਖਲੀਆਂ ਹੱਡੀਆਂ ਵਿੱਚ
ਹੈ ਹੁੰਦੀ ਭਰੀ ਹਵਾ
ਚੁੰਝਾਂ ਅੰਦਰ ਕੁਝ ਨਾ
ਹੁੰਦਾ ਦੰਦਾ ਜੇਹਾ
ਉੱਡਨ ਲਈ ਤਾਕਤ ਪੰਛੀ
ਚੋਗੇ ਤੋਂ ਲੈਂਦੇ
ਤਾਂਹੀਓਂ ਪੰਛੀ ਦਿਨ ਭਰ
ਚੋਗਾ ਚੁਗਦੇ ਰਹਿੰਦੇ
ਬਿੱਠਾਂ ਕਰਦੇ ਰਹਿਣਾ ਹੁੰਦੀ
ਇਨ੍ਹਾ ਦੀ ਮਜਬੂਰੀ
ਉੱਡਣ ਲਈ ਕਰਨਾ ਪੈਂਦਾ
ਹੌਲਾ ਬਦਨ ਜ਼ਰੂਰੀ
ਇਨ੍ਹਾਂ ਦੇ ਰੱਤ ਅੰਦਰ
ਵੱਧ ਲਾਲ ਕਣਿਕਾਵਾਂ
ਵੱਧ ਸਾਹ ਵੱਧ ਊਰਜਾ
ਦੀਆਂ ਲੱਭਦੇ ਰਾਹਵਾਂ
ਪੂਛ ਕਰੇ ਕੰਮ ਜੀਕੂੰ
ਹੁੰਦਾ ਕੋਈ ਰਾਡਾਰ
ਦਿਸ਼ਾ ਬਦਲਦੇ ਪੂਛ ਨਾਲ
ਪੰਛੀ ਪੌਣਾਂ ਵਿਚਕਾਰ
ਖੰਭਾਂ ਥੱਲੇ ਮਾਸਪੇਸ਼ੀਆਂ
ਨੇ ਹੁੰਦੀਆਂ ਤਾਕਤਵਰ
ਖੰਭ ਸੌਖਿਆਂ ਉੱਪਰ ਥੱਲੇ
ਪੰਛੀ ਲੈਂਦੇ ਕਰ
ਹਿੱਲਦੇ-ਜੁਲਦੇ ਖੰਭਾਂ 'ਤੇ
ਖੰਭ ਲੈਂਦੇ ਧਰ
ਹੱਥਾਂ ਦਾ ਕੰਮ ਪੰਛੀ
ਚੁੰਝਾਂ ਤੋਂ ਲੈਂਦੇ
ਆਪਣੇ ਵਜ਼ਨ ਤੋਂ ਵੱਧ
ਹਵਾ ਪਿੱਛੇ ਧੱਕਣ
ਹਵਾ ਦੀ ਪ੍ਰਤੀਕ੍ਰਿਆ ਨਾਲ
ਪੰਛੀ ਉੱਡ ਸਕਣ
ਨਿਊਟਨ ਨਿਯਮ ਦੇ ਗਿਆ
ਖੋਜੀ ਬੜਾ ਮਹਾਨ
ਕ੍ਰਿਆ ਦੀ ਪ੍ਰਤੀਕ੍ਰਿਆ ਹੁੰਦੀ
ਉਲਟ ਤੇ ਇਕ ਸਮਾਨ
ਕਿੰਨਾ ਚੰਗਾ ਹੁੰਦਾ ਜੇ
ਸਾਡੇ ਪਰ ਹੁੰਦੇ
ਮਨਭਾਉਂਦੀਆਂ ਥਾਂਵਾਂ ਘੁੰਮਦੇ
ਰੁੱਖਾਂ ਉੱਤੇ ਘਰ ਹੁੰਦੇ

**— ਹਰੀ ਕ੍ਰਿਸ਼ਨ ਮਾਇਰ**
ਮੋਬਾ. 97806-67686

## ਹਿੰਦੀ ਬਾਲ ਕਹਾਣੀ

### ਦਾਦਾ ਜੀ ਦੀ ਸਿੱਖਿਆ

ਰਾਜੂ ਨੂੰ ਬੜਾ ਗੁੱਸਾ ਆਉਂਦਾ ਸੀ। ਉਹਦੇ ਮੰਮੀ ਪਾਪਾ ਬੜੇ ਪ੍ਰੇਸ਼ਾਨ ਰਹਿੰਦੇ। ਸਕੂਲ, ਆਂਢ-ਗੁਆਂਢ, ਇੱਥੋਂ ਤੱਕ ਕਿ ਆਪਣੇ ਛੋਟੇ ਭਰਾ ਚਿੰਟੂ ਨਾਲ ਵੀ ਉਹਦੀ ਹੱਥੋਪਾਈ ਹੋ ਜਾਂਦੀ ਸੀ।

ਅੱਜ ਵੀ ਇਹੋ ਹੋਇਆ। ਸ਼ਾਮ ਦੇ ਪੰਜ ਵੱਜੇ ਸਨ। ਪਾਪਾ ਬਾਜ਼ਾਰ ਗਏ ਹੋਏ ਸਨ, ਦਾਦਾ ਜੀ ਸੈਰ ਕਰਨ ਚਲੇ ਗਏ, ਮੰਮੀ ਰਸੋਈ ਵਿੱਚ ਰਾਤ ਦੇ ਖਾਣੇ ਦੀ ਤਿਆਰੀ ਕਰ ਰਹੀ ਸੀ। ਛੇ ਸਾਲਾ ਚਿੰਟੂ ਘਰ ਵਿੱਚ ਖੇਡ ਰਿਹਾ ਸੀ। ਰਾਜੂ ਨੇ ਆਪਣਾ ਬੈਟ ਚੁੱਕਿਆ ਅਤੇ ਬਾਹਰ ਚਲਾ ਗਿਆ।

ਪਰ ਪੰਦਰਾਂ ਮਿੰਟਾਂ ਪਿੱਛੋਂ ਹੀ ਘਰ ਵਿੱਚ ਤੂਫਾਨ ਆ ਗਿਆ। ਰਾਜੂ ਗੁੱਸੇ ਵਿੱਚ ਪੈਰ ਮਾਰਦਾ ਘਰੇ ਆਇਆ, ਚਿੰਟੂ ਨੂੰ ਧੱਕਾ ਮਾਰਿਆ। ਚਿੰਟੂ ਡਿੱਗ ਪਿਆ ਅਤੇ ਦਰਦ ਨਾਲ ਚੀਕਣ ਲੱਗਾ। ਰਾਜੂ ਨੇ ਜ਼ੋਰ ਨਾਲ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕੀਤਾ। ਕਮਰੇ ਦੇ ਅੰਦਰੋਂ ਚੀਜ਼ਾਂ ਸੁੱਟਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਮੰਮੀ ਦੌੜ ਕੇ ਆਈ। ਉਨ੍ਹਾਂ ਨੇ ਲਗਾਤਾਰ ਦਰਵਾਜ਼ਾ ਖੜਕਾਇਆ, ਬਹੁਤ ਆਵਾਜ਼ਾਂ ਮਾਰੀਆਂ, ਪਰ ਰਾਜੂ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਏਧਰ ਚਿੰਟੂ ਉੱਚੀ-ਉੱਚੀ ਰੋ ਰਿਹਾ ਸੀ। ਮੰਮੀ ਉਹਨੂੰ ਚੁੱਪ ਕਰਾਉਣ ਗਈ। ਇੰਨੇ ਵਿੱਚ ਪਾਪਾ ਬਾਜ਼ਾਰੋਂ ਮੁੜ ਆਏ, ਦਾਦਾ ਜੀ ਵੀ ਸੈਰ ਤੋਂ ਪਰਤ ਆਏ। ਸਾਰੇ ਜਣੇ ਘਰ ਵਿੱਚ ਰੌਲੇ-ਰੱਪੇ ਨੂੰ ਸੁਣ ਕੇ ਘਬਰਾ ਗਏ। ਮੰਮੀ ਨੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤਾਂ ਉਹ ਦੋਵੇਂ ਰਾਜੂ ਦੇ ਕਮਰੇ ਵੱਲ ਦੌੜੇ, ਪਰ ਰਾਜੂ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਸਭ ਨੂੰ ਚਿੰਤਾ ਹੋ ਰਹੀ ਸੀ ਕਿ ਰਾਜੂ ਠੀਕ-ਠਾਕ ਹੋਵੇ। ਸਮਾਂ ਲੰਘਦਾ ਜਾ ਰਿਹਾ ਸੀ, ਚਿੰਤਾ ਵਧਦੀ ਜਾ ਰਹੀ ਸੀ। ਦਾਦਾ ਜੀ ਨੇ ਸਭ ਨੂੰ ਦੂਜੇ ਕਮਰੇ ਵਿੱਚ ਜਾਣ ਨੂੰ ਕਿਹਾ। ਉਨ੍ਹਾਂ ਨੇ ਬੜੇ ਪਿਆਰ ਨਾਲ ਰਾਜੂ ਨੂੰ ਕਿਹਾ, "ਰਾਜੂ, ਦਰਵਾਜ਼ਾ ਖੋਲ੍ਹ ਬੇਟੇ! ਬੱਚੇ ਡਰ ਨਾ! ਏਥੇ ਹੋਰ ਕੋਈ ਨਹੀਂ ਹੈ। ਦਰਵਾਜ਼ਾ ਖੋਲ੍ਹ! ਤੂੰ ਮੈਨੂੰ ਪਿਆਰ ਕਰਦਾ ਹੈਂ ਨਾ...!" ਰਾਜੂ ਨੇ ਝੱਟ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਦਾਦਾ ਜੀ ਦੇ ਗਲੇ ਲੱਗ ਗਿਆ।

ਕਮਰੇ ਦੇ ਅੰਦਰਲਾ ਦ੍ਰਿਸ਼ ਵੇਖ ਕੇ ਦਾਦਾ ਜੀ ਹੈਰਾਨ ਰਹਿ ਗਏ। ਕਮਰੇ ਦੀਆਂ ਸਾਰੀਆਂ ਚੀਜ਼ਾਂ ਏਧਰ-ਓਧਰ ਖਿੱਲਰੀਆਂ ਪਈਆਂ ਸਨ। ਦਾਦਾ ਜੀ ਨੇ ਉਹਨੂੰ ਕੁਝ ਨਾ ਕਿਹਾ। ਉਨ੍ਹਾਂ ਨੇ ਰਾਜੂ ਨੂੰ ਪਿਆਰ ਨਾਲ ਪੁੱਛਿਆ, "ਬੇਟਾ, ਅੱਜ ਕੀ ਹੋਇਆ ਸੀ? ਕਿਸੇ ਨੇ ਤੈਨੂੰ ਕੁਝ ਕਿਹੈ?" ਰਾਜੂ ਗੁੱਸੇ ਵਿੱਚ ਬੋਲਿਆ, "ਮੈਨੂੰ ਤਾਂ ਸਾਰੇ ਪ੍ਰੇਸ਼ਾਨ ਕਰਦੇ ਨੇ, ਦਾਦਾ ਜੀ। ਕੋਈ ਮੇਰੇ ਨਾਲ ਖੇਡਣਾ ਨਹੀਂ ਚਾਹੁੰਦਾ। ਚੀਟਿੰਗ ਕਰਕੇ ਗੇਮ 'ਚੋਂ ਕੱਢ ਦਿੰਦੇ ਨੇ। ਪਾਰਕ ਵਾਲੇ ਦੋਸਤਾਂ ਨੇ ਵੀ ਚੀਟਿੰਗ ਕੀਤੀ। ਮੈਨੂੰ ਗੁੱਸਾ ਆ ਗਿਆ। ਮੈਂ ਵੀ ਉਨ੍ਹਾਂ ਦੀਆਂ ਵਿਕਟਾਂ ਉਖਾੜ ਦਿੱਤੀਆਂ ਅਤੇ ਘਰੇ ਆ ਗਿਆ।"

ਦਾਦਾ ਜੀ ਨੇ ਅਚਾਨਕ ਪੁੱਛਿਆ, "ਤੇਰੀ ਲੜਾਈ ਤਾਂ ਉਨ੍ਹਾਂ ਨਾਲ ਹੋਈ, ਪਰ ਧੱਕਾ ਆਪਣੇ ਭਰਾ ਚਿੰਟੂ ਨੂੰ ਕਿਉਂ ਦਿੱਤਾ?" ਰਾਜੂ ਸ਼ਰਮਿੰਦਾ ਹੋ ਗਿਆ। ਬੋਲਿਆ, "ਮੈਨੂੰ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਬੜਾ ਗੁੱਸਾ ਆ ਰਿਹਾ ਸੀ। ਜੀਅ ਕਰਦਾ ਸੀ ਕਿਸੇ ਨੂੰ ਕੁੱਟ ਦਿਆਂ, ਧੱਕਾ ਮਾਰਾਂ, ਡੰਡੇ ਮਾਰਾਂ। ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਮੈਂ ਚਿੰਟੂ ਨੂੰ ਧੱਕਾ ਦੇ ਦਿੱਤਾ ਹੈ।" ਦਾਦਾ ਜੀ ਸ਼ਾਂਤੀ ਨਾਲ ਬੋਲੇ, "ਬੇਟਾ, ਤੇਰੇ ਭਰਾ ਦਾ ਸਿਰ ਕੰਧ ਵਿੱਚ ਵੱਜਿਆ। ਉਹਨੂੰ ਬਹੁਤ ਦਰਦ ਹੋ ਰਿਹਾ ਹੈ। ਉਹ ਬਹੁਤ ਰੋ ਰਿਹਾ ਹੈ।" ਰਾਜੂ ਫਿਰ ਸ਼ਰਮਿੰਦਾ ਹੋਇਆ।

ਦਾਦਾ ਜੀ ਨੇ ਉਹਨੂੰ ਪਿਆਰ ਨਾਲ ਸਮਝਾਇਆ, "ਬੇਟਾ, ਤੂੰ ਆਪ ਸੋਚ, ਗੁੱਸੇ ਨਾਲ ਕਿੰਨੇ ਨੁਕਸਾਨ ਹੁੰਦੇ ਨੇ। ਤੈਨੂੰ ਦੂਜਿਆਂ ਦੀਆਂ ਗੱਲਾਂ ਪਸੰਦ ਨਹੀਂ ਆ ਰਹੀਆਂ। ਤੂੰ ਗੁੱਸਾ ਕਰਦਾ ਹੈਂ, ਉਹ ਤੈਨੂੰ ਛੱਡ ਜਾਂਦੇ ਹਨ। ਚਿੰਟੂ ਤਾਂ ਡਰਿਆ ਰਹਿੰਦਾ ਹੈ, ਉਸ 'ਤੇ ਭੈੜਾ ਅਸਰ ਪੈ ਰਿਹਾ ਹੈ। ਤੇਰੇ ਮੰਮੀ ਪਾਪਾ ਪ੍ਰੇਸ਼ਾਨ ਹੋ ਰਹੇ ਨੇ। ਅਜਿਹੀ ਹਾਲਤ ਵਿੱਚ ਤੂੰ ਇਕੱਲਾ ਰਹਿ ਜਾਵੇਂਗਾ। ਅੱਗੇ ਚੱਲ ਕੇ ਤੈਨੂੰ ਬਹੁਤ ਦੁੱਖ ਹੋਵੇਗਾ। ਤੈਨੂੰ ਨੌਕਰੀ ਵਿੱਚ, ਪਰਵਾਰ ਵਿੱਚ, ਸਮਾਜ ਵਿੱਚ, ਸਭ ਥਾਂ ਸਮੱਸਿਆ ਆਵੇਗੀ... ਤੈਨੂੰ ਇਸ ਗੁੱਸੇ 'ਤੇ ਕਾਬੂ ਪਾਉਣਾ ਹੀ ਪਵੇਗਾ।"

ਰਾਜੂ ਨੂੰ ਦਾਦਾ ਜੀ ਦੀ ਗੱਲ ਸਮਝ ਵਿੱਚ ਆ ਰਹੀ ਸੀ। ਉਹ ਝੱਟ ਬੋਲਿਆ, "ਪਰ ਕਿਵੇਂ ਕਾਬੂ ਪਾਵਾਂ?" ਦਾਦਾ ਜੀ ਨੇ ਸ਼ਾਂਤੀ ਨਾਲ ਕਿਹਾ, "ਵੇਖ, ਜਦੋਂ ਵੀ ਗੁੱਸਾ ਆਵੇ, ਪਹਿਲਾਂ ਪਾਣੀ ਪੀ, ਮਨ ਵਿੱਚ ਗਿਣਤੀ ਸ਼ੁਰੂ ਕਰ। ਨਾਲ-ਨਾਲ ਕੋਈ ਕੰਮ ਕਰਦਾ ਰਹਿ...ਜਿਵੇਂ ਆਪਣੀਆਂ ਕਿਤਾਬਾਂ, ਕੱਪੜਿਆਂ ਦੀ ਅਲਮਾਰੀ ਠੀਕ ਕਰਨੀ, ਜੁੱਤੀਆਂ ਥਾਂ ਸਿਰ ਰੱਖਣੀਆਂ, ਕਮਰਾ ਸਾਫ ਕਰਨਾ ਵਗੈਰਾ...। ਹਾਂ, ਜੇ ਬਹੁਤ ਤੇਜ਼ ਗੁੱਸਾ ਆ ਰਿਹਾ ਹੋਵੇ ਤਾਂ ਬਾਹਰ ਪਾਰਕ ਵਿੱਚ ਜਾ ਕੇ ਦੌੜ ਲਾ, ਬਾਲ ਨੂੰ ਕਿੱਕ ਮਾਰ। ਜਦੋਂ ਗੁੱਸਾ ਠੰਢਾ ਹੋ ਜਾਵੇ, ਫੇਰ ਘਰੇ ਆ। ਮੇਰੇ ਨਾਲ ਜਾਂ ਮੰਮੀ ਪਾਪਾ ਨਾਲ ਆਪਣੇ ਦਿਲ ਦੀ ਗੱਲ ਸ਼ੇਅਰ ਕਰ। ਗੁੱਸੇ 'ਤੇ ਕਾਬੂ ਪਾ ਕੇ ਤੂੰ ਸਭ ਦਾ ਦੋਸਤ ਬਣ ਜਾਵੇਂਗਾ, ਸਕੂਲ ਵਿੱਚ ਚੰਗਾ ਵਿਦਿਆਰਥੀ ਅਤੇ ਘਰ ਵਿੱਚ ਸਭ ਦਾ ਦੁਲਾਰਾ ਬਣ ਜਾਵੇਂਗਾ।"

ਰਾਜੂ ਨੇ ਫਿਰ ਪੁੱਛਿਆ, "ਚਿੰਟੂ ਦਾ ਵੀ?"

"ਹਾਂ, ਚਿੰਟੂ ਦਾ ਵੀ।"

ਸੁਣਦੇ ਸਾਰ ਹੀ ਰਾਜੂ ਉੱਚੀ-ਉੱਚੀ ਹੱਸਣ ਲੱਗਿਆ। ਦਾਦਾ ਜੀ ਨੇ ਵੀ ਹੱਸਦੇ-ਹੱਸਦੇ ਉਹਨੂੰ ਗਲ ਨਾਲ ਲਾ ਲਿਆ।

**ਮੂਲ : ਸੁਮਨ ਓਬਰਾਏ, ਭੋਪਾਲ (ਮੱਧ ਪ੍ਰਦੇਸ਼)**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

## ਸਮਾਂ ਅਨਮੋਲ ਹੈ

ਸਮਾਂ ਅਨਮੋਲ ਹੈ। ਸਾਨੂੰ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਸਾਨੂੰ ਸਮੇਂ ਦੀ ਵਰਤੋਂ ਸਹੀ ਤਰ੍ਹਾਂ ਕਰਨੀ ਚਾਹੀਦੀ ਹੈ; ਨਾ ਕਿ ਸਮੇਂ ਨੂੰ ਬਰਬਾਦ ਕਰਨਾ ਚਾਹੀਦਾ। ਅਸੀਂ ਸਮੇਂ ਨੂੰ ਅਰਬਾਂ-ਕਰੋੜਾਂ ਰੁਪਏ ਨਾਲ ਵੀ ਨਹੀਂ ਖਰੀਦ ਸਕਦੇ। ਸਾਨੂੰ ਮੋਬਾਇਲ ਫੋਨ ਦੀ ਵਰਤੋਂ ਸਕੂਲ ਦੇ ਕੰਮ ਅਤੇ ਪੜ੍ਹਾਈ ਲਈ ਕਰਨੀ ਚਾਹੀਦੀ ਹੈ। ਬਿਨਾਂ ਲੋੜ ਤੋਂ ਮੋਬਾਇਲ ਫੋਨ ਦੀ ਵਰਤੋਂ ਕਰਕੇ ਸਾਡਾ ਕੀਮਤੀ ਸਮਾਂ ਹੀ ਖਰਾਬ ਹੁੰਦਾ ਹੈ। ਜੇਕਰ ਸਾਡੇ ਕੋਲ ਵਾਧੂ ਸਮਾਂ ਹੋਵੇ ਤਾਂ ਸਾਨੂੰ ਚੰਗੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਅਤੇ ਦੂਜਿਆਂ ਦੀ ਮਦਦ ਕਰਨੀ ਚਾਹੀਦੀ ਹੈ। ਸਾਡੇ ਅਧਿਆਪਕ ਜੀ ਵੀ ਸਾਨੂੰ ਸਮੇਂ ਦੀ ਸਹੀ ਵਰਤੋਂ ਕਰਨ ਦੀ ਸਿੱਖਿਆ ਦਿੰਦੇ ਹਨ।

**- ਅੰਜਲੀ,**
ਜਮਾਤ : ਚੌਥੀ,
ਸਰਕਾਰੀ ਪ੍ਰਾਇਮਰੀ ਸਮਾਰਟ
ਸਕੂਲ ਗੰਭੀਰਪੁਰ ਲੋਅਰ